ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

29 ਅਕਤੂਬਰ ਤੋਂ 4 ਨਵੰਬਰ 2025

ਸਾਲ 16ਵਾਂ - ਅੰਕ 44

email : info@sadelok.com
Ph. : 510-706-1300
Fax : 925-373-1300

## ਯੂਬਾ ਸਿਟੀ ਵਿਖੇ 2 ਨਵੰਬਰ ਨੂੰ ਕੱਢੇ ਜਾ ਰਹੇ 46ਵੇਂ ਮਹਾਨ ਨਗਰ ਕੀਰਤਨ ਦੀਆਂ ਵਧਾਈਆਂ

ਸਪੈਸ਼ਲ ਐਡੀਸ਼ਨ ਅੰਦਰ ਪੜ੍ਹੋ




# ਪੂਰੇ ਭਾਰਤ 'ਚ 'ਗੁਰੂ ਚਰਨ ਯਾਤਰਾ' ਦਾ ਭਰਵਾਂ ਸਵਾਗਤ

## ਸੰਗਤਾਂ ਵਲੋਂ ਸ਼ਰਧਾ ਅਤੇ ਸੇਵਾ ਨਾਲ ਕੀਤੇ ਜਾ ਰਹੇ ਪਾਵਨ ਜੋੜੇ ਦੇ ਦਰਸ਼ਨ



ਪ੍ਰਯਾਗਰਾਜ : ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਪਾਵਨ 'ਜੋੜੇ ਸਾਹਿਬ' (ਪਵਿੱਤਰ ਖੜਾਵਾਂ) ਨੂੰ ਲੈ ਕੇ ਸਜਾਈ ਗਈ 'ਚਰਨ ਸੁਹਾਵੇ ਗੁਰੂ ਚਰਨ ਯਾਤਰਾ' ਬੀਤੇ ਦਿਨ (29 ਅਕਤੂਬਰ) ਪ੍ਰਯਾਗਰਾਜ ਪਹੁੰਚੀ। ਇੱਥੇ ਪਹੁੰਚਣ 'ਤੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਨੇ ਯਾਤਰਾ ਦਾ ਬੜੇ ਜੋਸ਼ ਅਤੇ ਸ਼ਰਧਾ ਭਾਵਨਾ ਨਾਲ ਭਰਵਾਂ ਸਵਾਗਤ ਅਤੇ ਦਰਸ਼ਨ ਕੀਤੇ।

ਯਾਤਰਾ ਦੇ ਸਵਾਗਤ ਲਈ ਸੰਗਤਾਂ ਵੱਡੀ ਗਿਣਤੀ ਵਿੱਚ ਇਕੱਠੀਆਂ ਹੋਈਆਂ। ਪਾਵਨ 'ਜੋੜੇ ਸਾਹਿਬ' ਦੇ ਦਰਸ਼ਨਾਂ ਲਈ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਿਆ ਗਿਆ। ਸੰਗਤਾਂ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਅਤੇ ਫੁੱਲਾਂ ਦੀ ਵਰਖਾ ਕਰਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਇਹ ਇਤਿਹਾਸਕ ਯਾਤਰਾ 23 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਮੋਤੀ ਬਾਗ ਸਾਹਿਬ ਤੋਂ ਅਰੰਭ ਹੋਈ ਸੀ। ਇਹ ਯਾਤਰਾ ਵੱਖ-ਵੱਖ ਸ਼ਹਿਰਾਂ ਵਿੱਚੋਂ ਦੀ ਹੁੰਦੀ ਹੋਈ ਪ੍ਰਯਾਗਰਾਜ ਪਹੁੰਚੀ ਹੈ ਅਤੇ 1 ਨਵੰਬਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਵਿਖੇ

(ਦੇਖੋ ਸਫ਼ਾ 24 'ਤੇ)

## ਸ੍ਰ. ਜੁਝਾਰ ਸਿੰਘ ਬਣਿਆ 'ਪਾਵਰ ਸਲੈਪ' ਮੁਕਾਬਲਾ ਜਿੱਤਣ ਵਾਲਾ ਪਹਿਲਾ ਸਿੱਖ




ਸ੍ਰੀ ਚਮਕੌਰ ਸਾਹਿਬ : ਯੂ.ਐਫ.ਐਸ.ਸੀ. ਅਮਰੀਕਾ ਵਲੋਂ ਆਬੂਧਾਬੀ 'ਚ ਕਰਵਾਈ ਪਹਿਲੀ ਪਾਵਰ ਸਲੈਪ ਚੈਂਪੀਅਨਸ਼ਿਪ ਵਿਚ ਸ੍ਰੀ ਚਮਕੌਰ ਸਾਹਿਬ ਦੇ ਨੌਜਵਾਨ ਸਿੱਖ ਖਿਡਾਰੀ ਜੁਝਾਰ ਸਿੰਘ ਟਾਈਗਰ ਨੇ ਰਸ਼ੀਅਨ ਖਿਡਾਰੀ ਐਂਟੀ ਗੁਲਸਕਾ ਨੂੰ

(ਦੇਖੋ ਸਫ਼ਾ 20 'ਤੇ)

## ਅਨੂਪਪੁਰ 'ਚ ਸਿੱਖ ਜੱਜ ਦੇ ਘਰ 'ਤੇ ਹਮਲਾ, ਤਿੰਨ ਵਿਅਕਤੀ ਗ੍ਰਿਫ਼ਤਾਰ

ਅਨੂਪਪੁਰ : ਮੱਧ ਪ੍ਰਦੇਸ਼ ਦੇ ਅਨੂਪਪੁਰ ਜ਼ਿਲ੍ਹੇ ਤੋਂ ਇਕ ਹੈਰਾਨ ਕਰਨ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਕੁੱਝ ਸ਼ਰਾਰਤੀ



ਅਨਸਰਾਂ ਵੱਲੋਂ ਸਿੱਖ ਜੱਜ ਅਮਨਦੀਪ ਸਿੰਘ ਛਾਬੜਾ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਅਤੇ ਉਨ੍ਹਾਂ ਦੀ ਰਿਹਾਇਸ਼ 'ਤੇ

(ਦੇਖੋ ਸਫ਼ਾ 14 'ਤੇ)

## ਕਾਨੂੰਨ ਤੋੜਨ ਵਾਲਿਆਂ ਨੂੰ ਬਖਸ਼ਾਂਗੇ ਨਹੀਂ, ਪਰ ਸਿੱਖ ਭਾਈਚਾਰੇ ਨਾਲ ਵਿਤਕਰਾ ਵੀ ਬਰਦਾਸ਼ਤ ਨਹੀਂ : ਅਮਰੀਕੀ ਸਹਾਇਕ ਅਟਾਰਨੀ ਜਨਰਲ ਹਰਮੀਤ ਕੌਰ ਢਿੱਲੋਂ

(ਵਾਸ਼ਿੰਗਟਨ, ਡੀ.ਸੀ.) : ਅਮਰੀਕਾ ਦੇ ਨਿਆਂ ਵਿਭਾਗ (DOJ) ਵਿੱਚ ਸਭ ਤੋਂ ਸ਼ਕਤੀਸ਼ਾਲੀ ਅਹੁਦਿਆਂ ਵਿੱਚੋਂ



ਇੱਕ, ਸਿਵਲ ਰਾਈਟਸ ਡਿਵੀਜ਼ਨ ਦੀ ਮੁਖੀ, ਸਹਾਇਕ ਅਟਾਰਨੀ ਜਨਰਲ ਹਰਮੀਤ ਕੌਰ ਢਿੱਲੋਂ ਨੇ ਇੱਕ ਦੋ-ਪੱਖੀ ਅਤੇ ਸਖ਼ਤ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਜਿੱਥੇ ਅਮਰੀਕੀ ਕਾਨੂੰਨ ਤੋੜਨ ਵਾਲਿਆਂ ਨਾਲ ਅਦਾਲਤਾਂ ਸਖ਼ਤੀ ਨਾਲ ਨਜਿੱਠਣਗੀਆਂ,

(ਦੇਖੋ ਸਫ਼ਾ 5 'ਤੇ)

## 'ਕੰਗਨਾ ਰਣੌਤ ਨੂੰ ਮੁਆਫ਼ ਨਹੀਂ ਕਰਾਂਗੀ' 82 ਸਾਲਾ ਮਹਿੰਦਰ ਕੌਰ ਨੇ ਕਾਨੂੰਨੀ ਲੜਾਈ ਜਾਰੀ ਰੱਖਣ ਦੀ ਸਹੁੰ ਚੁੱਕੀ!



ਬਠਿੰਡਾ : 82 ਸਾਲ ਦੀ ਉਮਰ ਵਿੱਚ, ਇੱਥੋਂ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਮਹਿੰਦਰ ਕੌਰ ਹੌਲੀ-ਹੌਲੀ ਤੁਰਦੀ ਹੈ, ਖੇਤਾਂ ਵਿੱਚ ਸਾਲਾਂ

(ਦੇਖੋ ਸਫ਼ਾ 18 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, I-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES

M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਾਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉੱਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com


ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111


# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

**RANJIT SINGH**

**VALLEY REAL ESTATE CENTER (OFFICE LIC.: 01392267)**

**68 E 11TH STREET STE 109, TRACY, CA 95376**

**OFFICE : 209-956-1000 CELL : 408-355-5700, GBSINGH84@GMAIL.COM**

# ਟਰੰਪ ਨੇ ਮੋਦੀ ਨੂੰ 'ਬਹੁਤ ਸਖ਼ਤ' ਇਨਸਾਨ ਕਿਹਾ

## ਫਿਰ ਤੋਂ ਭਾਰਤ-ਪਾਕਿਸਤਾਨ ਟਕਰਾਅ ਨੂੰ ਰੋਕਣ ਦਾ ਕੀਤਾ ਦਾਅਵਾ



ਟੋਕੀਓ/ਸਿਓਲ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕੀਤੀ, ਉਨ੍ਹਾਂ ਨੂੰ 'ਬਹੁਤ ਵਧੀਆ', 'ਪ੍ਰਭਾਵਸ਼ਾਲੀ', ਅਤੇ 'ਬਹੁਤ ਸਖ਼ਤ' ਕਿਹਾ। ਦੂਜੇ ਪਾਸੇ, ਭਾਰਤ-ਪਾਕਿਸਤਾਨ ਟਕਰਾਅ 'ਤੇ ਦੁਬਾਰਾ ਟਿੱਪਣੀ ਕਰਦੇ ਹੋਏ, ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਹਾਲ ਹੀ ਵਿੱਚ ਹੋਈ ਫੌਜੀ ਝੜਪ ਨੂੰ ਰੋਕਿਆ ਸੀ।

ਘੰਟੇ ਪਹਿਲਾਂ, ਅਮਰੀਕੀ ਰਾਸ਼ਟਰਪਤੀ ਨੇ ਇਹ ਵੀ ਦਾਅਵਾ ਕੀਤਾ ਸੀ ਕਿ 7 ਤੋਂ 10 ਮਈ ਦੇ ਵਿਚਕਾਰ 'ਆਪ੍ਰੇਸ਼ਨ ਸਿੰਦੂਰ' ਦੌਰਾਨ 'ਸੱਤ ਬਿਲਕੁਲ ਨਵੇਂ' ਜਹਾਜ਼ਾਂ ਨੂੰ ਮਾਰ ਸੁੱਟਿਆ ਗਿਆ ਸੀ। ਦੱਖਣੀ ਕੋਰੀਆ ਦੇ ਗਯੋਂਗਜੂ ਵਿੱਚ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (ਏਪੀਈਸੀ) ਦੇ ਸੀਈਓ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ, ਟਰੰਪ ਨੇ ਕਿਹਾ, 'ਪ੍ਰਧਾਨ ਮੰਤਰੀ ਮੋਦੀ ਇੱਕ ਬਹੁਤ ਵਧੀਆ ਆਦਮੀ ਹਨ। ਉਹ ਇੱਕ ਅਜਿਹਾ ਵਿਅਕਤੀ ਹੈ ਜਿਸ ਨੂੰ ਤੁਸੀਂ ਆਪਣੇ ਪਿਤਾ ਵਜੋਂ ਦੇਖਦੇ ਹੋ। ਉਹ ਬਹੁਤ ਪ੍ਰਭਾਵਸ਼ਾਲੀ ਹੈ। ਉਹ ਬਹੁਤ ਸਖ਼ਤ ਹੈ।' ਟਰੰਪ ਬੁੱਧਵਾਰ ਸਵੇਰੇ ਜਾਪਾਨ ਤੋਂ ਦੱਖਣੀ ਕੋਰੀਆ ਪਹੁੰਚੇ, ਜੋ ਕਿ ਉਨ੍ਹਾਂ ਦੇ ਤਿੰਨ ਦੇਸ਼ਾਂ ਦੇ ਏਸ਼ੀਆਈ ਦੌਰੇ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪ੍ਰਧਾਨ ਮੰਤਰੀ ਮੋਦੀ ਨਾਲ 'ਮਹਾਨ ਸਬੰਧ' ਹਨ ਅਤੇ ਦੁਹਰਾਇਆ ਕਿ ਉਨ੍ਹਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਨੂੰ ਰੋਕਣ ਲਈ ਵਪਾਰ ਦੀ ਵਰਤੋਂ ਕੀਤੀ ਸੀ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ, 'ਮੈਂ ਪ੍ਰਧਾਨ ਮੰਤਰੀ ਮੋਦੀ ਨੂੰ ਫ਼ੋਨ ਕੀਤਾ। ਮੈਂ ਕਿਹਾ, 'ਅਸੀਂ ਤੁਹਾਡੇ ਨਾਲ ਵਪਾਰ ਸਮਝੌਤਾ ਨਹੀਂ ਕਰ ਸਕਦੇ' ਮੋਦੀ ਨੇ ਕਿਹਾ, 'ਨਹੀਂ...ਨਹੀਂ, ਸਾਨੂੰ ਵਪਾਰ ਕਰਨਾ ਚਾਹੀਦਾ ਹੈ' ਮੈਂ ਕਿਹਾ, 'ਨਹੀਂ, ਅਸੀਂ ਨਹੀਂ ਕਰ ਸਕਦੇ। ਤੁਸੀਂ ਪਾਕਿਸਤਾਨ ਨਾਲ ਜੰਗ ਕਰਨ ਜਾ ਰਹੇ ਹੋ। ਫਿਰ ਅਸੀਂ ਦੁਬਾਰਾ ਵਪਾਰ ਨਹੀਂ ਕਰਾਂਗੇ।'

ਜ਼ਿਕਰਯੋਗ ਹੈ ਕਿ ਭਾਰਤ ਨੇ 7 ਮਈ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ। ਇਹ 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਸੀ, ਜਿਸ ਵਿੱਚ 26 ਨਾਗਰਿਕ ਮਾਰੇ ਗਏ ਸਨ। ਭਾਰਤ ਅਤੇ ਪਾਕਿਸਤਾਨ ਚਾਰ ਦਿਨਾਂ ਦੇ ਡਰੋਨ ਅਤੇ ਮਿਜ਼ਾਈਲ ਹਮਲਿਆਂ ਤੋਂ ਬਾਅਦ 10 ਮਈ ਨੂੰ ਟਕਰਾਅ ਨੂੰ ਖਤਮ ਕਰਨ ਲਈ ਸਹਿਮਤ ਹੋਏ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਓਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders

We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ
ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ
DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਜਾਰਜੀਆ 'ਚ 'ਹਿੰਦੂਫੋਬੀਆ' ਬਿੱਲ SBCGE ਖਿਲਾਫ ਵੱਡੀ ਮੁਹਿੰਮ: 19 ਕੌਂਸਲਾਂ 'ਚ ਦਿੱਤੀ ਚੇਤਾਵਨੀ, CoHNA 'ਤੇ ਗੰਭੀਰ ਦੋਸ਼

ਜਾਰਜੀਆ (ਅਮਰੀਕਾ) : 6 ਤੋਂ 28 ਅਕਤੂਬਰ ਤੱਕ ਤਿੰਨ ਹਫ਼ਤਿਆਂ ਦੇ ਇੱਕ ਵੱਡੇ ਦੌਰੇ ਦੌਰਾਨ, ਇੱਕ ਕਾਰਕੁਨ ਨੇ ਜਾਰਜੀਆ ਰਾਜ ਦੀਆਂ 19 ਸਿਟੀ ਕੌਂਸਲਾਂ ਅਤੇ ਕਾਉਂਟੀ ਕਮਿਸ਼ਨਾਂ ਦੇ ਸਾਹਮਣੇ ਪੇਸ਼ ਹੋ ਕੇ ਸੈਨੇਟ ਬਿੱਲ 375 (SBCGE) ਦੇ ਖਿਲਾਫ ਸਖ਼ਤ ਚੇਤਾਵਨੀ ਦਿੱਤੀ ਹੈ। ਇਸ ਮੁਹਿੰਮ ਅਨੁਸਾਰ, ਇਹ ਬਿੱਲ ਉਹ ਨਹੀਂ ਹੈ ਜੋ ਇਸਦੇ ਪ੍ਰਾਯੋਜਕ ਦਾਅਵਾ ਕਰਦੇ ਹਨ, ਬਲਕਿ ਇਹ ਆਲੋਚਕਾਂ ਨੂੰ ਚੁੱਪ ਕਰਾਉਣ ਲਈ ਇੱਕ 'ਕਾਨੂੰਨੀ ਹਥਿਆਰ' ਹੈ।

ਇਹ ਦੌਰਾ ਅਟਲਾਂਟਾ, ਗਵਿਨੇਟ ਕਾਉਂਟੀ, ਕੋਬ ਕਾਉਂਟੀ, ਫੁਲਟਨ ਕਾਉਂਟੀ, ਅਤੇ ਕੋਲੰਬਸ ਸਮੇਤ ਜਾਰਜੀਆ ਦੇ ਪ੍ਰਮੁੱਖ ਸ਼ਹਿਰਾਂ ਅਤੇ ਕਾਉਂਟੀਆਂ ਵਿੱਚ ਕੀਤਾ ਗਿਆ।

**ਬਿੱਲ ਕੀ ਹੈ ਅਤੇ ਵਿਰੋਧ ਕਿਉਂ ?**

ਰਿਪੋਰਟ ਦੇ ਅਨੁਸਾਰ, ਸੈਨੇਟ ਬਿੱਲ 375 ਜਾਰਜੀਆ ਦੀਆਂ ਸਾਰੀਆਂ ਸਰਕਾਰੀ ਏਜੰਸੀਆਂ—ਜਿਵੇਂ ਕਿ ਐਚਆਰ ਵਿਭਾਗ, ਕੋਡ ਇਨਫੋਰਸਮੈਂਟ, ਅਤੇ ਪੁਲਿਸ—ਨੂੰ ਭੇਦਭਾਵ ਦੀਆਂ ਸ਼ਿਕਾਇਤਾਂ ਦੀ ਜਾਂਚ ਕਰਦੇ ਸਮੇਂ 'ਹਿੰਦੂਫੋਬੀਆ ਦੀ ਪਰਿਭਾਸ਼ਾ' 'ਤੇ ਵਿਚਾਰ ਕਰਨ ਲਈ ਮਜਬੂਰ ਕਰਦਾ ਹੈ।

ਮੁਹਿੰਮ ਦੀ ਮੁੱਖ ਦਲੀਲ ਇਹ ਹੈ ਕਿ ਬਿੱਲ ਵਿੱਚ 'ਹਿੰਦੂ ਧਰਮ' ਦੀ ਪਰਿਭਾਸ਼ਾ ਨਹੀਂ ਦਿੱਤੀ ਗਈ ਹੈ। ਇਸ ਦੀ ਬਜਾਏ, ਇਹ 'ਕੋਲੀਸ਼ਨ ਆਫ਼ ਹਿੰਦੂਜ਼ ਆਫ਼ ਨਾਰਥ ਅਮੈਰਿਕਾ' (CoHNA– ਕੋਹਨਾ) ਦੁਆਰਾ ਲਿਖੀ ਗਈ ਪਰਿਭਾਸ਼ਾ ਵੱਲ ਇਸ਼ਾਰਾ ਕਰਦਾ ਹੈ, ਜਿਸ ਸੰਸਥਾ ਨੇ ਇਸ ਬਿੱਲ ਨੂੰ ਲਿਖਿਆ ਹੈ।





**CoHNA 'ਤੇ ਗੰਭੀਰ ਦੋਸ਼**

ਕਾਰਕੁਨ ਨੇ ਕੌਂਸਲਾਂ ਨੂੰ ਦੱਸਿਆ ਕਿ ਜਾਰਜਟਾਊਨ ਯੂਨੀਵਰਸਿਟੀ ਦੀ 'ਬ੍ਰਿਜ ਇਨੀਸ਼ੀਏਟਿਵ' CoHNA ਦੀ ਪਛਾਣ ਇੱਕ ਅਜਿਹੀ ਸੰਸਥਾ ਵਜੋਂ ਕਰਦੀ ਹੈ ਜੋ 'ਹਿੰਦੂ ਰਾਸ਼ਟਰਵਾਦ ਦੇ ਆਲੋਚਕਾਂ ਅਤੇ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਅਤੇ ਈਸਾਈਆਂ 'ਤੇ ਹੁੰਦੇ ਜ਼ੁਲਮ ਨੂੰ ਉਜਾਗਰ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਉਣ' ਲਈ ਜਾਣੀ ਜਾਂਦੀ ਹੈ।

ਇਸ ਤੋਂ ਇਲਾਵਾ, ਰਟਗਰਜ਼ ਯੂਨੀਵਰਸਿਟੀ ਦੇ ਦਸਤਾਵੇਜ਼ਾਂ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਗਿਆ ਕਿ CoHNA ਨੇ ਕਥਿਤ ਤੌਰ 'ਤੇ ਅਕਾਦਮਿਕ ਕਾਨਫਰੰਸਾਂ ਨੂੰ ਬੰਦ ਕਰਵਾਉਣ ਲਈ 1.3 ਮਿਲੀਅਨ (13 ਲੱਖ) ਤਾਲਮੇਲ ਵਾਲੀਆਂ ਈਮੇਲਾਂ ਭੇਜੀਆਂ ਅਤੇ ਵਿਦਵਾਨਾਂ ਵਿਰੁੱਧ ਅਜਿਹੀਆਂ ਮੁਹਿੰਮਾਂ ਦੀ ਅਗਵਾਈ ਕੀਤੀ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਅਤੇ 'ਡੌਕਸਿੰਗ' (ਨਿੱਜੀ ਜਾਣਕਾਰੀ ਜਨਤਕ ਕਰਨਾ) ਦਾ ਸਾਹਮਣਾ ਕਰਨਾ ਪਿਆ।

**ਮੁਹਿੰਮ ਦੀਆਂ ਮੁੱਖ ਦਲੀਲਾਂ**

ਇਸ ਦੌਰੇ ਦੌਰਾਨ ਹਰ ਕੌਂਸਲ ਨੂੰ ਤਿੰਨ ਮੁੱਖ ਗੱਲਾਂ ਦੱਸੀਆਂ ਗਈਆਂ:

1. **ਕਾਨੂੰਨੀ ਦੇਣਦਾਰੀ:** SBCGE ਸਰਕਾਰੀ ਸਟਾਫ ਨੂੰ ਅਣਪਰਿਭਾਸ਼ਿਤ ਕਾਨੂੰਨੀ ਮਾਪਦੰਡਾਂ ਨੂੰ ਲਾਗੂ ਕਰਨ ਲਈ ਮਜਬੂਰ ਕਰੇਗਾ, ਜਿਸ ਨਾਲ ਕਾਰਜਸ਼ੀਲ ਅਤੇ ਦੇਣਦਾਰੀ ਦੀਆਂ ਚੁਣੌਤੀਆਂ ਪੈਦਾ ਹੋਣਗੀਆਂ।
2. **ਸੰਸਥਾ ਦਾ ਏਜੰਡਾ:** ਜਿਸ ਸੰਸਥਾ ਨੇ ਇਹ ਬਿੱਲ ਤਿਆਰ ਕੀਤਾ ਹੈ, ਉਹ ਹਿੰਦੂ ਰਾਸ਼ਟਰਵਾਦ ਦੇ ਆਲੋਚਕਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਮੁਹਿੰਮਾਂ ਨਾਲ ਜੁੜੀ ਹੋਈ ਹੈ, ਜਿਸ ਨਾਲ ਇਹ ਸਵਾਲ ਉੱਠਦਾ ਹੈ ਕਿ ਇਹ ਕਾਨੂੰਨ ਕਿਸ ਦੇ ਹਿੱਤਾਂ ਦੀ ਪੂਰਤੀ ਕਰਦਾ ਹੈ।
3. **'ਕਾਨੂੰਨੀ ਹਥਿਆਰ':** ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਕਿ ਜਦੋਂ ਅਮਰੀਕੀ ਧਰਤੀ 'ਤੇ ਆਲੋਚਕਾਂ (ਜਿਨ੍ਹਾਂ ਵਿੱਚ ਸਿੱਖ ਵੀ ਸ਼ਾਮਲ ਹਨ) ਦੇ ਕਤਲ ਦੀਆਂ ਸਾਜ਼ਿਸ਼ਾਂ ਦੇ ਦੋਸ਼ ਲੱਗ ਰਹੇ ਹਨ, ਤਾਂ ਅਜਿਹੇ ਬਿੱਲ 'ਕਾਨੂੰਨੀ ਹਥਿਆਰ' ਵਜੋਂ ਕੰਮ ਕਰਦੇ ਹਨ ਤਾਂ ਜੋ ਜਾਰਜੀਆ ਦੀਆਂ ਅਦਾਲਤਾਂ ਰਾਹੀਂ ਆਲੋਚਨਾ ਨੂੰ ਦਬਾਇਆ ਜਾ ਸਕੇ।

**ਵੱਖ-ਵੱਖ ਕੌਂਸਲਾਂ ਵਿੱਚ ਖਾਸ ਦਲੀਲਾਂ**

**ਮੁਹਿੰਮ ਨੇ ਵੱਖ-ਵੱਖ ਖੇਤਰਾਂ ਵਿੱਚ ਸਥਾਨਕ ਮੁੱਦਿਆਂ ਅਨੁਸਾਰ ਦਲੀਲਾਂ ਪੇਸ਼ ਕੀਤੀਆਂ:**

– ਜੌਨਸ ਕਰੀਕ (ਸਭ ਤੋਂ ਵੱਡੀ ਭਾਰਤੀ–ਅਮਰੀਕੀ ਆਬਾਦੀ): ਇੱਥੇ ਦੱਸਿਆ ਗਿਆ ਕਿ 'ਇਹ ਬਿੱਲ ਭਾਰਤ ਸਰਕਾਰ ਦੀ ਰਾਜਨੀਤਿਕ ਆਲੋਚਨਾ (ਜਿਵੇਂ ਕਸ਼ਮੀਰ ਜਾਂ ਘੱਟ ਗਿਣਤੀਆਂ ਦੇ ਅਧਿਕਾਰ) ਨੂੰ ਧਾਰਮਿਕ ਨਫ਼ਰਤ ਦੇ ਬਰਾਬਰ ਬਣਾ ਦੇਵੇਗਾ। ਇਸ ਨਾਲ ਰਾਜਨੀਤਿਕ ਭਾਸ਼ਣ ਇੱਕ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਬਣ ਜਾਵੇਗਾ।'

– ਸਟੋਨਕ੍ਰੈਸਟ (91% ਅਸ਼ਵੇਤ ਆਬਾਦੀ): ਇੱਥੇ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ CoHNA ਨੇ ਕੈਲੀਫੋਰਨੀਆ ਵਿੱਚ 'ਜਾਤ' ਨੂੰ ਇੱਕ ਸੁਰੱਖਿਅਤ ਸ਼੍ਰੇਣੀ ਵਜੋਂ ਸ਼ਾਮਲ ਕਰਨ ਦਾ ਵਿਰੋਧ ਕੀਤਾ ਸੀ, ਪਰ ਹੁਣ 'ਹਿੰਦੂਫੋਬੀਆ' ਲਈ ਇੱਕ ਅਸਪਸ਼ਟ ਕਾਨੂੰਨ ਦੀ ਮੰਗ ਕਰ ਰਹੀ ਹੈ, ਜਿਸਦੀ ਦੁਰਵਰਤੋਂ ਆਲੋਚਕਾਂ ਵਿਰੁੱਧ ਕੀਤੀ ਜਾ ਸਕਦੀ ਹੈ।

- **ਕੋਬ ਕਾਉਂਟੀ:** ਇੱਥੇ ਚੇਤਾਵਨੀ ਦਿੱਤੀ ਗਈ ਕਿ ਜੇਕਰ ਜਾਰਜੀਆ ਨੇ ਇਹ ਮਿਸਾਲ ਕਾਇਮ ਕੀਤੀ, ਤਾਂ ਭਵਿੱਖ ਵਿੱਚ ਬੀਜਿੰਗ 'ਸਾਈਨੋਫੋਬੀਆ' (ਚੀਨ ਵਿਰੋਧੀ) ਅਤੇ ਮਾਸਕੋ 'ਰੂਸੋਫੋਬੀਆ' (ਰੂਸ ਵਿਰੋਧੀ) ਦੇ ਨਾਂ 'ਤੇ ਅਜਿਹੇ ਕਾਨੂੰਨਾਂ ਦੀ ਮੰਗ ਕਰ ਸਕਦਾ ਹੈ।

# ਭਾਰਤ ਨਾਲ ਵਪਾਰ ਸਮਝੌਤਾ ਛੇਤੀ : ਟਰੰਪ

## ਅਮਰੀਕੀ ਰਾਸ਼ਟਰਪਤੀ ਨੇ ਮੋਦੀ ਅਤੇ ਮੁਨੀਰ ਦੀ ਕੀਤੀ ਪ੍ਰਸ਼ੰਸਾ

ਟੋਕੀਓ/ਸਿਓਲ : ਰਾਸ਼ਟਰਪਤੀ ਡੋਨਲਡ ਟਰੰਪ ਨੇ ਬੁੱਧਵਾਰ ਨੂੰ ਕਿਹਾ ਕਿ ਅਮਰੀਕਾ ਛੇਤੀ ਹੀ ਭਾਰਤ ਨਾਲ ਵਪਾਰ ਸਮਝੌਤਾ ਕਰ ਰਿਹਾ ਹੈ। ਉਨ੍ਹਾਂ ਦੱਖਣੀ ਕੋਰੀਆ ਦੇ ਗਿਓਂਜੂ 'ਚ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ ਦੇ ਸੀ ਈ ਓ ਸਿਖਰ ਸੰਮੇਲਨ



'ਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪ੍ਰਤੀ ਉਨ੍ਹਾਂ ਦੇ ਮਨ 'ਚ ਬਹੁਤ ਸਨਮਾਨ ਤੇ ਸਨੇਹ ਹੈ ਅਤੇ ਉਹ ਭਾਰਤ ਨਾਲ ਛੇਤੀ ਹੀ ਵਪਾਰ ਸਮਝੌਤਾ ਕਰ ਰਹੇ ਹਨ। ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ, ਜਦੋਂ ਰੂਸੀ ਕੱਚਾ ਤੇਲ ਖ਼ਰੀਦਣ ਕਾਰਨ ਭਾਰਤ 'ਤੇ ਜੁਰਮਾਨੇ ਵਜੋਂ 25 ਫ਼ੀਸਦ ਵਾਧੂ ਟੈਰਿਫ ਥੋਪਿਆ ਗਿਆ ਹੈ। ਟਰੰਪ ਨੇ ਮੋਦੀ ਦੇ ਸੋਹਲੇ ਗਾਉਂਦਿਆਂ ਉਨ੍ਹਾਂ ਨੂੰ 'ਬਹੁਤ ਹੀ ਸ਼ਾਨਦਾਰ', 'ਪ੍ਰਭਾਵਸ਼ਾਲੀ' ਅਤੇ 'ਬੇਹੱਦ ਸਖ਼ਤ' ਸ਼ਖ਼ਸ ਦੱਸਿਆ। ਉਨ੍ਹਾਂ ਭਾਰਤ–ਪਾਕਿਸਤਾਨ ਫ਼ੌਜੀ ਟਕਰਾਅ ਰੋਕਣ ਦਾ ਵੀ ਮੁੜ ਦਾਅਵਾ ਕੀਤਾ। ਇਸ ਤੋਂ ਕੁਝ ਘੰਟੇ ਪਹਿਲਾਂ ਅਮਰੀਕੀ ਰਾਸ਼ਟਰਪਤੀ ਨੇ ਇਹ ਵੀ ਦਾਅਵਾ ਕੀਤਾ ਕਿ 7 ਤੋਂ 10 ਮਈ ਦਰਮਿਆਨ ਅਪਰੇਸ਼ਨ ਸਿੰਧੂਰ ਦੌਰਾਨ ਸੱਤ ਬਿਲਕੁਲ ਨਵੇਂ ਜਹਾਜ਼ ਡੇਗੇ ਗਏ ਸਨ। ਉਂਝ, ਉਨ੍ਹਾਂ ਇਹ ਸਪੱਸ਼ਟ ਨਹੀਂ ਕੀਤਾ ਕਿ ਡੇਗੇ ਗਏ ਜਹਾਜ਼ ਕਿਹੜੇ ਮੁਲਕ ਦੇ ਸਨ। ਸ੍ਰੀ ਟਰੰਪ ਨੇ ਦੱਖਣੀ ਕੋਰੀਆ ਦੇ ਗਿਓਂਜੂ 'ਚ ਏਸ਼ੀਆ-ਪ੍ਰਸ਼ਾਤ ਆਰਥਿਕ ਸਹਿਯੋਗ ਦੇ ਸੀ ਈ ਓ ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਇਹ ਵੀ ਆਖਿਆ ਕਿ ਪ੍ਰਧਾਨ ਮੰਤਰੀ ਮੋਦੀ ਅਜਿਹੇ ਸ਼ਖ਼ਸ ਹਨ ਜਿਨ੍ਹਾਂ 'ਚ ਪਿਤਾ ਵਰਗਾ ਅਕਸ ਦਿਖਾਈ ਦਿੰਦਾ ਹੈ। ਉਨ੍ਹਾਂ ਸ੍ਰੀ ਮੋਦੀ ਨਾਲ ਵਧੀਆ ਸਬੰਧ ਹੋਣ ਦਾ ਦਾਅਵਾ ਕਰਦਿਆਂ ਦੁਹਰਾਇਆ ਕਿ ਉਨ੍ਹਾਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਟਕਰਾਅ ਰੋਕਣ ਲਈ ਵਪਾਰ ਦਾ ਸਹਾਰਾ ਲਿਆ ਸੀ। ਉਨ੍ਹਾਂ ਪਾਕਿਸਤਾਨ ਦੇ ਫੌਜ ਮੁਖੀ ਫੀਲਡ ਮਾਰਸ਼ਲ ਆਸਿਮ ਮੁਨੀਰ ਦੀ ਵੀ ਸ਼ਲਾਘਾ ਕੀਤੀ ਅਤੇ ਉਸ ਨੂੰ 'ਬਿਹਤਰੀਨ ਯੋਧਾ' ਅਤੇ ਵਧੀਆ ਇਨਸਾਨ ਦੱਸਿਆ। ਉਨ੍ਹਾਂ ਕਿਹਾ ਕਿ ਮੋਦੀ ਅਤੇ ਮੁਨੀਰ ਜੰਗ ਲੜਨ ਲਈ ਬਜ਼ਿੱਦ ਸਨ ਪਰ ਦੋਵੇਂ ਮੁਲਕਾਂ ਦੇ ਆਗੂਆਂ ਨੇ ਦੋ ਦਿਨ ਬਾਅਦ ਫੋਨ ਕਰ ਕੇ ਟਕਰਾਅ ਰੋਕਣ ਦੀ ਗੱਲ ਆਖੀ।

# 'ਕਾਨੂੰਨ ਤੋੜਨ ਵਾਲਿਆਂ ਨੂੰ ਬਖਸ਼ਾਂਗੇ ਨਹੀਂ, ਪਰ ਸਿੱਖ ਭਾਈਚਾਰੇ ਨਾਲ ਵਿਤਕਰਾ ਵੀ ਬਰਦਾਸ਼ਤ ਨਹੀਂ' : ਅਮਰੀਕੀ ਸਹਾਇਕ ਅਟਾਰਨੀ ਜਨਰਲ ਹਰਮੀਤ ਕੌਰ ਢਿੱਲੋਂ

(ਵਾਸ਼ਿੰਗਟਨ, ਡੀ.ਸੀ.) : ਅਮਰੀਕਾ ਦੇ ਨਿਆਂ ਵਿਭਾਗ (DOJ) ਵਿੱਚ ਸਭ ਤੋਂ ਸ਼ਕਤੀਸ਼ਾਲੀ ਅਹੁਦਿਆਂ ਵਿੱਚੋਂ ਇੱਕ, ਸਿਵਲ ਰਾਈਟਸ ਡਿਵੀਜ਼ਨ ਦੀ ਮੁਖੀ, ਸਹਾਇਕ ਅਟਾਰਨੀ ਜਨਰਲ ਹਰਮੀਤ ਕੌਰ ਢਿੱਲੋਂ ਨੇ ਇੱਕ ਦੋ–ਪੱਖੀ ਅਤੇ ਸਖ਼ਤ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਜਿੱਥੇ ਅਮਰੀਕੀ ਕਾਨੂੰਨ ਤੋੜਨ ਵਾਲਿਆਂ ਨਾਲ ਅਦਾਲਤਾਂ ਸਖ਼ਤੀ ਨਾਲ ਨਜਿੱਠਣਗੀਆਂ, ਉੱਥੇ ਹੀ ਇਸਦੀ ਆੜ ਹੇਠ ਲੱਖਾਂ ਮਿਹਨਤੀ ਸਿੱਖਾਂ ਵਿਰੁੱਧ ਹੁੰਦੀ ਨਫ਼ਰਤ ਜਾਂ ਵਿਤਕਰੇ ਨੂੰ ਕਤਈ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਕੁਝ ਵਿਅਕਤੀਆਂ ਦੀਆਂ ਕਾਰਵਾਈਆਂ ਕਾਰਨ ਸਮੁੱਚੇ ਸਿੱਖ ਭਾਈਚਾਰੇ ਵਿਰੁੱਧ ਨਫ਼ਰਤੀ ਪ੍ਰਤੀਕਿਰਿਆ (backlash) ਦਾ ਖ਼ਤਰਾ ਬਣਿਆ ਹੋਇਆ ਸੀ।

ਦੋ–ਧਾਰੀ ਤਲਵਾਰ: ਨਿਆਂ ਅਤੇ ਸੁਰੱਖਿਆ

ਹਰਮੀਤ ਢਿੱਲੋਂ ਦਾ ਇਹ ਬਿਆਨ ਇੱਕੋ ਸਮੇਂ 'ਤੇ ਦੋ ਸੰਦੇਸ਼ ਦਿੰਦਾ ਹੈ:

1. **ਅਪਰਾਧੀਆਂ ਲਈ ਚੇਤਾਵਨੀ:** ਉਨ੍ਹਾਂ ਸਾਫ਼ ਕਿਹਾ ਕਿ ਜੋ ਕੋਈ ਵੀ ਅਮਰੀਕੀ ਕਾਨੂੰਨਾਂ ਦੀ ਉਲੰਘਣਾ ਕਰੇਗਾ, ਉਸਨੂੰ ਕਾਨੂੰਨੀ ਪ੍ਰਕਿਰਿਆ ਦਾ ਸਾਹਮਣਾ ਕਰਨਾ ਪਵੇਗਾ। ਨਿਆਂ ਵਿਭਾਗ ਇਸ ਮਾਮਲੇ ਵਿੱਚ ਕੋਈ ਢਿੱਲ ਨਹੀਂ ਵਰਤੇਗਾ।



2. **ਭਾਈਚਾਰੇ ਲਈ ਭਰੋਸਾ:** ਇਸ ਦੇ ਨਾਲ ਹੀ, ਉਨ੍ਹਾਂ ਨੇ ਸਭ ਤੋਂ ਵੱਡਾ ਭਰੋਸਾ ਦਿੰਦਿਆਂ ਕਿਹਾ, 'ਪਰ ਇਸਦੀ ਆੜ ਵਿੱਚ ਲੱਖਾਂ ਮਿਹਨਤੀ ਸਿੱਖਾਂ ਨਾਲ ਵਿਤਕਰਾ, ਧਮਕੀਆਂ ਜਾਂ ਨਫ਼ਰਤ ਕਰਨ ਵਾਲਿਆਂ ਨੂੰ ਕਾਨੂੰਨੀ ਤੌਰ 'ਤੇ ਬਖਸ਼ਿਆ ਨਹੀਂ ਜਾਵੇਗਾ।'

ਇਸ ਬਿਆਨ ਦਾ ਸਿੱਧਾ ਮਤਲਬ ਹੈ ਕਿ ਜੇਕਰ ਕੋਈ ਵਿਅਕਤੀ ਜਾਂ ਸਮੂਹ ਕਿਸੇ ਸਿੱਖ ਨੂੰ ਉਸਦੀ ਦਸਤਾਰ, ਦਾੜ੍ਹੀ, ਧਰਮ ਜਾਂ ਪਛਾਣ ਕਰਕੇ ਨਿਸ਼ਾਨਾ ਬਣਾਉਂਦਾ ਹੈ, ਤਾਂ ਅਮਰੀਕਾ ਦਾ ਸਿਵਲ ਰਾਈਟਸ ਡਿਵੀਜ਼ਨ ਉਸ 'ਤੇ ਸਖ਼ਤ ਕਾਨੂੰਨੀ ਕਾਰਵਾਈ ਕਰੇਗਾ।

**ਕੀ ਹੈ ਸਿਵਲ ਰਾਈਟਸ ਡਿਵੀਜ਼ਨ ?**

ਹਰਮੀਤ ਕੌਰ ਢਿੱਲੋਂ ਜਿਸ ਵਿਭਾਗ ਦੀ ਅਗਵਾਈ ਕਰਦੇ ਹਨ, ਉਹ ਅਮਰੀਕਾ ਦੇ ਆਮ ਨਾਗਰਿਕਾਂ ਲਈ ਸਭ ਤੋਂ ਵੱਡਾ ਕਾਨੂੰਨੀ ਹਥਿਆਰ ਹੈ। ਇਸਦੇ ਮੁੱਖ ਕੰਮ ਹਨ:

- **ਨਫ਼ਰਤੀ ਅਪਰਾਧ (Hate Crimes):** ਧਰਮ, ਨਸਲ ਜਾਂ ਕੌਮੀਅਤ ਦੇ ਅਧਾਰ 'ਤੇ ਕੀਤੇ ਹਮਲਿਆਂ (ਜਿਵੇਂ ਗੁਰਦੁਆਰਿਆਂ ਦੀ ਭੰਨ–ਤੋੜ ਜਾਂ ਦਸਤਾਰਧਾਰੀਆਂ 'ਤੇ ਹਮਲੇ) ਦੀ ਜਾਂਚ ਕਰਨਾ ਅਤੇ ਦੋਸ਼ੀਆਂ 'ਤੇ ਸੰਘੀ (Federal) ਮੁਕੱਦਮੇ ਚਲਾਉਣਾ।
- **ਵਿਤਕਰੇ ਦਾ ਖਾਤਮਾ:** ਨੌਕਰੀਆਂ (Employment), ਘਰ (Housing) ਅਤੇ ਸਿੱਖਿਆ (Education) ਵਿੱਚ ਧਾਰਮਿਕ ਪਛਾਣ ਕਾਰਨ ਹੁੰਦੇ ਹਰ ਤਰ੍ਹਾਂ ਦੇ ਵਿਤਕਰੇ ਨੂੰ ਰੋਕਣਾ।
- ਪੁਲਿਸ ਮਿਸਕੰਡਕਟ: ਜੇਕਰ ਪੁਲਿਸ ਕਿਸੇ ਖਾਸ ਭਾਈਚਾਰੇ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਉਂਦੀ ਹੈ ਤਾਂ ਉਸ ਪੁਲਿਸ ਵਿਭਾਗ ਖਿਲਾਫ਼ ਜਾਂਚ ਕਰਨਾ।

ਇੱਕ ਸਿੱਖ ਔਰਤ ਦਾ ਅਮਰੀਕੀ ਨਿਆਂ ਪ੍ਰਣਾਲੀ ਦੇ ਏਨੇ ਵੱਡੇ ਅਹੁਦੇ 'ਤੇ ਬੈਠ ਕੇ ਆਪਣੇ ਭਾਈਚਾਰੇ ਦੇ ਹੱਕਾਂ ਦੀ ਰੱਖਿਆ ਲਈ ਅਜਿਹਾ ਸ਼ਕਤੀਸ਼ਾਲੀ ਬਿਆਨ ਦੇਣਾ ਇਤਿਹਾਸਕ ਮਹੱਤਵ ਰੱਖਦਾ ਹੈ।

# ਤੀਜੀ ਵਾਰ ਰਾਸ਼ਟਰਪਤੀ ਨਾ ਬਣ ਸਕਣ 'ਤੇ ਟਰੰਪ ਨੇ ਜਤਾਇਆ ਅਫ਼ਸੋਸ

ਡੋਨਾਲਡ ਟਰੰਪ ਨੇ ਤੀਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਨਾ ਬਣ ਸਕਣ ਨੂੰ ਲੈ ਕੇ ਨਿਰਾਸ਼ਾ ਜ਼ਾਹਿਰ ਕੀਤੀ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਕਾਨੂੰਨ ਕਾਰਨ ਉਹ ਅਜਿਹਾ ਨਹੀਂ ਕਰ ਸਕਦੇ। ਟਰੰਪ ਨੇ ਕਿਹਾ, 'ਜੇ ਤੁਸੀਂ ਕਾਨੂੰਨ ਪੜ੍ਹੋ ਤਾਂ ਇਹ ਬਹੁਤ ਸਪੱਸ਼ਟ ਹੈ, ਮੈਨੂੰ ਤੀਜੇ ਕਾਰਜਕਾਲ ਲਈ ਚੋਣ ਲੜਨ ਦੀ ਇਜਾਜ਼ਤ ਨਹੀਂ ਹੈ। ਇਹ ਬਹੁਤ ਬੁਰਾ ਹੈ।'

ਇਸ ਤੋਂ ਪਹਿਲਾਂ ਮੰਗਲਵਾਰ ਨੂੰ ਟਰੰਪ ਤੋਂ 2028 ਦੀਆਂ ਚੋਣਾਂ ਵਿਚ ਉਪ–ਰਾਸ਼ਟਰਪਤੀ ਅਹੁਦੇ ਲਈ ਚੋਣ ਲੜਨ ਬਾਰੇ ਪੁੱਛਿਆ ਗਿਆ ਸੀ। ਇਸ ਬਾਰੇ ਟਰੰਪ ਨੇ ਕਿਹਾ ਕਿ ਉਨ੍ਹਾਂ ਕੋਲ ਅਜਿਹਾ ਕਰਨ ਦੀ ਇਜਾਜ਼ਤ ਹੈ ਪਰ ਉਹ ਅਜਿਹਾ ਨਹੀਂ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਜੇ ਉਹ ਅਜਿਹਾ ਕਰਦੇ ਹਨ ਤਾਂ ਲੋਕ ਇਸ ਨੂੰ ਪਸੰਦ ਨਹੀਂ ਕਰਨਗੇ।



ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਰੂਸ ਤੋਂ ਤੇਲ ਖਰੀਦ ’ਚ ਪੂਰੀ ਤਰ੍ਹਾਂ ਕਟੌਤੀ ਕਰ ਰਿਹਾ ਭਾਰਤ : ਟਰੰਪ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਦਾਅਵਾ ਕੀਤਾ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰਨ ਜਾ ਰਿਹਾ ਹੈ। ਉਨ੍ਹਾਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਭਾਰਤ ਰੂਸੀ ਤੇਲ ਖਰੀਦ ’ਚ ‘ਪੂਰੀ ਤਰ੍ਹਾਂ ਕਟੌਤੀ’ ਕਰ ਰਿਹਾ ਹੈ, ਜਦੋਂ ਕਿ ਚੀਨ ‘ਕਾਫ਼ੀ ਹੱਦ ਤੱਕ’ ਕਟੌਤੀ ਕਰੇਗਾ।

ਜਹਾਜ਼ ‘ਏਅਰ ਫੋਰਸ ਵਨ’ ’ਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਟਰੰਪ ਨੇ ਕਿਹਾ ਕਿ ਭਾਰਤ ਰੂਸੀ ਤੇਲ ਖਰੀਦ ’ਚ ‘ਪੂਰੀ ਤਰ੍ਹਾਂ ਕਟੌਤੀ’ ਕਰ ਰਿਹਾ ਹੈ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਦੌਰਾਨ ਰੂਸੀ ਤੇਲ ਦਾ ਮੁੱਦਾ ਚੁੱਕਣ ਬਾਰੇ ਪੁੱਛੇ ਗਏ ਇਕ ਸਵਾਲ ਦਾ ਜਵਾਬ ਦਿੰਦੇ ਹੋਏ ਟਰੰਪ ਨੇ ਕਿਹਾ ਕਿ ਉਹ ਜਿਨਪਿੰਗ ਨਾਲ ਰੂਸੀ ਤੇਲ ਖਰੀਦ ’ਤੇ ਚਰਚਾ ਕਰ ਸਕਦੇ ਹਨ। ਟਰੰਪ ਨੇ ਕਿਹਾ ਕਿ ਚੀਨ ਰੂਸੀ ਤੇਲ ਖਰੀਦ ’ਚ ‘ਕਾਫ਼ੀ ਹੱਦ ਤੱਕ’ ਕਟੌਤੀ ਕਰ ਰਿਹਾ ਹੈ।

ਅਮਰੀਕੀ ਰਾਸ਼ਟਰਪਤੀ ਅਤੇ ਉਨ੍ਹਾਂ ਦਾ ਪ੍ਰਸ਼ਾਸਨ ਪਿਛਲੇ ਕੁਝ ਦਿਨਾਂ ਤੋਂ ਦਾਅਵਾ ਕਰ ਰਹੇ ਹਨ ਕਿ ਭਾਰਤ ਨੇ ਭਰੋਸਾ ਦਿੱਤਾ ਹੈ ਕਿ ਉਹ ਰੂਸ ਤੋਂ ਆਪਣੀ ਤੇਲ ਦਰਾਮਦ ’ਚ ਰਿਕਾਰਡ ਕਮੀ ਲਿਆਏਗਾ। ਹਾਲਾਂਕਿ, ਭਾਰਤ ਇਹ ਕਹਿੰਦਾ ਰਿਹਾ ਹੈ ਕਿ ਉਸ ਦੀ ਊਰਜਾ ਨੀਤੀ ਉਸ ਦੇ ਆਪਣੇ ਰਾਸ਼ਟਰ ਹਿੱਤਾਂ, ਖਾਸ ਕਰ ਕੇ ਆਪਣੇ ਖਪਤਕਾਰਾਂ ਲਈ ਸਸਤੀ ਅਤੇ ਸੁਰੱਖਿਅਤ ਸਪਲਾਈ ਯਕੀਨੀ ਬਣਾਉਣ ਤੋਂ ਪ੍ਰੇਰਿਤ ਹੈ। ਅਮਰੀਕਾ ਦਾ ਦਾਅਵਾ ਹੈ ਕਿ ਭਾਰਤ ਮਾਸਕੋ ਤੋਂ ਕੱਚਾ ਤੇਲ ਖਰੀਦ ਕੇ ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਦੀ ਯੂਕ੍ਰੇਨ ਜੰਗ ਦੀ ਫੰਡਿੰਗ ’ਚ ਮਦਦ ਕਰ ਰਿਹਾ ਹੈ।

# ਟਰੰਪ ਨੇ ਕੀਤੀ ਐਲਨ ਮਸਕ ਦੀ ਤਾਰੀਫ਼, ਦੱਸਿਆ ਚੰਗਾ ਤੇ ਬੁੱਧੀਮਾਨ ਵਿਅਕਤੀ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟੈਸਲਾ ਦੇ ਸੰਸਥਾਪਕ ਅਤੇ ਉਨ੍ਹਾਂ ਦੇ ਲੰਬੇ ਸਮੇਂ ਤੋਂ ਸਹਿਯੋਗੀ ਐਲਨ ਮਸਕ ਦੀ ਤਾਰੀਫ ਕੀਤੀ ਹੈ। ਉਨ੍ਹਾਂ ਕਿਹਾ ਕਿ ਮਸਕ ਇਕ ਬਹੁਤ ਵਧੀਆ ਅਤੇ ਯੋਗ ਵਿਅਕਤੀ ਹੈ। ਉਨ੍ਹਾਂ ਕਿਹਾ ਕਿ ਐਲਨ ਇਕ ਚੰਗਾ ਵਿਅਕਤੀ ਅਤੇ ਬਹੁਤ ਬੁੱਧੀਮਾਨ ਹੈ। ਮੈਨੂੰ ਉਹ ਪਸੰਦ ਹੈ ਅਤੇ ਮੈਨੂੰ ਲੱਗਦਾ ਹੈ ਕਿ ਮੈਂ ਹਮੇਸ਼ਾ ਉਸ ਨੂੰ ਪਸੰਦ ਕਰਦਾ ਰਹਾਂਗਾ।

ਟਰੰਪ ਅਤੇ ਮਸਕ ਦੇ ਬਹੁਤ ਚੰਗੇ ਰਿਸ਼ਤੇ ਸਨ ਪਰ ਜੂਨ 2025 ਵਿਚ ਉਨ੍ਹਾਂ ਦਾ ‘ਵਨ ਬਿੱਗ ਬਿਊਟੀਫੁਲ ਬਿੱਲ’ ਨੂੰ ਲੈ ਕੇ ਝਗੜਾ ਹੋ ਗਿਆ ਸੀ। ਮਸਕ ਨੇ ਟਰੰਪ ਨੂੰ ਨਾਸ਼ੁਕਰਾ ਤੱਕ ਕਹਿ ਦਿੱਤਾ ਸੀ, ਜਿਸ ਕਾਰਨ ਟਰੰਪ ਨੇ ਉਨ੍ਹਾਂ ਨੂੰ ਦੇਸ਼ ’ਚੋਂ ਬਾਹਰ ਕੱਢਣ ਦੀ ਧਮਕੀ ਦਿੱਤੀ ਸੀ। ਹਾਲਾਂਕਿ ਸਤੰਬਰ ਵਿਚ ਰੂੜੀਵਾਦੀ ਨੇਤਾ ਚਾਰਲੀ ਕਿਰਕ ਦੀ ਹੱਤਿਆ ਤੋਂ ਬਾਅਦ ਦੋਵਾਂ ਨੇ ਆਪਣੀ ਦੁਸ਼ਮਣੀ ਨੂੰ ਇਕ ਪਾਸੇ ਰੱਖ ਦਿੱਤਾ ਅਤੇ ਸ਼ਰਧਾਂਜਲੀ ਸਮਾਰੋਹ ਵਿਚ ਇਕੱਠੇ ਦਿਖਾਈ ਦਿੱਤੇ ਸਨ। ਉੱਥੇ ਟਰੰਪ ਅਤੇ ਮਸਕ ਨੇ ਹੱਥ ਮਿਲਾਇਆ ਅਤੇ ਗੱਲਬਾਤ ਵੀ ਕੀਤੀ।

# ਕਮਲਾ ਹੈਰਿਸ ਨੇ ਫਿਰ ਦਿੱਤੇ ਚੋਣਾਂ ਲੜਨ ਦੇ ਸੰਕੇਤ

## ਅਮਰੀਕਾ ਦੇ ਲੋਕਾਂ ’ਤੇ ਜਤਾਇਆ ਵੱਡਾ ਭਰੋਸਾ

ਵਾਸ਼ਿੰਗਟਨ : ਸਾਬਕਾ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਵੱਲੋਂ ਫਿਰ ਤੋਂ ਰਾਸ਼ਟਰਪਤੀ ਦੀ ਚੋਣ ਲੜਨ ਦੇ ਸੰਕੇਤ ਦਿੱਤੇ ਗਏ ਨੇ। ਇਕ ਇੰਟਰਵਿਊ ਦੌਰਾਨ ਕਮਲਾ ਨੇ ਆਖਿਆ ਕਿ ਉਹ ਖ਼ੁਦ ਨੂੰ ਇਕ ਦਿਨ ਰਾਸ਼ਟਰਪਤੀ ਬਣਨ ਦੀ ਸੰਭਾਵਨਾ ਦੇ ਰੂਪ ਵਿਚ ਦੇਖਦੀ ਐ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਯਕੀਨ ਐ ਕਿ ਅਮਰੀਕਾ ਇਕ ਦਿਨ ਇਕ ਮਹਿਲਾ ਰਾਸ਼ਟਰਪਤੀ ਚੁਣੇਗਾ।



ਅਮਰੀਕਾ ਦੀ ਸਾਬਕਾ ਉਪ ਰਾਸ਼ਟਰਪਤੀ ਹੁਣ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਲੜ ਸਕਦੀ ਐ। ਉਨ੍ਹਾਂ ਇਕ ਚੈਨਲ ਨਾਲ ਕੀਤੀ ਗਈ ਇੰਟਰਵਿਊ ਵਿਚ ਆਖਿਆ ਕਿ ਉਸ ਦੀ ਰਾਜਨੀਤੀ ਹਾਲੇ ਖ਼ਤਮ ਨਹੀਂ ਹੋਈ,, ਇਹ ਉਸ ਦੀ ਰਗ਼ ਰਗ਼ ਵਿਚ ਵਸੀ ਹੋਈ ਐ, ਇਸ ਕਰਕੇ ਉਹ ਪੂਰੀ ਜ਼ਿੰਦਗੀ ਲੋਕਾਂ ਦੀ ਸੇਵਾ ਕਰੇਗੀ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪੂਰਾ ਯਕੀਨ ਐ ਕਿ ਇਕ ਦਿਨ ਅਮਰੀਕਾ ਦੇ ਲੋਕ ਇਕ ਮਹਿਲਾ ਨੂੰ ਦੇਸ਼ ਦੀ ਰਾਸ਼ਟਰਪਤੀ ਜ਼ਰੂਰ ਚੁਣਨਗੇ।

ਕਮਲਾ ਹੈਰਿਸ ਨੇ ਹਾਲ ਹੀ ਵਿਚ ਆਪਣੀ ਕਿਤਾਬ ‘107 ਡੇਅਜ਼’ ਦੇ ਰਿਲੀਜ਼ ਹੋਣ ਤੋਂ ਬਾਅਦ ਕਈ ਇੰਟਰਵਿਊ ਦਿੱਤੇ ਨੇ। ਇਹ ਕਿਤਾਬ 2024 ਵਿਚ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਹੈਰਿਸ ਦੇ ਤਜਰਬੇ ’ਤੇ ਕੇਂਦਰਤ ਐ ਕਿਉਂਕਿ ਉਸ ਸਮੇਂ ਦੇ ਰਾਸ਼ਟਰਪਤੀ ਜੋਅ ਬਾਇਡਨ ਦੌੜ ਤੋਂ ਬਾਹਰ ਹੋ ਗਏ ਸਨ। ਉਹ ਆਖ਼ਰ ਵਿਚ ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਕੋਲੋਂ ਹਾਰ ਗਈ ਸੀ, ਪਰ ਇਕ ਤਾਜ਼ਾ ਇੰਟਰਵਿਊ ਦੌਰਾਨ ਕਮਲਾ ਹੈਰਿਸ ਨੇ ਆਖਿਆ ਕਿ ਉਸ ਵਿਚ ਹਾਲੇ ਲੜਨ ਦੀ ਸਮਰੱਥਾ ਹੈ ਅਤੇ ਉਸ ਨੇ ਹਾਲੇ ਤੱਕ ਹਾਰ ਨਹੀਂ ਮੰਨੀ। ਦੱਸ ਦਈਏ ਕਿ ਪਿਛਲੇ ਹਫ਼ਤੇ ਇਕ ਇੰਟਰਵਿਊ ਵਿਚ 60 ਸਾਲਾਂ ਦੀ ਹੈਰਿਸ ਨੇ ਸਪੱਸ਼ਟ ਕੀਤਾ ਕਿ ਉਸ ਨੇ 2028 ਵਿਚ ਦੁਬਾਰਾ ਚੋਣ ਲੜਨ ਦੇ ਵਿਚਾਰ ਨੂੰ ਨਹੀਂ ਤਿਆਗਿਆ। ਉਸ ਨੇ ਆਖਿਆ ਕਿ ਉਹ ਆਪਣੇ ਆਪ ਨੂੰ ਪਾਰਟੀ ਦੀ ਇਕ ਸਮਰਪਿਤ ਨੇਤਾ ਵਜੋਂ ਦੇਖਦੀ ਐ ਅਤੇ 2026 ਦੀਆਂ ਮੱਧਕਾਲੀ ਚੋਣਾਂ ਲਈ ਪੂਰੀ ਮਿਹਨਤ ਨਾਲ ਤਿਆਰੀ ਕਰ ਰਹੀ ਐ।

# ਉੱਘੇ ਇੰਟਰਨੈਸ਼ਨਲ ਕਬੱਡੀ ਕੋਚ ਸਾਧੂ ਸਿੰਘ ਬਰਾੜ ਨੂੰ ਫਰਿਜ਼ਨੋ ’ਚ ਕੀਤਾ ਗਿਆ ਸਨਮਾਨਿਤ



ਫਰਿਜ਼ਨੋ (ਗੁਰਿੰਦਰਜੀਤ ਨੀਟਾ ਮਾਛੀਕੇ) : ਉੱਘੇ ਇੰਟਰਨੈਸ਼ਨਲ ਕਬੱਡੀ ਕੋਚ ਸਾਧੂ ਸਿੰਘ ਬਰਾੜ (ਪੱਤੋ) ਅੱਜਕੱਲ੍ਹ ਆਪਣੀ ਅਮਰੀਕਾ ਫੇਰੀ ’ਤੇ ਹਨ। ਉਨ੍ਹਾਂ ਦੇ ਚਾਹੁਣ ਵਾਲਿਆਂ ਵਿੱਚੋਂ ਉਨ੍ਹਾਂ ਦੇ ਸ਼ਗਿਰਦ ਰਾਜੂ ਪੱਤੋ ਨੇ ਉਨ੍ਹਾਂ ਦੇ ਸਨਮਾਨ ਹਿੱਤ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਰੋਹ ਦਾ ਆਯੋਜਨ ਆਪਣੇ ਗ੍ਰਹਿ ਵਿਖੇ ਕੀਤਾ, ਜਿੱਥੇ ਸਮੂਹ ਸੱਜਣਾਂ ਨੇ ਉਨ੍ਹਾਂ ਦਾ ਗੋਲਡ ਮੈਡਲ ਅਤੇ ਸ਼ੀਲਡ ਨਾਲ ਸਨਮਾਨ ਕੀਤਾ। ਇਸ ਮੌਕੇ ਉਨ੍ਹਾਂ ਦੀ ਧਰਮ ਪਤਨੀ ਵੀ ਉਨ੍ਹਾਂ ਨਾਲ ਮੌਜੂਦ ਰਹੇ।

ਇਸ ਸਮੇਂ ਬੋਲਦਿਆਂ ਸਾਧੂ ਸਿੰਘ ਬਰਾੜ ਨੇ ਕਿਹਾ ਕਿ ਉਨ੍ਹਾਂ ਲੰਮਾ ਸਮਾਂ ਪੱਤੋ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਬੱਚਿਆਂ ਨੂੰ ਖੇ-ਖੋ ਅਤੇ ਕਬੱਡੀ ਦੇ ਦਾਅ ਪੇਚ ਸਿਖਾਏ। ਇਸੇ ਧਰਤੀ ਤੋਂ ਉਨ੍ਹਾਂ ਹਰਜੀਤ ਬਾਜਾ ਖਾਨਾ, ਗਾਗੋ, ਕਾਲਾ ਗਾਜੀਆਣਾ ਵਰਗੇ ਅਨੇਕਾਂ ਪਲੇਅਰਾਂ ਨੂੰ ਸਟਾਰ ਬਣਾਇਆ। ਅੱਜ ਕੱਲ ਉਹ ਰਿਟਾਇਰਮੈਂਟ ਦਾ ਆਨੰਦ ਮਾਣਦੇ ਹੋਏ ਪੁਰਾਣੇ ਖਿਡਾਰੀਆਂ ਨਾਲ ਮੇਲ ਮਿਲਾਪ ਕਰ ਰਹੇ ਹਨ।

ਇਸ ਦੌਰਾਨ ਉਨ੍ਹਾਂ ਪੁਰਾਣੇ ਸਮੇਂ ਦੀ ਕਬੱਡੀ ਅਤੇ ਅੱਜਕੱਲ੍ਹ ਦੀ ਕਬੱਡੀ ਦੇ ਦਿਲਚਸਪ ਕਿੱਸੇ ਵੀ ਸੁਣਾਏ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਖਿਡਾਰੀਆਂ ਨੂੰ ਉਨ੍ਹਾਂ ਪੁੱਤਾਂ ਵਾਂਗ ਸਕੂਲ ਤੇ ਘਰ ਵਿੱਚ ਰੱਖ ਕੇ ਟਰੇਨਿੰਗ ਦਿੱਤੀ। ਇਸ ਸਾਰੇ ਸਫ਼ਰ ਦੌਰਾਨ ਉਨ੍ਹਾਂ ਦੀ ਸਤਿਕਾਰਯੋਗ ਧਰਮ ਪਤਨੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਨ੍ਹਾਂ ਕਿਹਾ ਕਿ ਦੁਨੀਆਂ ਦੇ ਹਰ ਹਿੱਸੇ ਵਿੱਚ ਮੇਰੇ ਸ਼ਗਿਰਦ ਵੱਸਦੇ ਹਨ, ਤੇ ਮੈਨੂੰ ਬਹੁਤ ਸਾਰਾ ਪਿਆਰ ਸਤਿਕਾਰ ਮੇਰੇ ਬੱਚਿਆਂ ਕੋਲੋ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੈਨੂੰ ਮਾਣ ਹੈ ਕਿ ਮੈਂ ਕਈ ਵਰਲਡ ਕਬੱਡੀ ਕੱਪਾਂ ਦੌਰਾਨ ਭਾਰਤੀ ਕਬੱਡੀ ਟੀਮ ਦੀ ਕੋਚਿੰਗ ਕੀਤੀ ਤੇ ਬੱਚਿਆਂ ਨੇ ਮੁਸ਼ਕਲ ਹਲਾਤਾਂ ਦੌਰਾਨ ਵੀ ਚੰਗੀ ਖੇਡ ਵਿਖਾਈ। ਉਨ੍ਹਾਂ ਕਿਹਾ ਕਿ ਸਾਡੇ ਬੱਚਿਆਂ ਨੂੰ ਨਸ਼ੇ ਤਿਆਗ ਕੇ ਗਰਾਊਂਡਾਂ ਵਿੱਚ ਜਾ ਕੇ ਕਸਰਤ ਕਰ ਕੇ ਚੰਗੇ ਜੁੱਸੇ ਤਿਆਰ ਕਰਨੇ ਚਾਹੀਦੇ ਹਨ ਤਾਂ ਜੋ ਪੰਜਾਬ ਦੀ ਧਰਤੀ ਨਸ਼ੇ ਦੇ ਕੋਹੜ ਨੂੰ ਵੱਢ ਕੇ ਚੋਟੀ ਦੇ ਕਬੱਡੀ ਖਿਡਾਰੀ ਪੈਦਾ ਕਰ ਸਕੇ। ਉਨ੍ਹਾਂ ਸਮੂਹ ਸੱਜਣਾਂ ਦਾ ਮਾਣ ਸਨਮਾਨ ਲਈ ਧੰਨਵਾਦ ਕੀਤਾ।

ਇਸ ਮੌਕੇ ਮਜੂਦ ਸੱਜਣਾਂ ਵਿੱਚ ਰਾਜੂ ਪੱਤੋ ਕਬੱਡੀ ਖਿਡਾਰੀ, ਗੁਰਭੇਜ ਵਾਂਦਰ, ਗਾਜ਼ੀ ਮਾਣੂੰਕੇ, ਸੰਦੀਪ ਬੱਸੀਆਂ, ਸਾਬੀ ਕੁੱਸਾ (ਕਬੱਡੀ ਖਿਡਾਰੀ), ਕਪਤਾਨ ਕਲਿਆਣ (ਕਬੱਡੀ ਖਿਡਾਰੀ), ਹਰਦੀਪ ਪੰਡੋਰੀ (ਖਿਡਾਰੀ), ਗੋਰੀ ਪੱਤੋ, ਗੋਲਡੀ ਪੱਤੋ, ਲਵ ਥਿੰਦ, ਜਸਵੀਰ ਗਿੱਲ, ਚਰਨਾ ਮਾਣੂੰਕੇ, ਜਤਿੰਦਰ ਸਿੰਘ, ਧਰਮਪ੍ਰੀਤ, ਹੇਮਪਾਲ, ਗੁਰਦੀਪ, ਅਮਰਜੀਤ ਦੌਧਰ, ਬਹਾਦਰ ਸਿੱਧੂ, ਰੰਮੀ ਧਾਲੀਵਾਲ, ਜੈਲਾ ਧੂੜਕੋਟ ਆਦਿ ਮੌਜੂਦ ਸਨ।

# ਕੈਨੇਡਾ ਵਿਚ ਪੰਜਾਬੀ ਕਾਰੋਬਾਰੀ ਦਾ ਕਤਲ, ਹਮਲਾਵਰਾਂ ਨੇ ਕਾਰ ’ਤੇ ਚਲਾਈਆਂ ਗੋਲੀਆਂ

## ਲੁਧਿਆਣਾ ਤੋਂ ਆ ਕੇ ਬਣਾਈ ਦੁਨੀਆਂ ਦੀ ਸੱਭ ਤੋਂ ਵੱਡੀ ਰੀਸਾਈਕਲਿੰਗ ਕੰਪਨੀ



ਐਬਟਸਫੋਰਡ : ਕੈਨੇਡਾ ਦੇ ਐਬਟਸਫੋਰਡ ਵਿਚ ਪੰਜਾਬ ਦੇ ਇਕ ਕਾਰੋਬਾਰੀ ਦਾ ਕਤਲ ਕਰ ਦਿਤਾ ਗਿਆ। ਮ੍ਰਿਤਕ ਕਾਰੋਬਾਰੀ ਦੀ ਪਛਾਣ ਦਰਸ਼ਨ ਸਿੰਘ ਸਹਾਸੀ (68) ਵਜੋਂ ਹੋਈ ਹੈ, ਜੋ ਕਿ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਦੋਰਾਹਾ ਪਿੰਡ ਦਾ ਰਹਿਣ ਵਾਲਾ ਸੀ। ਉਹ ਕੈਨਮ ਇੰਟਰਨੈਸ਼ਨਲ ਕੰਪਨੀ ਦਾ ਪ੍ਰਧਾਨ ਸੀ, ਜਿਸ ਨੂੰ ਦੁਨੀਆਂ ਦੀਆਂ ਸੱਭ ਤੋਂ ਵੱਡੀਆਂ ਕੱਪੜਿਆਂ ਦੀ ਰੀਸਾਈਕਲਿੰਗ ਕੰਪਨੀਆਂ ਵਿਚੋਂ ਇਕ ਮੰਨਿਆ ਜਾਂਦਾ ਹੈ।

ਪੁਲਿਸ ਦੇ ਅਨੁਸਾਰ, ਸੋਮਵਾਰ ਸਵੇਰੇ 9:30 ਵਜੇ (ਕੈਨੇਡੀਅਨ ਸਮੇਂ ਅਨੁਸਾਰ) ਰਿਜਵਿਊ ਅਤੇ ਸਮਿਟ ਡਰਾਈਵ ਦੇ ਕੋਨੇ ’ਤੇ ਅਪਣੀ ਕਾਰ ਵਿਚ ਬੈਠੇ ਸਹਾਸੀ ’ਤੇ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਚਲਾਈਆਂ। ਪੁਲਿਸ ਮੌਕੇ ’ਤੇ ਪਹੁੰਚੀ, ਪਰ ਸਹਾਸੀ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ।

ਘਟਨਾ ਤੋਂ ਬਾਅਦ, ਪੁਲਿਸ ਨੇ ਇਲਾਕੇ ਵਿਚ ਭਾਰੀ ਸੁਰੱਖਿਆ ਘੇਰਾਬੰਦੀ ਕਰ ਦਿਤੀ ਅਤੇ ਸਾਵਧਾਨੀ ਵਜੋਂ ਨੇੜਲੇ ਤਿੰਨ ਸਕੂਲ ਅਸਥਾਈ ਤੌਰ ’ਤੇ ਬੰਦ ਕਰ ਦਿਤੇ ਗਏ। ਕੈਨੇਡੀਅਨ ਪੁਲਿਸ ਵਲੋਂ ਜਾਰੀ ਬਿਆਨ ਅਨੁਸਾਰ, ਕਤਲ ਦੇ ਕਾਰਨਾਂ ਦਾ ਪਤਾ ਨਹੀਂ ਚੱਲ ਸਕਿਆ ਹੈ ਤੇ ਜਾਂਚ ਸ਼ੁਰੂ ਕਰ ਦਿਤੀ ਗਈ ਹੈ।

ਪੁੱਤਰ ਨੇ ਕਿਹਾ, ‘ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਸੀ।’ ਇਸ ਦੌਰਾਨ, ਦਰਸ਼ਨ ਸਿੰਘ ਦੇ ਪੁੱਤਰ ਅਰਪਨ ਨੇ ਕਿਹਾ ਕਿ ਉਸ ਦੇ ਪਿਤਾ ਦੀ ਕਿਸੇ ਨਾਲ ਕੋਈ ਦੁਸ਼ਮਣੀ ਜਾਂ ਝਗੜਾ ਨਹੀਂ ਸੀ। ‘ਸਾਨੂੰ ਸਮਝ ਨਹੀਂ ਆ ਰਿਹਾ ਕਿ ਇਹ ਕਿਸ ਨੇ ਅਤੇ ਕਿਉਂ ਕੀਤਾ। ਕੋਈ ਧਮਕੀ, ਬਲੈਕਮੇਲ ਜਾਂ ਜਬਰੀ ਵਸੂਲੀ ਦੀ ਮੰਗ ਨਹੀਂ ਕੀਤੀ ਗਈ।’ ਅਰਪਨ ਨੇ ਅੱਗੇ ਦੱਸਿਆ ਕਿ ਉਸ ਦੇ ਪਿਤਾ ਪੰਜਾਬ ਵਿਚ ਇਕ ਕਿਸਾਨ ਸਨ, ਫਿਰ ਇਕ ਕਰੂਜ਼ ਜਹਾਜ਼ ’ਤੇ ਕੰਮ ਕਰਦੇ ਸਨ। ਇਸ ਤੋਂ ਬਾਅਦ, ਉਹ ਕੈਨੇਡਾ ਆਏ ਅਤੇ ਇਕ ਕਾਰੋਬਾਰ ਸ਼ੁਰੂ ਕੀਤਾ। ਉਹ ਹਮੇਸ਼ਾ ਲੋਕਾਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਸਨ।

ਰਿਪੋਰਟਾਂ ਅਨੁਸਾਰ, ਦਰਸ਼ਨ ਸਿੰਘ ਅਤੇ ਉਸ ਦਾ ਪੂਰਾ ਪਰਵਾਰ ਕੈਨੇਡਾ ਵਿਚ ਵਸਿਆ ਹੋਇਆ ਹੈ। ਸਹਾਸੀ ਅਪਣੀ ਵਿੱਤੀ ਸਹਾਇਤਾ ਅਤੇ ਸਮਾਜਕ ਕਾਰਜਾਂ ਲਈ ਸਥਾਨਕ ਪੰਜਾਬੀ ਭਾਈਚਾਰੇ ਵਿਚ ਵੀ ਪ੍ਰਸਿੱਧ ਸੀ।

ਐਬਟਸਫੋਰਡ ਪੁਲਿਸ ਨੇ ਕਤਲ ਦੇ ਪਿੱਛੇ ਦੇ ਉਦੇਸ਼ ਦੀ ਜਾਂਚ ਸ਼ੁਰੂ ਕਰ ਦਿਤੀ ਹੈ। ਪੁਲਿਸ ਨੇ ਕਿਹਾ ਕਿ ਮੁਢਲੀ ਜਾਂਚ ਨਿਸ਼ਾਨਾ ਬਣਾ ਕੇ ਕੀਤੀ ਗਈ ਹਿੰਸਾ ਦਾ ਸੰਕੇਤ ਦਿੰਦੀ ਹੈ, ਪਰ ਉਦੇਸ਼ ਅਜੇ ਵੀ ਸਪੱਸ਼ਟ ਨਹੀਂ ਹੈ। ਜਾਂਚ ਨੂੰ ਏਕੀਕ੍ਰਿਤ ਹੋਮੀਸਾਈਡ ਜਾਂਚ ਟੀਮ ਨੂੰ ਤਬਦੀਲ ਕਰ ਦਿਤਾ ਗਿਆ ਹੈ। ਇਸ ਸਮੇਂ ਇਲਾਕੇ ਵਿਚ ਤਣਾਅ ਹੈ ਅਤੇ ਪੁਲਿਸ ਚੌਕਸ ਹੈ।

ਜ਼ਿਕਰਯੋਗ ਹੈ ਕਿ ਦਰਸ਼ਨ ਸਿੰਘ ਸਾਹਸੀ ਦਾ ਕੈਨਮ ਗਰੁੱਪ ਇਕ ਮੋਹਰੀ ਗਲੋਬਲ ਟੈਕਸਟਾਈਲ ਰੀਸਾਈਕਲਿੰਗ ਕੰਪਨੀ ਹੈ, ਜੋ 40 ਤੋਂ ਵੱਧ ਦੇਸ਼ਾਂ ਵਿਚ ਫੈਲੀ ਹੋਈ ਹੈ। ਕੰਪਨੀ ਨੇ 1990 ਦੇ ਦਹਾਕੇ ਤੋਂ ਟੈਕਸਟਾਈਲ ਉਦਯੋਗ ਵਿਚ ਇਕ ਸਥਾਨ ਬਣਾਇਆ ਹੈ। ਅੱਜ ਤਕ, ਇਸ ਨੇ 2 ਬਿਲੀਅਨ ਪੌਂਡ ਤੋਂ ਵੱਧ ਟੈਕਸਟਾਈਲ ਰਹਿੰਦ-ਖੂੰਹਦ ਨੂੰ ਰੀਸਾਈਕਲ ਕੀਤਾ ਹੈ ਅਤੇ ਹਜ਼ਾਰਾਂ ਲੋਕਾਂ ਨੂੰ ਪਰਵਾਰ ਵਰਗੇ ਮਾਹੌਲ ਵਿਚ ਰੁਜ਼ਗਾਰ ਪ੍ਰਦਾਨ ਕੀਤਾ ਗਿਆ ਹੈ। 1,800 ਤੋਂ ਵੱਧ ਕਰਮਚਾਰੀ ਕੰਪਨੀ ਨਾਲ ਜੁੜੇ ਹੋਏ ਹਨ। ਕੰਪਨੀ ਹਰ ਰੋਜ਼ ਲਗਭਗ 500,000 ਪੌਂਡ ਟੈਕਸਟਾਈਲ ਦੀ ਮੁੜ ਵਰਤੋਂ ਅਤੇ ਰੀਸਾਈਕਲ ਕਰਦੀ ਹੈ।

# ਕੈਨੇਡਾ ’ਚ ਸਿੱਖ ਕੈਨੇਡੀਅਨ ਫ਼ੌਜੀਆਂ ਨੂੰ ਸਮਰਪਿਤ ਡਾਕ ਟਿਕਟ ਜਾਰੀ ਹੋਵੇਗੀ

ਟੋਰਾਂਟੋ : ਕੈਨੇਡਾ ਵਿਚ ਸਿੱਖ ਭਾਈਚਾਰੇ ਨੂੰ ਕੈਨੇਡੀਅਨ ਸਮਾਜ ਦਾ ਅਟੁੱਟ ਹਿੱਸਾ ਮੰਨਿਆ ਜਾਂਦਾ ਹੈ । ਪ੍ਰਧਾਨ ਮੰਤਰੀ ਤੇ ਸੂਬਾਈ ਮੁੱਖ ਮੰਤਰੀਆਂ ਸਮੇਤ ਹੋਰਨਾਂ ਭਾਈਚਾਰਿਆਂ ਵਲੋਂ ਦੇਸ਼ ਵਾਸਤੇ ਸਿੱਖਾਂ ਦੇ ਯੋਗਦਾਨ ਲਈ ਧੰਨਵਾਦ ਵੀ ਕੀਤਾ ਜਾਂਦਾ ਰਹਿੰਦਾ ਹੈ । ਹੁਣ ਦੇਸ਼ ’ਚ ਕਿਚਨਰ ਵਿਖੇ ‘ਰਿਮੈਂਬਰੈਂਸ ਡੇਅ’ ਸਟੈਂਪ ਜਾਰੀ ਕੀਤੀ ਜਾਵੇਗੀ ਜੋ ਸਿੱਖ ਕੈਨੇਡੀਅਨ ਫੌਜੀਆਂ ਦੀਆਂ ਸੇਵਾਵਾਂ ਨੂੰ ਸਮਰਪਿਤ ਹੈ । ਡਾਕ ਟਿਕਟ ਨੂੰ ਦੇਸ਼ ਦੇ ਡਾਕ ਵਿਭਾਗ ਕੈਨੇਡਾ ਪੋਸਟ ਵਲੋਂ ਤਿਆਰ ਕੀਤਾ ਗਿਆ ਹੈ । ਉਹ ਡਾਕ ਟਿਕਟ ਪਹਿਲੇ ਸੰਸਾਰ ਜੰਗ ਦੌਰਾਨ ਕੈਨੇਡੀਅਨ ਫੌਜ ਵਿਚ ਭਰਤੀ 10 ਸਿੱਖ ਫੌਜੀਆਂ ਤੋਂ ਲੈ ਕੇ ਹੁਣ ਤੱਕ ਫੌਜ ਵਿਚ ਸੇਵਾ ਕਰ ਰਹੇ ਸਿੱਖਾਂ ਲਈ ਸਨਮਾਨ ਦਾ ਪ੍ਰਤੀਕ ਹੈ । ਉਂਟਾਰੀਓ ’ਚ ਕਿਚਨਰ ਵਿਖੇ 2 ਨਵੰਬਰ ਨੂੰ ਪਹਿਲੀ ਸੰਸਾਰ ਜੰਗ ਦੇ ਹੀਰੋ ਮੰਨੇ ਜਾਂਦੇ ਫੌਜੀ ਜਵਾਨ ਬੁੱਕਮ ਸਿੰਘ ਦੀ ਕਬਰ ’ਤੇ 18ਵੇਂ ਸਾਲਾਨਾ ਸਿੱਖ ਰਿਮੈਂਬਰੈਂਸ ਡੇਅ ਸਮਾਗਮ ’ਚ ਇਸ ਡਾਕ ਟਿਕਟ ਨੂੰ ਜਨਤਕ ਕੀਤਾ ਜਾਵੇਗਾ। ਬੁੱਕਮ ਸਿੰਘ ਨੇ 20ਵੀਂ ਕੈਨੇਡੀਅਨ ਇਨਫੈਂਟਰੀ ਬਟਾਲੀਅਨ ਨਾਲ ਫਰਾਂਸ ਅਤੇ ਬੈਲਜੀਅਮ ’ਚ ਜੰਗ ਲੜੀ ਸੀ ਅਤੇ 1919 ’ਚ ਕਿਚਨਰ ’ਚ ਫੌਜੀ ਹਸਪਤਾਲ ’ਚ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ।



ਕਿਚਨਰ ਵਿਖੇ ਸਿੱਖ ਫੌਜੀ ਬੁੱਕਮ ਸਿੰਘ ਦੀ ਕਬਰ ।

# ਕੌਮਾਂਤਰੀ ਸੰਬੰਧਾਂ ਵਿਚ ਆਪਣਾ ਮਜ਼ਬੂਤ ਅਕਸ ਬਣਾਈ ਰੱਖਣਾ ਜ਼ਰੂਰੀ

ਪਿਛਲੇ ਕਾਫੀ ਸਮੇਂ ਤੋਂ ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਲਗਾਤਾਰ ਇਹ ਬਿਆਨ ਦਿੰਦਾ ਆਇਆ ਹੈ ਕਿ ਭਾਰਤ ਰੂਸ ਨਾਲ ਆਪਣੇ ਵਪਾਰਕ ਸੰਬੰਧਾਂ ਨੂੰ ਘਟਾ ਰਿਹਾ ਅਤੇ ਤੇਲ ਖ਼ਰੀਦਣਾ ਵੀ ਘੱਟ ਕਰ ਰਿਹਾ ਹੈ। ਉਸ ਨੇ ਕਈ ਵਾਰ ਭਾਰਤ ਨੂੰ ਧਮਕੀਆਂ ਵੀ ਦਿੱਤੀਆਂ ਸਨ ਤੇ ਭਾਰਤ ਤੋਂ ਅਮਰੀਕਾ ਨੂੰ ਬਰਾਮਦ ਹੋਣ ਵਾਲੀਆਂ ਵਸਤਾਂ ’ਤੇ ਟੈਰਿਫ਼ (ਟੈਕਸ) ਨੂੰ ਵੀ ਕਾਫੀ ਹੱਦ ਤੱਕ ਵਧਾ ਦਿੱਤਾ ਸੀ। ਭਾਰਤ ਵਲੋਂ ਉਸ ਦੀ ਗੱਲ ਨਾ ਮੰਨਣ ’ਤੇ ਅਮਰੀਕਾ ਭਾਰਤੀ ਬਰਾਮਦਾਂ ’ਤੇ ਹੋਰ ਵੀ ਵੱਧ ਟੈਰਿਫ ਲਾਉਣ ਦੀ ਚਿਤਾਵਨੀ ਦੇ ਰਿਹਾ ਹੈ। ਇਸ ਨੂੰ ਦੇਖਦਿਆਂ ਭਾਰਤ ਨੇ ਕੈਨੇਡਾ, ਬਰਤਾਨੀਆ ਤੇ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਨਾਲ ਆਪਣੇ ਵਪਾਰਕ ਸੰਬੰਧ ਮਜ਼ਬੂਤ ਕੀਤੇ ਹਨ। ਕੈਨੇਡਾ ਨਾਲ ਵੀ ਭਾਰਤ ਦੇ ਵਪਾਰਕ ਸੰਬੰਧਾਂ ਵਿਚ ਸੁਧਾਰ ਹੋ ਰਿਹਾ ਹੈ। ਪਿਛਲੇ ਦਿਨਾਂ ਵਿਚ ਦੋਹਾਂ ਦੇਸ਼ਾਂ ਵਲੋਂ ਮੁੜ ਵਪਾਰ ਨੂੰ ਲੀਹਾਂ ’ਤੇ ਲਿਆਉਣ ਲਈ ਵਿਚਾਰ-ਵਟਾਂਦਰੇ ਕੀਤੇ ਗਏ ਹਨ।

ਬਰਤਾਨੀਆ ਨੇ ਤਾਂ ਭਾਰਤ ਨਾਲ ਖੁੱਲ੍ਹੇ ਵਪਾਰ ਬਾਰੇ ਸਮਝੌਤਾ ਵੀ ਸਿਰੇ ਚੜ੍ਹਾਅ ਲਿਆ ਹੈ। ਯੂਰਪੀਅਨ ਯੂਨੀਅਨ ਦੇ ਦਰਜਨਾਂ ਦੇਸ਼ ਵੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਲਗਾਈਆਂ ਰੋਕਾਂ ਤੇ ਭਬਕੀਆਂ ਅੱਗੇ ਨਹੀਂ ਝੁਕੇ, ਸਗੋਂ ਇਨ੍ਹਾਂ ਦੇਸ਼ਾਂ ਨੇ ਵੀ ਦੁਨੀਆ ਭਰ ਦੇ ਦੇਸ਼ਾਂ ਨਾਲ ਅਦਾਨ-ਪ੍ਰਦਾਨ ਤੇ ਵਪਾਰ ਦੇ ਹੋਰ ਰਸਤੇ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ। ਬਰਤਾਨੀਆ ਤੇ ਯੂਰਪੀਅਨ ਯੂਨੀਅਨ ਦੇ ਦੇਸ਼ ਰੂਸ ਤੇ ਯੂਕਰੇਨ ਦੀ ਚੱਲ ਰਹੀ ਜੰਗ ਵਿਚ ਪੂਰੀ ਤਰ੍ਹਾਂ ਯੂਕਰੇਨ ਨਾਲ ਖੜ੍ਹੇ ਦਿਖਾਈ ਹੀ ਨਹੀਂ ਦਿੰਦੇ, ਸਗੋਂ ਉਨ੍ਹਾਂ ਨੇ ਹੁਣ ਤੱਕ ਹਰ ਪੱਖ ਤੋਂ ਯੂਕਰੇਨ ਦੀ ਪੂਰੀ ਸਹਾਇਤਾ ਵੀ ਕੀਤੀ ਹੈ। ਇਹੀ ਕਾਰਨ ਹੈ ਕਿ ਯੂਕਰੇਨ ਨੇ ਰੂਸ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਹੈ। ਜਿਥੋਂ ਤੱਕ ਭਾਰਤ ਤੇ ਰੂਸ ਦੇ ਸੰਬੰਧਾਂ ਦੀ ਗੱਲ ਹੈ ਤਾਂ ਇਹ ਸੰਬੰਧ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਸੋਵੀਅਤ ਯੂਨੀਅਨ ਦੇ ਸਮੇਂ ਤੋਂ ਹੀ ਪੂਰੀ ਤਰ੍ਹਾਂ ਦੋਸਤਾਨਾ ਬਣੇ ਰਹੇ ਹਨ, ਜੋ ਅੱਜ ਤੱਕ ਵੀ ਜਾਰੀ ਹਨ। ਪਹਿਲਾਂ ਸੋਵੀਅਤ ਯੂਨੀਅਨ ਤੇ ਹੁਣ ਦੇ ਰੂਸ ਨੇ ਵੀ ਕੌਮਾਂਤਰੀ ਮਸਲਿਆਂ ’ਤੇ ਹਮੇਸ਼ਾ ਭਾਰਤ ਨਾਲ ਖੜ੍ਹੇ ਹੋਣ ਨੂੰ ਤਰਜੀਹ ਦਿੱਤੀ ਹੈ। ਇਥੋਂ ਤੱਕ ਕਿ ਚੀਨ ਦੇ ਉਸ ਦੇ ਨੇੜੇ ਹੋਣ ਦੇ ਬਾਵਜੂਦ ਵੀ ਰੂਸ ਨੇ ਭਾਰਤ-ਚੀਨ ਸੰਬੰਧਾਂ ਦੇ ਪ੍ਰਸੰਗ ਵਿਚ ਚੀਨ ਦਾ ਪੱਖ ਨਹੀਂ ਪੂਰਿਆ। ਇਸੇ ਹੀ ਤਰ੍ਹਾਂ ਉਸ ਨੇ ਪਾਕਿਸਤਾਨ ਤੋਂ ਵੀ ਦੂਰੀ ਬਣਾ ਕੇ ਰੱਖਣ ਦਾ ਯਤਨ ਕੀਤਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅੜੀਅਲ ਰਵੱਈਏ ਦੇ ਬਾਵਜੂਦ ਭਾਰਤ ਨੇ ਸਿਆਣਪ ਤੇ ਪ੍ਰੌੜਤਾ ਤੋਂ ਕੰਮ ਲੈਂਦਿਆਂ ਉਸ ਨਾਲ ਵਪਾਰਕ ਵਾਰਤਾ ਜਾਰੀ ਰੱਖੀ ਹੈ। ਪਰ ਇਸ ਦੇ ਨਾਲ ਹੀ ਭਾਰਤ ਆਪਣਾ ਇਹ ਰੁਖ਼ ਵੀ ਸਪੱਸ਼ਟ ਕਰਦਾ ਆਇਆ ਹੈ ਕਿ ਰੂਸ ਦੇ ਮਾਮਲੇ ’ਚ ਉਸ ਦੀ ਆਪਣੀ ਨੀਤੀ ਹੈ, ਜਿਸ ਬਾਰੇ ਉਹ ਸਮਝੌਤਾ ਕਰਨ ਲਈ ਤਿਆਰ ਨਹੀਂ। ਪਿਛਲੇ ਦਿਨੀਂ ਵਪਾਰ ਤੇ ਵਣਜ ਮੰਤਰੀ ਪਿਊਸ਼ ਗੋਇਲ ਨੇ ਜਰਮਨੀ ਵਿਚ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਵਪਾਰ ਸਮਝੌਤਾ ਆਪਸੀ ਵਿਸ਼ਵਾਸ ਦਾ ਮਸਲਾ ਹੈ ਤੇ ਲੰਬੇ ਸਮੇਂ ਦੀ ਸਾਂਝੇਦਾਰੀ ਨੂੰ ਧਿਆਨ ਵਿਚ ਰੱਖ ਕੇ ਹੀ ਅਜਿਹੇ ਸਮਝੌਤੇ ਕੀਤੇ ਜਾਂਦੇ ਹਨ। ਇਸ ਵਿਸ਼ੇ ’ਤੇ ਅਮਰੀਕਾ ਨਾਲ ਪਿਛਲੇ ਸਮੇਂ ਤੋਂ ਹੁੰਦੀ ਰਹੀ ਲਗਾਤਾਰ ਗੱਲਬਾਤ ਸੰਬੰਧੀ ਵੀ ਗੋਇਲ ਨੇ ਇਹ ਸਪੱਸ਼ਟ ਕੀਤਾ ਹੈ ਕਿ ਦੋਵੇਂ ਦੇਸ਼ਾਂ ਵਿਚ ਵਪਾਰ ਸਮਝੌਤੇ ਨੂੰ ਲੈ ਕੇ 5 ਪੜਾਵਾਂ ਦੀ ਵਾਰਤਾ ਹੋ ਚੁੱਕੀ ਹੈ। ਨਵੰਬਰ ਤੱਕ ਆਪਸੀ ਵਪਾਰ ਸਮਝੌਤੇ ਦੇ ਪਹਿਲੇ ਪੜਾਅ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖ਼ਾਸ ਤੌਰ ’ਤੇ ਭਾਰਤ ਨੂੰ ਰੂਸ ਤੋਂ ਤੇਲ ਨਾ ਖਰੀਦਣ ਦੀਆਂ ਧਮਕੀਆਂ ਦਿੱਤੀਆਂ ਹਨ, ਜਿਸ ਬਾਰੇ ਭਾਰਤ ਨੇ ਆਪਣਾ ਰੁਖ਼ ਹਮੇਸ਼ਾ ਸਪੱਸ਼ਟ ਰੱਖਿਆ ਹੈ। ਹੁਣ ਅਮਰੀਕਾ ਨੇ ਰੂਸ ਦੀਆਂ ਦੋ ਵੱਡੀਆਂ ਤੇਲ ਉਤਪਾਦਕ ਕੰਪਨੀਆਂ ਰੋਸਨੈਫਟ ਤੇ ਲੁਕੋਇਲ ’ਤੇ ਸਖ਼ਤ ਰੋਕਾਂ ਲਾਉਣ ਦਾ ਐਲਾਨ ਕੀਤਾ ਹੈ, ਜਿਸ ਨੂੰ ਦੇਖਦਿਆਂ ਭਾਰਤ ਨੇ ਇਸ ਸੰਬੰਧੀ ਆਪਣੀ ਨਵੀਂ ਨੀਤੀ ਅਖ਼ਤਿਆਰ ਕਰਨ ਦੀ ਯੋਜਨਾ ਬਣਾਈ ਹੈ ਅਤੇ ਉਹ ਰੂਸ ਦੇ ਨਾਲ-ਨਾਲ ਪੱਛਮੀ ਏਸ਼ੀਆ ਦੇ ਦੇਸ਼ਾਂ ਅਮਰੀਕਾ, ਲਾਤੀਨੀ ਅਮਰੀਕਾ, ਕੈਨੇਡਾ ਤੇ ਬ੍ਰਾਜ਼ੀਲ ਆਦਿ ਦੇਸ਼ਾਂ ਤੋਂ ਕੱਚੇ ਤੇਲ ਦੀ ਖ਼ਰੀਦ ਵਧਾਉਣ ਦੀ ਕੋਸ਼ਿਸ਼ ਕਰਨ ਲੱਗਾ ਹੈ। ਇਸ ਸਮੇਂ ਭਾਰਤ ਹਰ ਰੋਜ਼ ਰੂਸ ਤੋਂ 17 ਲੱਖ ਬੈਰਲ ਕੱਚੇ ਤੇਲ ਦੀ ਦਰਾਮਦ ਕਰਦਾ ਹੈ। ਭਾਰਤ ਦੀਆਂ ਸਰਕਾਰੀ ਅਤੇ ਨਿੱਜੀ ਰਿਫਾਈਨਰੀਆਂ ਰੂਸ ਦੀਆਂ ਰੋਸਨੈਫਟ ਤੇ ਲੁਕੋਇਲ ਕੰਪਨੀਆਂ ਤੋਂ 12 ਲੱਖ ਬੈਰਲ ਤੇਲ ਰੋਜ਼ਾਨਾ ਖਰੀਦਦੀਆਂ ਹਨ। ਇਸ ਵਿਚ ਵੱਡੀ ਮਾਤਰਾ ’ਚ ਨਿੱਜੀ ਰਿਫਾਇਨਰੀ ਰਿਲਾਇੰਸ ਇੰਡਸਟਰੀਜ਼ ਤੇ ਲਿਮਟਿਡਨਾਇਰਾ ਐਨਰਜੀ ਦੀ ਭਾਗੀਦਾਰੀ ਹੈ।

ਅਮਰੀਕਾ ਨੇ 21 ਨਵੰਬਰ ਤੱਕ ਭਾਰਤ ਨੂੰ ਇਨ੍ਹਾਂ ਕੰਪਨੀਆਂ ਤੋਂ ਤੇਲ ਨਾ ਖਰੀਦਣ ਦੀ ਧਮਕੀ ਦਿੱਤੀ ਹੈ, ਜਿਸ ਨੂੰ ਦੇਖਦਿਆਂ ਭਾਰਤ ਆਪਣੀ ਨੀਤੀ ਨੂੰ ਬਦਲਣ ਜਾਂ ਮੋੜਾ ਦੇਣ ਦਾ ਯਤਨ ਕਰ ਰਿਹਾ ਹੈ। ਦੂਜੇ ਪਾਸੇ ਅਮਰੀਕਾ ਦਾ ਦਾਅਵਾ ਹੈ ਕਿ ਟਰੰਪ ਦੇ ਕਹਿਣ ’ਤੇ ਭਾਰਤ ਰੂਸੀ ਤੇਲ ਤੋਂ ਦੂਰੀ ਬਣਾ ਰਿਹਾ ਹੈ। ਅਸੀਂ ਸਮਝਦੇ ਹਾਂ ਕਿ ਭਾਰਤ ਵਲੋਂ ਚੁੱਕੇ ਜਾਣ ਵਾਲੇ ਅਜਿਹੇ ਸੰਭਾਵੀ ਕਦਮ ਉਸ ਦੀ ਅੰਤਰਰਾਸ਼ਟਰੀ ਨੀਤੀ ਅੰਦਰਲੀ ਕਮਜ਼ੋਰੀ ਦਾ ਦਿਖਾਵਾ ਕਰਦੇ ਹਨ। ਹੁਣ ਤੱਕ ਟਰੰਪ ਦੇ ਪ੍ਰਸ਼ਾਸਨ ਨੂੰ ਕਿਸੇ ਤਰ੍ਹਾਂ ਸੰਤੁਲਿਤ ਜਾਂ ਭਰੋਸੇਯੋਗ ਨੀਤੀਆਂ ਦਾ ਲਖਾਇਕ ਨਹੀਂ ਕਿਹਾ ਜਾ ਸਕਦਾ। ਆਪਣੇ ਨਿੱਤ ਬਦਲਦੇ ਬਿਆਨਾਂ ਕਰਕੇ ਅਮਰੀਕਾ ਭਰ ’ਚ ਟਰੰਪ ਦੇ ਖ਼ਿਲਾਫ਼ ਵੱਡੇ ਮੁਜ਼ਾਹਰੇ ਹੋਣ ਲੱਗੇ ਹਨ। ਦੁਨੀਆ ਭਰ ’ਚ ਉਨ੍ਹਾਂ ਦੀਆਂ ਨੀਤੀਆਂ ਦੀ ਆਲੋਚਨਾ ਹੋ ਰਹੀ ਹੈ। ਅਜਿਹੀ ਸੂਰਤ ਵਿਚ ਉਸ ਦੀਆਂ ਧਮਕੀਆਂ ਦੇ ਮੱਦੇਨਜ਼ਰ ਭਾਰਤ ਵਲੋਂ ਦਿਖਾਈ ਕਮਜ਼ੋਰੀ ਉਸ ਦੇ ਕੌਮਾਂਤਰੀ ਅਕਸ ’ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਸਕਦੀ ਹੈ। ਬਿਨਾਂ ਸ਼ੱਕ ਇਸ ਮਸਲੇ ’ਤੇ ਭਾਰਤ ਨੂੰ ਰੂਸ ਦਾ ਡਟ ਕੇ ਸਾਥ ਦੇਣਾ ਚਾਹੀਦਾ ਹੈ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਧਮਕੀਆਂ ਅੱਗੇ ਝੁਕਣ ਤੋਂ ਸਪੱਸ਼ਟ ਤੌਰ ’ਤੇ ਇਨਕਾਰ ਕਰਨਾ ਚਾਹੀਦਾ ਹੈ।

# ਸਮਾਜਿਕ ਬੁਰਾਈਆਂ ਦੀ ਜੜ੍ਹ ਹੈ ਆਮਦਨ ਨਾਬਰਾਬਰੀ



ਦੁਨੀਆ ਦਾ ਕੋਈ ਵੀ ਦੇਸ਼ ਇਸ ਤਰ੍ਹਾਂ ਦਾ ਨਹੀਂ ਜਿੱਥੇ ਆਮਦਨ ਨਾਬਰਾਬਰੀ ਹੋਵੇ ਅਤੇ ਉਹ ਵਿਕਸਤ ਹੋਵੇ। ਇਸ ਦੇ ਉਲਟ ਕੋਈ ਵੀ ਇਹੋ ਜਿਹਾ ਦੇਸ਼ ਨਹੀਂ, ਜਿਹੜਾ ਵਿਕਸਤ ਹੋਵੇ ਪਰ ਉੱਥੇ ਆਮਦਨ ਦੀ ਨਾਬਰਾਬਰੀ ਹੋਵੇ। ਇਸ ਤੋਂ ਸਾਬਿਤ ਹੁੰਦਾ ਹੈ ਕਿ ਆਮਦਨ ਨਾਬਰਾਬਰੀ ਹੀ ਵਿਕਾਸ ਦੀ ਸਭ ਤੋਂ ਵੱਡੀ ਰੁਕਾਵਟ ਹੈ।

ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 24 ਹਜ਼ਾਰ ਡਾਲਰ ਸਾਲਾਨਾ ਜਾਂ ਭਾਰਤੀ ਰੁਪਿਆਂ ਵਿਚ 1 ਲੱਖ 72 ਹਜ਼ਾਰ ਹੈ ਜਦਕਿ ਗ਼ਰੀਬੀ ਦੀ ਪਰਿਭਾਸ਼ਾ ਸੰਸਾਰ ਬੈਂਕ ਵੱਲੋਂ ਇਹ ਕੀਤੀ ਜਾਂਦੀ ਹੈ ਕਿ ਜਿਸ ਵਿਅਕਤੀ ਦਾ 60 ਰੁਪਏ ਰੋਜ਼ਾਨਾ ਖ਼ਰਚ ਹੈ ਜਾਂ ਸਲਾਨਾ 21,600 ਰੁਪਏ ਆਮਦਨ ਹੈ, ਉਹ ਗ਼ਰੀਬੀ ਰੇਖਾ ਤੋਂ ਉੱਪਰ ਹੈ।

ਇੰਜ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਭਾਰਤ ਦਾ ਇਕ ਵੀ ਵਿਅਕਤੀ ਗ਼ਰੀਬ ਨਹੀਂ ਹੋਣਾ ਚਾਹੀਦਾ। ਪਰ ਜਦੋਂ ਭਾਰਤ ਵਿਚ ਵੱਡੀ ਆਮਦਨ ਨਾਬਰਾਬਰੀ ਹੈ ਜਿਸ ਦੇ ਹਿਸਾਬ ਨਾਲ ਉੱਪਰਲੀ ਆਮਦਨ ਵਾਲੇ ਇਕ ਫ਼ੀਸਦੀ ਲੋਕਾਂ ਕੋਲ 40 ਫ਼ੀਸਦੀ ਆਮਦਨ ਹੈ ਜਦਕਿ ਹੇਠਾਂ ਦੀ ਆਮਦਨ ਵਾਲੇ 50 ਫ਼ੀਸਦੀ ਲੋਕਾਂ ਦੇ ਹਿੱਸੇ ਸਿਰਫ਼ 5.96 ਫ਼ੀਸਦੀ ਆਮਦਨ ਆਉਂਦੀ ਹੈ। ਫਿਰ ਇਸ ਉੱਪਰਲੀ ਆਮਦਨ ਵਾਲੇ ਲੋਕਾਂ ਦੀ ਆਮਦਨ ਲਗਾਤਾਰ ਵਧ ਰਹੀ ਜਦਕਿ ਹੇਠਲੀ ਆਮਦਨ ਵਾਲੇ ਲੋਕਾਂ ਦੀ ਆਮਦਨ ਲਗਾਤਾਰ ਘੱਟ ਹੋ ਰਹੀ ਹੈ।

ਦੁਨੀਆ ਵਿਚ ਏਸ਼ੀਆ, ਅਫ਼ਰੀਕਾ ਤੇ ਲਤੀਨੀ ਅਮਰੀਕਾ ਦੇ ਉਨ੍ਹਾਂ ਦੇਸ਼ਾਂ ਵਿਚ ਘੋਰ ਗ਼ਰੀਬੀ ਹੈ ਜਿੱਥੇ ਆਮਦਨ ਨਾਬਰਾਬਰੀ ਹੈ। ਦੁਨੀਆ ’ਚ ਕੁੱਲ ਵਸੋਂ ਵਿੱਚੋਂ 360 ਕਰੋੜ ਗ਼ਰੀਬੀ ਭੋਗ ਰਹੇ ਹਨ ਜੋ ਕੁੱਲ ਦੁਨੀਆ ਦੀ 44 ਫ਼ੀਸਦੀ ਵਸੋਂ ਬਣਦੀ ਹੈ ਅਤੇ ਜਿਸ ਵਿਚ ਸਭ ਤੋਂ ਵੱਧ 32 ਕਰੋੜ ਭਾਰਤ ਵਿਚ ਹਨ ਭਾਵੇਂ ਕਿ ਦੇਸ਼ ਦੇ 81 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਦਿੱਤਾ ਜਾਂਦਾ ਹੈ। ਜੇ 81 ਕਰੋੜ ਨੂੰ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਗਿਣਾਇਆ ਜਾਵੇ ਤਾਂ ਉਹ ਕੁਝ ਗ਼ਰੀਬਾਂ ਵਿੱਚੋਂ ਤਕਰੀਬਨ 25.3 ਫ਼ੀਸਦੀ ਬਣ ਜਾਂਦੇ ਹਨ। ਇਹ ਪਾੜਾ ਹੋਰ ਵਧਦਾ ਜਾ ਰਿਹਾ ਹੈ। ਸੰਨ 2016 ਤੋਂ 2020 ਤੱਕ ਦੇ ਸਾਲਾਂ ਵਿਚ ਉੱਪਰਲੀ 20 ਫ਼ੀਸਦੀ ਵਸੋਂ ਦੀ 20 ਫ਼ੀਸਦੀ ਆਮਦਨ ਵਧੀ ਜਦਕਿ ਹੇਠਲੀ 20 ਫ਼ੀਸਦੀ ਵਸੋਂ ਦੀ ਆਮਦਨ 20 ਫ਼ੀਸਦੀ ਘਟੀ। ਦੁਨੀਆ ਦੇ ਅਮੀਰ ਦੇਸ਼ਾਂ ਵਿਚ ਆਮਦਨ ਬਰਾਬਰੀ ਹੈ ਜਿਸ ਦੀ ਸਭ ਤੋਂ ਵੱਡੀ ਮਿਸਾਲ ਇਹ ਹੈ ਕਿ ਇਕ, ਦੋ ਮੰਤਰੀਆਂ ਨੂੰ ਛੱਡ ਕੇ ਬਾਕੀ ਮੰਤਰੀਆਂ ਨੂੰ ਡਰਾਈਵਰ ਦੀ ਸਹੂਲਤ ਵੀ ਨਹੀਂ ਅਤੇ ਉਹ ਆਪ ਡਰਾਈਵਰ ਨਹੀਂ ਰੱਖ ਸਕਦੇ ਕਿਉਂ ਜੋ ਡਰਾਈਵਰ ਦੀ ਤਨਖ਼ਾਹ ਵੀ ਮੰਤਰੀ ਦੀ ਤਨਖ਼ਾਹ ਜਿੰਨੀ ਹੈ। ਇਹ ਆਮਦਨ ਦੀ ਬਰਾਬਰੀ ਉਨ੍ਹਾਂ ਨੇ ਪ੍ਰਭਾਵਸ਼ਾਲੀ ਟੈਕਸੇਸ਼ਨ ਤੇ ਕਾਨੂੰਨੀ ਪ੍ਰਣਾਲੀ ਨਾਲ ਪ੍ਰਾਪਤ ਕੀਤੀ ਹੈ। ਉਨ੍ਹਾਂ ਦੇਸ਼ਾਂ ਵਿਚ ਧਨ ਦੀ ਨਾ ਬਰਾਬਰੀ ਤਾਂ ਹੋ ਸਕਦੀ ਹੈ ਪਰ ਆਮਦਨ ਦੀ ਨਾਬਰਾਬਰੀ ਪੈਦਾ ਹੀ ਨਹੀਂ ਹੋਣ ਦਿੱਤੀ ਜਾਂਦੀ।

ਪੱਛੜੇ ਦੇਸ਼ਾਂ ਦੀ ਆਮਦਨ ਨਾਬਰਾਬਰੀ ਸਿਰਫ਼ ਆਰਥਿਕ ਨਾਬਰਾਬਰੀ ਤੱਕ ਸੀਮਤ ਨਹੀਂ ਰਹਿੰਦੀ। ਉਹ ਸਮਾਜਿਕ ਨਾਬਰਾਬਰੀ ਤੇ ਸਮਾਜਿਕ ਬੁਰਾਈਆਂ ਪੈਦਾ ਕਰਦੀ ਹੈ। ਕਿਸੇ ਵੀ ਵਿਕਸਤ ਦੇਸ਼ ਵਿਚ ਇਕ ਵੀ ਬੱਚਾ ਕਿਰਤ ਨਹੀਂ ਕਰਦਾ ਜਦਕਿ ਭਾਰਤ ਦੀ 140 ਕਰੋੜ ਦੀ ਆਬਾਦੀ ਵਿੱਚੋਂ ਚਾਰ ਕਰੋੜ ਬੱਚੇ ਕਿਰਤ ਕਰਨ ਲਈ ਮਜਬੂਰ ਹਨ। ਉਨ੍ਹਾਂ ਬੱਚਿਆਂ ਕੋਲੋਂ ਸੂਰਜ ਚੜ੍ਹਨ ਤੋਂ ਪਹਿਲਾਂ ਤੋਂ ਲੈ ਕੇ ਸੂਰਜ ਡੁੱਬਣ ਤੋਂ ਬਾਅਦ ਤੱਕ ਕੰਮ ਲਿਆ ਜਾਂਦਾ ਹੈ। ਬਾਲਗਾਂ ਲਈ ਬੇਰੁਜ਼ਗਾਰੀ ਹੈ ਪਰ ਬੱਚਿਆਂ ਲਈ ਕੰਮ ਦੇ ਵਾਧੂ ਮੌਕੇ ਹਨ। ਉਨ੍ਹਾਂ ਬੱਚਿਆਂ ਕੋਲੋਂ ਬਾਲਗਾਂ ਤੋਂ ਦੁੱਗਣਾ ਕੰਮ ਲਿਆ ਜਾਂਦਾ ਹੈ ਪਰ ਤਨਖ਼ਾਹ ਬਾਲਗਾਂ ਤੋਂ ਤੀਜਾ ਹਿੱਸਾ ਦਿੱਤੀ ਜਾਂਦੀ ਹੈ ਜੋ ਕਿ ਬੱਚਿਆਂ ਦੀ ਕਿਰਤ ਦਾ ਸ਼ੋਸ਼ਣ ਹੈ। ਕਾਨੂੰਨ ਤਾਂ ਹਨ ਪਰ ਬੱਚਿਆਂ ਦੀ ਮਜਬੂਰੀ ਕਰਕੇ ਕੰਮ ਕਰਨਾ ਉਸ ਕਾਨੂੰਨ ਨੂੰ ਲਾਗੂ ਕਰਵਾਉਣ ਵਿਚ ਰੁਕਾਵਟ ਹੈ ਜਿਹੜਾ ਕਾਨੂੰਨ ਬੱਚਿਆਂ ਦੀ ਕਿਰਤ ਦੀ ਮਨਾਹੀ ਕਰਦਾ ਹੈ। ਵਿਕਸਤ ਦੇਸ਼ਾਂ ਵਿਚ ਫੈਕਟਰੀ ਦਾ ਮਾਲਕ, ਮੈਨੇਜਰ ਤੇ ਤਕਨੀਕੀ ਕਰਮਚਾਰੀ ਇਕੱਠੇ ਟੈਨਿਸ ਤੇ ਗੋਲਫ ਖੇਡਦੇ ਮੈਂ ਵੇਖੇ ਸਨ ਪਰ ਪੱਛੜੇ ਦੇਸ਼ਾਂ ਵਿਚ ਇਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਭਾਰਤ ਵਿਚ ਵਿੱਦਿਆ ਮੁਫ਼ਤ ਹੈ। ਸਿਰਫ਼ ਮੁਫ਼ਤ ਹੀ ਨਹੀਂ, ਬੱਚਿਆਂ ਦੀ ਹਾਜ਼ਰੀ ਵਧਾਉਣ ਦੀ ਕੋਸ਼ਿਸ਼ ਕਰਦਿਆਂ ਉਨ੍ਹਾਂ ਲਈ ਦੁਪਹਿਰ ਦੇ ਖਾਣੇ ਦੀ ਮੁਫ਼ਤ ਵਿਵਸਥਾ ਵੀ ਹੈ ਪਰ ਫਿਰ ਵੀ ਪਿਛਲੇ ਕਈ ਸਾਲਾਂ ਤੋਂ ਪੜ੍ਹਿਆਂ-ਲਿਖਿਆਂ ਦੀ ਦਰ ਸਿਰਫ਼ 74 ਫ਼ੀਸਦੀ ਹੈ। ਸੌ ਵਿੱਚੋਂ 26 ਬੱਚੇ ਅਜੇ ਵੀ ਅਨਪੜ੍ਹ ਹਨ ਜਦਕਿ ਪੜ੍ਹੇ- ਲਿਖੇ ਦੀ ਪਰਿਭਾਸ਼ਾ ਵੀ ਵਿਵਾਦਤ ਹੈ। ਅੱਠਵੀਂ ਜਮਾਤ ਕਰਨ ਵਾਲੇ ਨੂੰ ਪੜ੍ਹਿਆਂ-ਲਿਖਿਆਂ ਵਿਚ ਗਿਣਿਆ ਜਾਂਦਾ ਹੈ ਜਦਕਿ 8ਵੀਂ ਪਾਸ ਵਿਦਿਆਰਥੀ ਨੂੰ ਅੰਤਰਰਾਸ਼ਟਰੀ ਘਟਨਾਵਾਂ, ਰਾਜਨੀਤਕ ਪ੍ਰਣਾਲੀ ਤੇ ਆਰਥਿਕਤਾ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ। ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਬਰਾਬਰੀ ਦਾ ਅਧਿਕਾਰ ਤੇ ਹੋਰ ਮੌਲਿਕ ਅਧਿਕਾਰ ਦਿੰਦਾ ਹੈ ਪਰ ਓਹੋ ਆਰਥਿਕ ਨਾ-ਬਰਾਬਰੀ ਹੇਠਲੀ ਆਮਦਨ ਗਰੁੱਪ ਦੇ ਮਨੁੱਖੀ ਅਧਿਕਾਰਾਂ ਦੇ ਖੋਹੇ ਜਾਣ ’ਤੇ ਕੋਈ ਚਾਰਾਜੋਈ ਨਹੀਂ ਕਰਦਾ ਕਿਉਂ ਜੋ ਉਨ੍ਹਾਂ ਦੀ ਦਿਹਾੜੀ

**-ਡਾ. ਸ.ਸ. ਛੀਨਾ**

ਦੀ ਆਮਦਨ ਮਾਰੀ ਜਾਂਦੀ ਹੈ ਤੇ ਕਾਨੂੰਨੀ ਲੜਾਈ ਲੜਨ ਲਈ ਉਨ੍ਹਾਂ ਕੋਲੋਂ ਖ਼ਰਚਾ ਨਹੀਂ ਹੋ ਸਕਦਾ। ਉਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਬਾਰੇ ਜਾਣਕਾਰੀ ਦੀ ਵੀ ਘਾਟ ਹੈ। ਭਾਵੇਂ ਸੰਵਿਧਾਨ ਬਰਾਬਰੀ ਦਾ ਅਧਿਕਾਰ ਤਾਂ ਦਿੰਦਾ ਹੈ ਪਰ ਜਿਹੜੇ ਬੱਚੇ ਸਕੂਲ ’ਚ ਵਿੱਦਿਆ ਪ੍ਰਾਪਤ ਕਰਨ ਦੀ ਬਜਾਏ ਫੈਕਟਰੀਆਂ ਤੇ ਘਰਾਂ ’ਚ ਕੰਮ ਕਰਨ ਲਈ ਮਜਬੂਰ ਹਨ, ਉਹ ਬਰਾਬਰ ਦੇ ਮੌਕਿਆਂ ਦਾ ਲਾਭ ਕਿਸ ਤਰ੍ਹਾਂ ਉਠਾ ਸਕਣਗੇ ਕਿਉਂ ਜੋ ਉਹ ਬਰਾਬਰ ਦੇ ਮੌਕਿਆਂ ਦਾ ਲਾਭ ਉਠਾਉਣ ਲਈ ਘੱਟੋ-ਘੱਟ ਯੋਗਤਾ ਵੀ ਪ੍ਰਾਪਤ ਨਹੀਂ ਕਰ ਸਕਦੇ।

ਆਮਦਨ ਨਾਬਰਾਬਰੀ ਦੇ ਆਧਾਰ ’ਤੇ ਦੋ ਕਿਸਮ ਦੇ ਸਕੂਲ ਚੱਲਦੇ ਹਨ। ਇਹ ਹਨ ਨਿੱਜੀ ਖੇਤਰ ਦੇ ਪਬਲਿਕ ਸਕੂਲ ਤੇ ਦੂਸਰੇ ਹਨ ਸਰਕਾਰੀ ਸਕੂਲ। ਨਿੱਜੀ ਸਕੂਲਾਂ ਦੀਆਂ ਫੀਸਾਂ ਜ਼ਿਆਦਾ ਹਨ ਜਦਕਿ ਸਰਕਾਰੀ ਸਕੂਲ ਮੁਫ਼ਤ ਵਿੱਦਿਆ ਦਿੰਦੇ ਹਨ ਪਰ ਦਿਲਚਸਪ ਤੱਥ ਇਹ ਵੀ ਹੈ ਕਿ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੇ ਬੱਚੇ ਨਿੱਜੀ ਸਕੂਲਾਂ ’ਚ ਪੜ੍ਹ ਰਹੇ ਹਨ ਜਦਕਿ ਨਿੱਜੀ ਸਕੂਲਾਂ ਦੇ ਅਧਿਆਪਕਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਹਨ। ਇਹ ਕਿਉਂ ਹੈ ? ਇਸ ਤਰ੍ਹਾਂ ਦੀ ਪ੍ਰਣਾਲੀ ਹੀ ਇਲਾਜ ਸਬੰਧੀ ਹੈ। ਨਿੱਜੀ ਹਸਪਤਾਲ ਤੇ ਸਰਕਾਰੀ ਹਸਪਤਾਲ। ਸਰਕਾਰੀ ਹਸਪਤਾਲਾਂ ’ਚ ਇਲਾਜ ਮੁਫ਼ਤ ਹੈ ਪਰ ਸਰਕਾਰੀ ਹਸਪਤਾਲਾਂ ਵਿਚ ਨਿਰੀਖਣ ਲੈਬੋਰਟਰੀਜ਼ (ਡਾਇਗਨੋਸਟਿਕ ਲੈਬੋਰਟਰੀਜ਼) ਨਹੀਂ ਹਨ ਇੱਥੋਂ ਤੱਕ ਕਿ ਸਰਕਾਰੀ ਹਸਪਤਾਲਾਂ ਦੇ ਡਾਕਟਰ ਵੀ ਨਿੱਜੀ ਲੈਬੋਰਟਰੀਜ਼ ਦੇ ਟੈਸਟਾਂ ’ਤੇ ਨਿਰਭਰ ਕਰਦੇ ਹਨ। ਨਿੱਜੀ ਹਸਪਤਾਲਾਂ ਵਿਚ ਉੱਚੀ ਆਮਦਨ ਵਾਲੇ ਲੋਕ ਇਲਾਜ ਕਰਾਉਂਦੇ ਹਨ ਜਦੋਂਕਿ ਘੱਟ ਆਮਦਨ ਵਾਲੇ ਲੋਕ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਤੋਂ ਇਲਾਜ ਕਰਾਉਂਦੇ ਹਨ। ਇਹ ਵਿਤਕਰਾ ਆਮਦਨ ਦੀ ਨਾਬਰਾਬਰੀ ਕਰਕੇ ਹੁੰਦਾ ਹੈ। ਅੱਜ-ਕੱਲ੍ਹ ਬਹੁਤੇ ਨੌਜਵਾਨ ਨਸ਼ਿਆਂ ਦੇ ਆਦੀ ਬਣ ਚੁੱਕੇ ਹਨ। ਉਹ ਆਪਣੇ ਹੀ ਘਰ ਤੋਂ ਭਾਂਡੇ, ਪੈਸੇ ਅਤੇ ਹੋਰ ਕੀਮਤੀ ਵਸਤਾਂ ਚੋਰੀ ਕਰ ਕੇ ਵੇਚ ਦਿੰਦੇ ਹਨ। ਅਰਥ ਸ਼ਾਸਤਰ ਦਾ ਇਹ ਨਿਯਮ ਹੈ ਕਿ ਜੇ ਸਮਾਜ ਦੀ ਖ਼ਰੀਦ ਸ਼ਕਤੀ ਘੱਟ ਹੋਵੇਗੀ ਤਾਂ ਉੱਥੇ ਵਸਤਾਂ ਦੀ ਮੰਗ ਘੱਟ ਹੋਵੇਗੀ। ਜੇ ਮੰਗ ਨਹੀਂ ਤਾਂ ਵਸਤਾਂ ਬਣਾਉਣ ਦੀ ਲੋੜ ਨਹੀਂ ਪਵੇਗੀ। ਨਾ ਕਿਰਤੀਆਂ ਦੀ ਲੋੜ ਪਵੇਗੀ। ਇਸ ਕਰਕੇ ਬੇਰੁਜ਼ਗਾਰੀ ਫੈਲ ਜਾਵੇਗੀ।

ਸੰਨ 1917 ਵਿਚ ਦੁਨੀਆ ਵਿਚ ਪਹਿਲੀ ਵਾਰ ਰੂਸ ਵਿਚ ਕਿਰਤੀਆਂ ਤੇ ਕਿਸਾਨਾਂ ਦੀ ਸਰਕਾਰ ਬਣੀ ਸੀ ਜਿਸ ਨੇ ਰੁਜ਼ਗਾਰ ਦੇ ਅਧਿਕਾਰ ਨੂੰ ਬੁਨਿਆਦੀ ਅਧਿਕਾਰ ਬਣਾਇਆ ਸੀ। ਰੁਜ਼ਗਾਰ ਨਾ ਦੇਣ ਦੀ ਹਾਲਤ ਵਿਚ ਬੇਰੁਜ਼ਗਾਰੀ ਭੱਤਾ ਦਿੱਤਾ ਗਿਆ, ਆਮਦਨ ਬਰਾਬਰੀ ਪੈਦਾ ਕੀਤੀ ਗਈ। ਉਤਪਾਦਨ ਦੇ ਸਭ ਸਾਧਨਾਂ ’ਤੇ ਸਰਕਾਰ ਦਾ ਅਧਿਕਾਰ ਸੀ। ਹਰ ਕੋਈ ਕਿਰਤੀ ਸੀ। ਸਰਕਾਰ ਵੱਲੋਂ ਰੁਜ਼ਗਾਰ ਦਿੱਤਾ ਜਾਂਦਾ। ਦੁਰਘਟਨਾ ਦੀ ਹਾਲਤ ਵਿਚ ਅਤੇ ਬਿਮਾਰੀ ਲਈ ਪੂਰਾ ਖ਼ਰਚਾ ਅਤੇ ਬੁਢਾਪਾ ਪੈਨਸ਼ਨ ਆਦਿ ਵੀ ਸਮਾਜਿਕ ਸੁਰੱਖਿਆ ਵਜੋਂ ਦਿੱਤੀ ਗਈ। ਸਮਾਜਵਾਦ ਦੂਸਰੀ ਸੰਸਾਰ ਜੰਗ ਤੋਂ ਬਾਅਦ ਬਹੁਤ ਸਾਰੇ ਪੂਰਬੀ ਯੂਰਪ ਦੇ ਦੇਸ਼ਾਂ ਵਿਚ ਅਪਣਾਇਆ ਗਿਆ। ਸੰਨ 1949 ਵਿਚ ਦੁਨੀਆ ਵਿਚ ਸਭ ਤੋਂ ਵੱਧ ਵਸੋਂ ਵਾਲੇ ਦੇਸ਼ ਚੀਨ ਨੇ ਵੀ ਸਮਾਜਵਾਦ ਅਪਣਾ ਲਿਆ। ਪੱਛਮੀ ਦੇਸ਼ਾਂ ਦੇ ਬਹੁਤ ਸਾਰੇ ਲੋਕ ਇਨ੍ਹਾਂ ਸਮਾਜਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਸਨ ਪਰ ਉਨ੍ਹਾਂ ਸਰਕਾਰਾਂ ਨੇ ਸਭ ਕੁਝ ਉਹ ਅਪਣਾ ਲਿਆ ਜੋ ਸਮਾਜਵਾਦੀ ਦੇਸ਼ਾਂ ਵਿਚ ਮੁੱਖ ਤੌਰ ’ਤੇ ਸੀ। ਉਨ੍ਹਾਂ ਨੇ ਰੁਜ਼ਗਾਰ ਯਕੀਨੀ ਕੀਤਾ ਜਾਂ ਬੇਰੁਜ਼ਗਾਰੀ ਭੱਤਾ ਦਿੱਤਾ ਤਾਂ ਕਿ ਖ਼ਰੀਦ ਸ਼ਕਤੀ ਨਾ ਘਟੇ। ਬੁਢਾਪਾ ਪੈਨਸ਼ਨ ਦਿੱਤੀ, ਵਿੱਦਿਆ ਤੇ ਇਲਾਜ ਮੁਫ਼ਤ ਕੀਤੇ ਤਾਂ ਕਰ ਪ੍ਰਣਾਲੀ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ, ਸਮਾਜਿਕ ਸੁਰੱਖਿਆ ਨੂੰ ਹਰ ਇਕ ਲਈ ਯਕੀਨੀ ਬਣਾਇਆ। ਇਸ ਸਭ ਦੀ ਬੁਨਿਆਦ ਬਰਾਬਰ ਆਮਦਨ ’ਤੇ ਆਧਾਰਤ ਸੀ। ਇਸ ਲਈ ਉਨ੍ਹਾਂ ਦੇਸ਼ਾਂ ਦਾ ਵਿਕਾਸ ਲਗਾਤਾਰ ਚੱਲਣ ਵਾਲਾ ਵਿਕਾਸ ਬਣਿਆ ਜਿਸ ਦੇ ਨਾਲ ਹੀ ਜਿੱਥੇ ਆਰਥਿਕ ਬਰਾਬਰੀ ਦਾ ਸਮਾਜ ਬਣਿਆ, ਉੱਥੇ ਹੀ ਸਮਾਜਿਕ ਬਰਾਬਰੀ ਆਈ ਅਤੇ ਸਮਾਜਿਕ ਬੁਰਾਈਆਂ ਖ਼ਤਮ ਹੋ ਗਈਆਂ। ਵਿਕਾਸ ਕਰ ਰਹੇ ਦੇਸ਼ਾਂ ਜਿਵੇਂ ਭਾਰਤ ਵਿਚ ਹਰ ਚੋਣ ਦੇ ਸਮੇਂ ਭਾਵੇਂ ਵਾਅਦਾ ਤਾਂ ਇਹੋ ਕੀਤਾ ਜਾਂਦਾ ਹੈ ਕਿ ਚੋਣਾਂ ਤੋਂ ਬਾਅਦ ਆਮਦਨ ਬਰਾਬਰੀ ਹੋਵੇਗੀ ਤੇ ਸਮਾਜਿਕ ਬੁਰਾਈਆਂ ਦੂਰ ਹੋ ਜਾਣਗੀਆਂ ਪਰ ਇਸ ’ਤੇ ਅਮਲ ਕਰਨ ਲਈ ਕਦੇ ਵੀ ਉਸ ਪ੍ਰਣਾਲੀ ਬਾਰੇ ਨਹੀਂ ਵਿਚਾਰਿਆ ਗਿਆ ਜੋ ਆਮਦਨ ਬਰਾਬਰੀ ਪੈਦਾ ਕਰੇਗੀ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਨਿਊਯਾਰਕ 'ਚ ਧੋਖਾਧੜੀ ਦੇ ਦੋਸ਼ ਹੇਠ ਮੇਹੁਲ ਗੋਸਵਾਮੀ ਨਾਂ ਦਾ ਭਾਰਤੀ ਗ੍ਰਿਫ਼ਤਾਰ ਸਰਕਾਰੀ ਨੌਕਰੀ ਦੌਰਾਨ ਪ੍ਰਾਈਵੇਟ ਨੌਕਰੀ ਵੀ ਕਰਦਾ ਰਿਹਾ

## ਜੇਕਰ ਦੋਸ਼ੀ ਠਹਿਰਾਇਆ ਜਾਂਦਾ ਹੈ ਤਾਂ 15 ਸਾਲ ਦੀ ਕੈਦ ਤੇ ਜੁਰਮਾਨਾ ਹੋ ਸਕਦਾ

ਨਿਊਯਾਰਕ, (ਰਾਜ ਗੋਗਨਾ) : ਸੰਯੁਕਤ ਰਾਜ ਅਮਰੀਕਾ ਵਿੱਚ ਦੋ ਨੌਕਰੀਆਂ ਕਰਨ ਵਾਲੇ ਇੱਕ ਭਾਰਤੀ ਵਿਅਕਤੀ ਨੂੰ ਉੱਥੋਂ ਦੇ ਅਧਿਕਾਰੀਆਂ ਨੇ ਗ੍ਰਿਫਤਾਰ ਕਰ ਲਿਆ ਹੈ।
ਇਹ ਇਹ ਵਿਅਕਤੀ ਜਿਸ ਦਾ ਨਾਂ ਮੇਹੁਲ ਗੋਸਵਾਮੀ (39) ਨਿਊਯਾਰਕ ਵਿੱਚ ਰਹਿੰਦਾ ਹੈ। ਅਤੇ ਨਿਊਯਾਰਕ ਸਟੇਟ ਇਨਫਰਮੇਸ਼ਨ ਟੈਕਨਾਲੋਜੀ ਸਰਵਿਸਿਜ਼ ਦਫਤਰ ਵਿੱਚ ਇੱਕ ਸਰਕਾਰੀ ਕਰਮਚਾਰੀ ਦੇ ਵਜੋਂ ਕੰਮ ਕਰਦਾ ਸੀ। ਇਸ ਦੇ ਨਾਲ ਹੀ, ਉਹ ਮਾਰਚ 2022 ਤੋਂ ਮਾਲਟਾ ਵਿੱਚ ਗਲੋਬਲ ਫਾਊਂਡਰੀਜ਼ ਨਾਮਕ ਇੱਕ ਸੈਮੀਕੰਡਕਟਰ ਕੰਪਨੀ ਵਿੱਚ ਠੇਕੇਦਾਰ ਵਜੋਂ ਕੰਮ ਕਰ ਰਿਹਾ ਸੀ, ਇੱਕ ਈਮੇਲ ਰਾਹੀਂ ਇਸ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ, ਅਧਿਕਾਰੀਆਂ ਨੇ ਜਾਂਚ ਸ਼ੁਰੂ ਕੀਤੀ ਅਤੇ ਪੁਸ਼ਟੀ ਕੀਤੀ ਕਿ ਉਹ ਦੋ ਨੌਕਰੀਆਂ ਕਰ ਰਿਹਾ ਸੀ। ਸਰਕਾਰੀ ਕਰਮਚਾਰੀਆਂ ਨੂੰ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ, ਪਰ ਗੋਸਵਾਮੀ ਨੇ ਇਸ ਦੀ



ਉਲੰਘਣਾ ਕੀਤੀ, ਗੋਸਵਾਮੀ ਨੂੰ ਇਸ ਮਹੀਨੇ ਦੀ 15 ਤਰੀਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਇੱਕ ਜੱਜ ਦੇ ਸਾਹਮਣੇ ਅਦਾਲਤ ਚ' ਪੇਸ਼ ਕੀਤਾ ਗਿਆ ਸੀ। ਬਾਅਦ ਵਿੱਚ ਉਸਨੂੰ ਨਿੱਜੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ। ਜੇਕਰ ਮੁਕੱਦਮੇ ਦੌਰਾਨ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਉਸਨੂੰ 15 ਸਾਲ ਤੱਕ ਦੀ ਕੈਦ ਅਤੇ ਜੁਰਮਾਨਾ ਹੋ ਸਕਦਾ ਹੈ।

# ਅਦਾਲਤ ਵੱਲੋਂ ਕੈਂਸਰ ਨਾਲ ਪੀੜਤ ਧੀ ਦੇ ਪ੍ਰਵਾਸੀ ਪਿਤਾ ਦੀ ਗ੍ਰਿਫਤਾਰ ਗੈਰ ਕਾਨੂੰਨ ਕਰਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇੱਕ ਸੰਘੀ ਜੱਜ ਨੇ ਸ਼ਿਕਾਗੋ ਦੇ ਇੱਕ ਪਰਵਾਸੀ , ਜਿਸ ਦੀ 16 ਸਾਲਾ ਧੀ ਨੂੰ ਅਗਲੇ ਪੱਧਰ ਦਾ ਕੈਂਸਰ ਹੈ, ਦੀ ਇਮੀਗ੍ਰੇਸ਼ਨ ਵਿਭਾਗ ਦੁਆਰਾ ਗ੍ਰਿਫਤਾਰੀ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਹੈ ਤੇ ਕਿਹਾ ਹੈ ਕਿ ਉਸ ਦੀ 31 ਅਕਤੂਬਰ ਤੱਕ ਬਾਂਡ ਉਪਰ ਰਿਹਾਈ ਬਾਰੇ ਸੁਣਵਾਈ ਹੋਣੀ ਜਰੂਰੀ ਹੈ। 40 ਸਾਲਾ ਰੂਬਨ ਟੋਰਸ ਮੈਲਡੋਨਾਡੋ ਜਿਸ ਨੂੰ 18 ਅਕਤੂਬਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ, ਦੇ ਵਕੀਲ ਨੇ ਪਟੀਸ਼ਨ ਦਾਇਰ ਕਰਕੇ ਕਿਹਾ ਹੈ ਕਿ ਉਸ ਨੂੰ ਰਿਹਾਅ ਕੀਤਾ ਜਾਵੇ ਕਿਉਂਕਿ ਉਸ ਦੇ ਦੇਸ਼ ਨਿਕਾਲੇ ਦਾ ਮਾਮਲਾ ਪ੍ਰਕ੍ਰਿਆ ਅਧੀਨ ਹੈ। ਯੂ ਐਸ ਡਿਸਟ੍ਰਿਕਟ ਜੱਜ ਜਰਮੀ ਡੈਨੀਅਲ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਟੋਰਸ ਦੀ ਗ੍ਰਿਫਤਾਰੀ ਗੈਰ ਕਾਨੂੰਨੀ ਹੈ ਤੇ ਇਹ ਉਸ ਦੇ ਅਧਿਕਾਰਾਂ ਦੀ ਉਲੰਘਣਾ ਹੈ। ਹਾਲਾਂ ਕਿ ਇਸ ਦੇ ਨਾਲ ਹੀ ਜੱਜ ਨੇ ਕਿਹਾ ਕਿ ਉਹ ਟੋਰਸ ਦੀ ਤੁਰੰਤ ਰਿਹਾਈ ਦੇ ਆਦੇਸ਼ ਨਹੀਂ ਦੇ ਸਕਦਾ। ਜੱਜ ਨੇ ਆਪਣੇ ਫੈਸਲੇ ਵਿੱਚ ਲਿਖਿਆ 'ਉਸ ਨੂੰ ਪਟੀਸ਼ਨਰ ਨਾਲ ਉਸ ਦੀ ਧੀ ਦੀ ਸਿਹਤ ਸਬੰਧੀ ਫਿਕਰਮੰਦੀ ਨੂੰ ਲੈ ਕੇ ਹਮਦਰਦੀ ਹੈ, ਅਦਾਲਤ ਸਬੰਧਤ ਸਟੇਟਸ ਤੇ ਨਿਯਮਾਂ ਤਹਿਤ ਕਾਰਵਾਈ ਕਰੇ।' ਟੋਰਸ ਦੇ ਵਕੀਲ ਨੇ ਜੱਜ ਦੇ ਨਿਰਣੇ ਨੂੰ ਜਿੱਤ ਕਰਾਰ ਦਿੰਦਿਆਂ ਕਿਹਾ ਹੈ ਕਿ ਉਹ ਹੁਣ ਇਮੀਗ੍ਰੇਸ਼ਨ ਅਦਾਲਤ ਵਿੱਚ ਜਾਣਗੇ ਤਾਂ ਜੋ ਉਸ ਨੂੰ ਰਿਹਾਅ ਕਰਵਾਇਆ ਜਾ ਸਕੇ। ਵਕੀਲ ਅਨੁਸਾਰ ਟੋਰਸ ਪੀ ਆਰ ਲਈ ਦਰਖਾਸਤ ਦੇਵੇਗਾ। ਵਕੀਲ ਅਨੁਸਾਰ ਟੋਰਸ 2023 ਵਿੱਚ ਅਮਰੀਕਾ ਆਇਆ ਸੀ। ਟੋਰਸ ਤੇ ਉਸ ਦੀ ਸਾਥਣ ਸੈਂਡੀਬੈਲ ਹਿਡਾਲਗੋ ਦਾ ਇਕ 4 ਸਾਲ ਦਾ ਪੁੱਤਰ ਵੀ ਹੈ। ਮਾਂ-ਪੁੱਤ ਦੋਨੋਂ ਅਮਰੀਕੀ ਨਾਗਰਿਕ ਹਨ।

# ਅਮਰੀਕੀ ਸੀਨੇਟ ਨੇ ਬ੍ਰਾਜ਼ੀਲ 'ਤੇ 50 .ਫ਼ੀ ਸਦੀ ਟੈਰਿਫ ਲਗਾਉਣ ਵਾਲੇ ਮਤੇ ਨੂੰ ਕੀਤਾ ਖਾਰਿਜ

## ਅਮਰੀਕੀ ਸੀਨੇਟ ਨੇ ਬ੍ਰਾਜ਼ੀਲ 'ਤੇ 50 .ਫ਼ੀ ਸਦੀ ਟੈਰਿਫ ਲਗਾਉਣ ਵਾਲੇ ਮਤੇ ਨੂੰ ਕੀਤਾ ਖਾਰਿਜ

ਵਾਸ਼ਿੰਗਟਨ : ਅਮਰੀਕੀ ਸੀਨੇਟ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ 50 ਫ਼ੀ ਸਦੀ ਟੈਰਿਫ਼ ਲਗਾਉਣ ਨੂੰ ਰੋਕਣ ਦੇ ਲਈ 52 ਵਿਚੋਂ 48 ਵੋਟ ਦਿੱਤੇ ਹਨ। ਪੋਲੀਟਿਕੋ ਦੀ ਰਿਪੋਰਟ ਅਨੁਸਾਰ ਬ੍ਰਾਜ਼ੀਲ ਦੇ ਰਾਸ਼ਟਰਪਤੀ ਨੇ ਜੁਲਾਈ 'ਚ ਲਾਗੂ ਕੀਤੇ ਗਏ ਰਾਸ਼ਟਰੀ ਐਮਰਜੈਂਸੀ ਦੇ ਐਲਾਨ ਨੂੰ ਖਾਰਿਜ ਕਰ ਦਿੱਤਾ ਹੈ।
ਪੋਲੀਟਿਕੋ ਅਨੁਸਾਰ ਮੰਗਲਵਾਰ ਨੂੰ ਪਈਆਂ ਵੋਟਾਂ 'ਚ ਪੰਜ ਰਿਪਬਲੀਕਨ ਸੀਨੇਟਰਾਂ ਉਤਰੀ ਕੈਰੋਲੀਨਾ ਤੋਂ ਥਾਮ ਟਿਲਿਸ, ਮੇਨ ਤੋਂ ਸੁਜੈਨ ਕੋਲਿਨਸ, ਅਲਾਸਕਾ ਤੋਂ ਲਿਸਾ ਮੁਰਕਾਵਸਕੀ, ਕੇਂਟਕੀ ਤੋਂ ਮਿਚ ਮੈਕਕੋਨੇਲ ਅਤੇ ਕੇਂਟਕੀ ਤੋਂ ਰੈਂਡ ਪਾਲ ਨੇ ਮਤੇ ਦਾ ਸਮਰਥਨ ਕਰਨ 'ਚ ਡੈਮੋਕਰੇਟਸ ਦਾ ਸਾਥ ਦਿੱਤਾ।
ਇਹ ਵੋਟਾਂ, ਜੋ ਬ੍ਰਾਜ਼ੀਲ, ਕੈਨੇਡਾ ਅਤੇ ਹੋਰ ਦੇਸ਼ਾਂ 'ਤੇ ਟਰੰਪ ਦੇ ਟੈਰਿਫ ਨੂੰ ਨਿਸ਼ਾਨਾ ਬਣਾਉਣ ਵਾਲੇ ਤਿੰਨ ਸੰਭਾਵਿਤ ਮਤਿਆਂ ਦੀ ਲੜੀ ਦੇ ਰੂਪ ਵਿਚ ਹੋਇਆ ਹੈ। ਅਮਰੀਕੀ ਕਿਸਾਨਾਂ ਅਤੇ ਛੋਟੇ ਕਾਰੋਬਾਰਾਂ 'ਤੇ ਰਾਸ਼ਟਰਪਤੀ ਦੀਆਂ ਵਪਾਰਕ ਨੀਤੀਆਂ ਦੇ ਆਰਥਿਕ ਪ੍ਰਭਾਵ ਨੂੰ ਲੈ ਕੇ ਕਾਂਗਰਸ ਵਿੱਚ ਵਧਦੀਆਂ ਚਿੰਤਾਵਾਂ ਨੂੰ ਉਜਾਗਰ ਕਰਦੀ ਹੈ।
ਟੈਰਿਫ ਦੇ ਇੱਕ ਪ੍ਰਮੁੱਖ ਆਲੋਚਕ ਸੈਨੇਟਰ ਰੈਂਡ ਪੌਲ ਨੇ ਕਿਹਾ ਕਿ ਐਮਰਜੈਂਸੀ ਜੰਗਾਂ, ਅਕਾਲ ਅਤੇ ਤੂਫਾਨਾਂ ਵਰਗੀਆਂ ਹਨ। ਕਿਸੇ ਦੇ ਟੈਰਿਫ ਨੂੰ ਨਾਪਸੰਦ ਕਰਨਾ ਐਮਰਜੈਂਸੀ ਨਹੀਂ ਹੈ। ਇਹ ਐਮਰਜੈਂਸੀ ਸ਼ਕਤੀ ਦੀ ਦੁਰਵਰਤੋਂ ਹੈ ਅਤੇ ਕਾਂਗਰਸ ਟੈਕਸ ਵਿੱਚ ਆਪਣੀ ਰਵਾਇਤੀ ਭੂਮਿਕਾ ਨੂੰ ਛੱਡ ਰਹੀ ਹੈ, ਜਿਵੇਂ ਕਿ ਪੋਲੀਟੀਕੋ ਦੁਆਰਾ ਹਵਾਲਾ ਦਿੱਤਾ ਗਿਆ ਹੈ।
ਓਰੇਗਨ ਦੇ ਡੈਮੋਕ੍ਰੇਟਿਕ ਸੈਨੇਟਰ ਰੌਨ ਵਾਈਡਨ, ਜੋ ਕੈਨੇਡੀਅਨ ਅਤੇ ਗਲੋਬਲ ਟੈਰਿਫ ਦੇ ਵਿਰੁੱਧ ਮਤਿਆਂ ਨੂੰ ਸਹਿ-ਪ੍ਰਯੋਜਿਤ ਕਰ ਰਹੇ ਹਨ, ਨੇ ਕਿਹਾ ਕਿ ਕਾਨੂੰਨ ਨਿਰਮਾਤਾਵਾਂ ਵਿੱਚ ਨਿਰਾਸ਼ਾ ਵਧ ਰਹੀ ਹੈ ਕਿਉਂਕਿ ਉਨ੍ਹਾਂ ਦੇ ਹਲਕੇ ਵਪਾਰਕ ਉਪਾਵਾਂ ਕਾਰਨ ਵਧੀਆਂ ਕੀਮਤਾਂ ਅਤੇ ਆਰਥਿਕ ਤਣਾਅ ਬਾਰੇ ਸ਼ਿਕਾਇਤ ਕਰਦੇ ਹਨ। ਇਹ ਪ੍ਰਸਤਾਵ ਅਮਰੀਕੀ ਕਿਸਾਨਾਂ ਅਤੇ ਛੋਟੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਉਪਾਵਾਂ ਦੀ ਇੱਕ ਲੜੀ ਦੇ ਹਿੱਸੇ ਵਜੋਂ ਆਉਂਦੇ ਹਨ।

# ਲਾਸ ਏਂਜਲਸ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਉਡਾਣਾਂ ਰੋਕੀਆਂ

ਲਾਸ ਏਂਜਲਸ : ਅਮਰੀਕਾ ਦੇ ਦੱਖਣੀ ਕੈਲੀਫੋਰਨੀਆ ਹਵਾਈ ਆਵਾਜਾਈ ਕੰਟਰੋਲ ਕੇਂਦਰ ਵਿਚ ਸਟਾਫ ਦੀ ਘਾਟ ਕਾਰਨ ਲਾਸ ਏਂਜਲਸ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਉਡਾਣਾਂ ਕੁਝ ਸਮੇਂ ਲਈ ਰੋਕ ਦਿੱਤੀਆਂ ਗਈਆਂ ਹਨ।
ਫੈੱਡਰਲ ਏਵੀਏਸ਼ਨ ਪ੍ਰਸ਼ਾਸਨ (ਐੱਫ. ਏ. ਏ.) ਨੇ ਇਹ ਜਾਣਕਾਰੀ ਦਿੱਤੀ ਹੈ। ਏਜੰਸੀ ਨੇ ਸ਼ਿਕਾਗੋ, ਵਾਸ਼ਿੰਗਟਨ ਅਤੇ ਨੇਵਾਰਕ (ਨਿਊਜਰਸੀ) ਵਿਚ ਸਟਾਫ ਦੀ ਘਾਟ ਕਾਰਨ ਉਡਾਣ ਸੰਚਾਲਨ ਵਿਚ ਦੇਰੀ ਦੀ ਰਿਪੋਰਟ ਵੀ ਕੀਤੀ। ਐੱਫ. ਏ. ਏ. ਨੇ ਦੁਨੀਆ ਦੇ ਸਭ ਤੋਂ ਬਿਜ਼ੀ ਹਵਾਈ ਅੱਡੇ 'ਤੇ ਉਡਾਣ ਸੰਚਾਲਨ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ।
ਇਸ ਤੋਂ ਤੁਰੰਤ ਬਾਅਦ ਅਮਰੀਕੀ ਆਵਾਜਾਈ ਸਕੱਤਰ ਸੀਨ ਡਫੀ ਨੇ ਖਦਸ਼ਾ



ਪ੍ਰਗਟਾਇਆ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਉਡਾਣਾਂ 'ਚ ਦੇਰੀ ਹੋ ਸਕਦੀ ਜਾਂ ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ ਕਿਉਂਕਿ ਦੇਸ਼ ਦੇ ਹਵਾਈ ਆਵਾਜਾਈ ਕੰਟਰੋਲਰ ਸੰਘੀ ਸਰਕਾਰ ਦੇ 'ਸ਼ਟਡਾਊਨ' ਦੌਰਾਨ ਬਿਨਾਂ ਤਨਖਾਹ ਦੇ ਕੰਮ ਕਰ ਰਹੇ ਹਨ।

# ਦਿੱਲੀ ਪਹੁੰਚਿਆ ਅਮਰੀਕਾ ਤੋਂ ਡਿਪੋਰਟ ਹੋਏ ਭਾਰਤੀਆਂ ਦਾ ਇਕ ਹੋਰ ਜਹਾਜ਼ !ਬੇੜੀਆਂ ਚ ਬੰਨ੍ਹ ਕੇ...

ਗ਼ੈਰ-ਕਾਨੂੰਨੀ ਪ੍ਰਵਾਸੀਆਂ ਖ਼ ?ਲਾਫ਼ ਅਮਰੀਕਾ ਦੀ ਟਰੰਪ ਸਰਕਾਰ ਲਗਾਤਾਰ ਠੋਸ ਕਦਮ ਚੁੱਕ ਰਹੀ ਹੈ। ਇਸੇ ਦੌਰਾਨ ਅਮਰੀਕਾ ਨੇ ਗ਼ੈਰ-ਕਾਨੂੰਨੀ ਢੰਗ ਨਾਲ ਡੰਕੀ ਰੂਟ ਰਾਹੀਂ ਅਮਰੀਕਾ ਪਹੁੰਚਣ ਵਾਲੇ ਹਰਿਆਣਾ ਦੇ 49 ਨੌਜਵਾਨਾਂ ਨੂੰ ਡਿਪੋਰਟ ਕਰ ਕੇ ਭਾਰਤ ਭੇਜ ਦਿੱਤਾ ਹੈ। ਇਕ ਵਿਸ਼ੇਸ਼ ਜਹਾਜ਼ ਰਾਹੀਂ ਇਨ੍ਹਾਂ ਨੌਜਵਾਨਾਂ ਨੂੰ ਦਿੱਲੀ ਏਅਰਪੋਰਟ 'ਤੇ ਬੇੜੀਆਂ 'ਚ ਬੰਨ੍ਹ ਕੇ ਉਤਾਰਿਆ ਗਿਆ। ਅਮਰੀਕੀ ਸੁਰੱਖਿਆ ਏਜੰਸੀਆਂ ਨੇ ਇਨ੍ਹਾਂ ਨੂੰ ਅਧਿਕਾਰਤ ਪ੍ਰਕਿਰਿਆ ਤਹਿਤ ਭਾਰਤੀ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਹਵਾਲੇ ਕੀਤਾ। ਏਅਰਪੋਰਟ 'ਤੇ ਹਰਿਆਣਾ ਪੁਲਸ ਦੀਆਂ ਵਿਸ਼ੇਸ਼ ਟੀਮਾਂ ਪਹਿਲਾਂ ਤੋਂ ਹੀ ਮੌਜੂਦ ਸਨ।
ਜਿਨ੍ਹਾਂ ਨੌਜਵਾਨਾਂ ਖਿਲਾਫ ਅਪਰਾਧਕ ਜਾਂ ਕਿਸੇ ਗਿਰੋਹ ਨਾਲ ਜੁੜੇ ਹੋਣ ਬਾਰੇ ਜਾਣਕਾਰੀ ਸੀ, ਉਨ੍ਹਾਂ ਨੂੰ ਮੌਕੇ 'ਤੇ ਹੀ ਹਿਰਾਸਤ 'ਚ ਲੈ ਲਿਆ ਗਿਆ। ਬਾਕੀ ਨੌਜਵਾਨਾਂ ਨੂੰ ਕਾਗਜ਼ੀ ਕਾਰਵਾਈ ਤੋਂ ਬਾਅਦ ਉਨ੍ਹਾਂ ਦੇ ਗ੍ਰਿਹਿ ਜ਼ਿਲਿਆਂ 'ਚ ਭੇਜ ਦਿੱਤਾ ਗਿਆ। ਡਿਪੋਰਟ ਹੋਏ ਇਕ ਨੌਜਵਾਨ ਨੇ ਦੱਸਿਆ ਕਿ 3 ਨਵੰਬਰ ਨੂੰ ਇਕ ਹੋਰ ਜਹਾਜ਼ ਭਾਰਤ ਆਉਣ ਵਾਲਾ ਹੈ, ਜਿਸ 'ਚ ਕੈਥਲ ਅਤੇ ਆਸਪਾਸ ਇਲਾਕਿਆਂ ਦੇ ਕਈ ਹੋਰ ਨੌਜਵਾਨਾਂ ਦੇ ਡਿਪੋਰਟ ਹੋਣ ਦੀ ਸੰਭਾਵਨਾ ਹੈ।
ਡਿਪੋਰਟ ਹੋਏ ਨੌਜਵਾਨਾਂ 'ਚ ਸਭ ਤੋਂ ਵੱਡਾ ਮਾਮਲਾ ਕੈਥਲ ਦੇ ਪਿੰਡ ਤਿਤਰਮ ਨਿਵਾਸੀ ਲਖਵਿੰਦਰ ਉਰਫ ਲੱਖਾ ਦਾ ਹੈ। ਲੱਖਾ ਲਾਰੈਂਸ ਬਿਸ਼ਨੋਈ ਅਤੇ ਅਨਮੋਲ ਬਿਸ਼ਨੋਈ ਗਿਰੋਹ ਦਾ ਸਰਗਰਮ ਮੈਂਬਰ ਹੈ ਅਤੇ 2022 ਤੋਂ ਅਮਰੀਕਾ 'ਚ ਬੈਠ ਕੇ ਹਰਿਆਣਾ, ਪੰਜਾਬ ਅਤੇ ਰਾਜਸਥਾਨ ਦੇ ਵਪਾਰੀਆਂ ਤੋਂ ਫਿਰੌਤੀ ਮੰਗਣ ਦੇ ਨੈੱਟਵਰਕ ਦਾ ਸੰਚਾਲਨ ਕਰ ਰਿਹਾ ਸੀ। ਹਰਿਆਣਾ ਐੱਸ.ਟੀ.ਐੱਫ. ਦੀ ਅੰਬਾਲਾ ਯੂਨਿਟ ਨੇ ਗੈਂਗਸਟਰ ਲਾਰੈਂਸ ਦੇ ਕਰੀਬੀ ਲਖਵਿੰਦਰ ਉਰਫ ਲੱਖਾ ਨੂੰ ਗ੍ਰਿਫਤਾਰ ਕਰ ਲਿਆ।
ਐੱਸ.ਟੀ.ਐੱਫ. ਨੇ ਉਸ ਦੇ ਖਿਲਾਫ 2023 'ਚ ਲੁਕਆਊਟ ਸਰਕੂਲਰ (ਐੱਲ.ਓ.ਸੀ.) ਅਤੇ 2024 'ਚ ਰੈੱਡ ਕਾਰਨਰ ਨੋਟਿਸ (ਆਰ.ਸੀ.ਐੱਨ.) ਜਾਰੀ ਕਰਵਾਇਆ ਸੀ। ਲੱਗਭਗ ਇਕ ਸਾਲ ਤੱਕ ਚੱਲੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਦੇ ਤਾਲਮੇਲ ਅਤੇ ਕਾਨੂੰਨੀ ਪ੍ਰਕਿਰਿਆ ਤੋਂ ਬਾਅਦ ਉਸ ਨੂੰ ਅਮਰੀਕਾ ਤੋਂ ਡਿਪੋਰਟ ਕਰ ਭਾਰਤ ਲਿਆਂਦਾ ਗਿਆ। ਹਰਿਆਣਾ 'ਚ ਉਸ ਦੇ ਖਿਲਾਫ 6 ਅਪਰਾਧਕ ਮਾਮਲੇ ਦਰਜ ਹਨ।
ਕਿਸ ਜ਼ਿਲੇ ਦੇ ਕਿੰਨੇ ਨੌਜਵਾਨ ਪਰਤੇ
ਕਰਨਾਲ-16, ਕੈਥਲ-15, ਅੰਬਾਲਾ-5, ਯਮੁਨਾਨਗਰ-4, ਕੁਰੂਕਸ਼ੇਤਰ-3, ਜੀਂਦ-3, ਸੋਨੀਪਤ-1, ਪੰਚਕੂਲਾ-1, ਫਤਿਹਾਬਾਦ-1

**ਕਈ ਮਹੀਨੇ ਜੇਲਾਂ ਅਤੇ ਡਿਟੈਂਸ਼ਨ ਕੈਂਪਾਂ 'ਚ ਰੱਖਿਆ**

ਡਿਪੋਰਟ ਹੋਏ ਨੌਜਵਾਨਾਂ 'ਚ ਜ਼ਿਆਦਾਤਰ ਉਹ ਹਨ, ਜਿਨ੍ਹਾਂ ਨੇ ਆਪਣੇ ਪਰਿਵਾਰ ਦੀ ਜ਼ਮੀਨ, ਗਹਿਣੇ ਵੇਚ ਕੇ ਅਤੇ ਵਿਆਜ 'ਤੇ ਪੈਸੇ ਲੈ ਕੇ ਡੰਕੀ ਰੂਟ ਰਾਹੀਂ ਅਮਰੀਕਾ ਜਾਣ ਦੀ ਕੋਸ਼ਿਸ਼ ਕੀਤੀ ਸੀ ਪਰ ਉੱਥੇ ਪੁੱਜਦਿਆਂ ਹੀ ਉਨ੍ਹਾਂ ਨੂੰ ਸੀਮਾ ਸੁਰੱਖਿਆ ਫੋਰਸਾਂ ਨੇ ਫੜ ਲਿਆ ਅਤੇ ਕਈ ਮਹੀਨਿਆਂ ਤੱਕ ਜੇਲਾਂ ਅਤੇ ਡਿਟੈਂਸ਼ਨ ਕੈਂਪਾਂ 'ਚ ਰੱਖਿਆ।
ਡਿਪੋਰਟ ਹੋ ਕੇ ਪਰਤੇ ਕੈਥਲ ਨਿਵਾਸੀ ਨਰੇਸ਼ ਕੁਮਾਰ ਨੇ ਦੱਸਿਆ ਕਿ ਨੌਜਵਾਨਾਂ ਨੂੰ ਪਹਿਲਾਂ ਦਿੱਲੀ ਤੋਂ ਬ੍ਰਾਜ਼ੀਲ ਲਿਜਾਇਆ ਜਾਂਦਾ ਹੈ। ਉੱਥੇ ਏਜੰਟ ਲੋਕਲ ਗਿਰੋਹਾਂ ਦੇ ਸਹਾਰੇ ਬ੍ਰਾਜ਼ੀਲ ਤੋਂ ਕੋਲੰਬੀਆ, ਫਿਰ ਪਨਾਮਾ ਅਤੇ ਉੱਥੋਂ ਮੌਤ ਦਾ ਜੰਗਲ ਕਹੇ ਜਾਣ ਵਾਲੇ ਦਰਿਅਨ ਗੈਪ ਦੀ ਸ਼ੁਰੂਆਤ ਹੁੰਦੀ ਹੈ। 6 ਤੋਂ 15 ਦਿਨ ਤੱਕ ਲਗਾਤਾਰ ਜੰਗਲਾਂ 'ਚ ਪੈਦਲ ਚੱਲਣਾ ਹੁੰਦਾ ਹੈ। ਤੇਜ਼ ਮੀਂਹ, ਚਿੱਕੜ, ਸੱਪ-ਬਿੱਛੂ, ਦਲਦਲ ਆਦਿ ਨੂੰ ਲੰਘ ਕੇ ਅੱਗੇ ਵਧਣਾ ਹੁੰਦਾ ਹੈ। ਥੱਕ ਕੇ ਡਿੱਗ ਜਾਣ ਵਾਲਿਆਂ ਨੂੰ ਡੌਂਕਰ ਉੱਥੇ ਹੀ ਛੱਡ ਦਿੰਦੇ ਹਨ। ਡੌਂਕਰ ਹਰ ਪੜਾਅ 'ਤੇ ਉਨ੍ਹਾਂ ਤੋਂ ਪੈਸੇ ਵਸੂਲਦੇ ਹਨ। ਇਨ੍ਹਾਂ 'ਚ ਪਨਾਮਾ 3 ਤੋਂ 5 ਲੱਖ, ਗੁਆਟੇਮਾਲਾ 5 ਤੋਂ 7 ਲੱਖ, ਮੈਕਸੀਕੋ 6 ਤੋਂ 10 ਲੱਖ, ਅਮਰੀਕਾ ਬਾਰਡਰ ਪਾਰ 2 ਤੋਂ 4 ਲੱਖ ਰੁਪਏ ਵਸੂਲੇ ਜਾਂਦੇ ਹਨ। ਕੁੱਲ ਮਿਲਾ ਕੇ ਲੱਗਭਗ 50 ਤੋਂ 70 ਲੱਖ ਰੁਪਏ ਖਰਚ ਹੁੰਦੇ ਹਨ। ਫਿਰ ਵੀ ਗਾਰੰਟੀ 'ਜ਼ੀਰੋ' ਹੀ ਰਹਿੰਦੀ ਹੈ।

# 282 ਕਿਲੋਮੀਟਰ ਪ੍ਰਤੀ ਘੰਟਾ ਦੀ ਰ.ਫਤਾਰ ਨਾਲ ਜਮੈਕਾ ਨਾਲ ਟਕਰਾਏਗਾ ਤੂਫਾਨ 'ਮੇਲਿਸਾ'

ਕਿੰਗਸਟਨ/ਵਾਸ਼ਿੰਗਟਨ : 'ਮੇਲਿਸਾ' 2025 ਦਾ ਸਭ ਤੋਂ ਸ਼ਕਤੀਸ਼ਾਲੀ ਤੂਫ਼ਾਨ ਬਣ ਗਿਆ ਹੈ। ਇਹ ਕੈਰੇਬੀਅਨ ਦੇਸ਼ ਜਮੈਕਾ ਵੱਲ ਵਧ ਰਿਹਾ ਹੈ। ਇਸ ਤੋਂ ਪਹਿਲਾਂ ਇਸ ਨੇ ਹੈਤੀ ਅਤੇ ਡੋਮਿਨਿਕਨ ਗਣਰਾਜ ਵਿਚ ਤਬਾਹੀ ਮਚਾਈ ਸੀ। 'ਮੇਲਿਸਾ' ਕਾਰਨ ਜਮੈਕਾ ਵਿਚ 3, ਹੈਤੀ 'ਚ 3 ਅਤੇ ਡੋਮਿਨਿਕਨ ਗਣਰਾਜ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਹੈ।
ਅਮਰੀਕੀ ਮੌਸਮ ਵਿਗਿਆਨੀਆਂ ਨੇ ਚਿਤਾਵਨੀ ਜਾਰੀ ਕੀਤੀ ਹੈ ਕਿ ਇਹ ਤੂਫ਼ਾਨ ਵਿਨਾਸ਼ਕਾਰੀ ਅਤੇ ਘਾਤਕ ਸਾਬਿਤ ਹੋ ਸਕਦਾ ਹੈ। 'ਮੇਲਿਸਾ' ਦੀ ਰਫਤਾਰ 175 ਮੀਲ ਪ੍ਰਤੀ ਘੰਟਾ ਜਾਂ ਲੱਗਭਗ 282 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਗਈ ਹੈ, ਜਿਸ ਕਾਰਨ ਇਹ ਸ਼੍ਰੇਣੀ 5 ਦਾ ਤੂਫ਼ਾਨ ਬਣ ਗਿਆ ਹੈ, ਜੋ ਕਿ ਤੂਫ਼ਾਨ ਦੀ ਸਭ ਤੋਂ



ਖਤਰਨਾਕ ਸ਼੍ਰੇਣੀ ਹੈ।
ਮੌਸਮ ਵਿਭਾਗ ਦੇ ਅਨੁਸਾਰ ਇਹ ਤੂਫ਼ਾਨ ਮੰਗਲਵਾਰ ਸ਼ਾਮ ਤੱਕ (ਭਾਰਤੀ ਸਮੇਂ ਅਨੁਸਾਰ) ਜਮੈਕਾ ਦੇ ਤੱਟ ਨਾਲ ਟਕਰਾ ਸਕਦਾ ਹੈ। ਇਸ ਦੇ ਮੱਦੇਨਜ਼ਰ ਕਿਊਬਾ ਵਿਚ 6 ਲੱਖ ਤੋਂ ਵੱਧ ਲੋਕਾਂ ਨੂੰ ਅਤੇ ਜਮੈਕਾ 'ਚ 28,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ।


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਬ੍ਰਿਟਿਸ਼ ਪੱਤਰਕਾਰ ਸੈਮੀ ਹਮਦੀ ਅਮਰੀਕਾ 'ਚ ਗ੍ਰਿਫ਼ਤਾਰ

ਲੰਡਨ : ਇਜ਼ਰਾਈਲ ਦੇ ਇੱਕ ਆਲੋਚਕ, ਬ੍ਰਿਟਿਸ਼ ਪੱਤਰਕਾਰ ਸੈਮੀ ਹਮਦੀ ਨੂੰ ਯੂਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈਸੀਈ) ਨੇ ਗ੍ਰਿਫ਼ਤਾਰ ਕਰ ਲਿਆ ਹੈ। ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ (ਡੀਐਚਐਸ) ਦੀ ਮਹਿਲਾ ਬੁਲਾਰਾ ਟ੍ਰਿਸੀਆ ਮੈਕਲਾਫਲਿਨ ਨੇ ਐਤਵਾਰ ਨੂੰ ਐਕਸ 'ਤੇ ਇਸ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਮਰੀਕਾ ਵਿੱਚ ਇਕ ਭਾਸ਼ਣ ਦੌਰੇ 'ਤੇ ਆਏ ਹਮਦੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਉਨ੍ਹਾਂ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਹੈ। ਟ੍ਰਿਸੀਆ ਨੇ ਅੱਗੇ ਕਿਹਾ ਕਿ ਹਮਦੀ ਉਦੋਂ ਤੱਕ ਆਈਸੀਈ ਹਿਰਾਸਤ ਵਿੱਚ ਰਹਿਣਗੇ ਜਦੋਂ ਤੱਕ ਉਨ੍ਹਾਂ ਨੂੰ ਦੇਸ਼ ਨਿਕਾਲਾ ਨਹੀਂ ਦਿੱਤਾ ਜਾਂਦਾ। ਵਿਦੇਸ਼ ਵਿਭਾਗ ਅਤੇ ਡੀਐੱਚਐੱਸ ਦਾ ਦੋਸ਼ ਹੈ ਕਿ ਹਮਦੀ ਅੱਤਵਾਦ ਦਾ ਸਮਰਥਨ ਕਰਦੇ ਹਨ ਅਤੇ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੇ ਹਨ, ਜਦੋਂ ਕਿ ਇੱਕ ਮੁਸਲਿਮ



ਵਕਾਲਤ ਸਮੂਹ ਦੀ ਦਲੀਲ ਹੈ ਕਿ ਹਮਦੀ ਨੂੰ ਰਾਜਨੀਤਿਕ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਉਨ੍ਹਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਹੈ। ਵਿਦੇਸ਼ ਵਿਭਾਗ ਨੇ ਐਕਸ 'ਤੇ ਇੱਕ ਪੋਸਟ ਵਿੱਚ ਪੱਤਰਕਾਰ ਦੀ ਹਿਰਾਸਤ 'ਤੇ ਟਿੱਪਣੀ ਕਰਦੇ ਹੋਏ ਕਿਹਾ, 'ਅਸੀਂ ਇਹ ਪਹਿਲਾਂ ਵੀ ਕਿਹਾ ਹੈ, ਅਤੇ ਅਸੀਂ ਇਸਨੂੰ ਦੁਬਾਰਾ ਕਹਾਂਗੇ: ਅਮਰੀਕਾ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ ਕਿ ਉਹ ਉਨ੍ਹਾਂ ਵਿਦੇਸ਼ੀਆਂ ਨੂੰ ਪਨਾਹ ਦੇਵੇ ਜੋ ਅੱਤਵਾਦ ਦਾ ਸਮਰਥਨ ਕਰਦੇ ਹਨ ਅਤੇ ਅਮਰੀਕੀਆਂ ਦੀ ਸੁਰੱਖਿਆ ਨੂੰ ਕਮਜ਼ੋਰ ਕਰਦੇ ਹਨ।'

# ਅਮਰੀਕਾ 'ਚ ਬਿਨਾਂ ਤਨਖਾਹ ਦੇ ਕੰਮ ਕਰ ਰਹੇ ਹਵਾਈ ਆਵਾਜਾਈ ਕੰਟਰੋਲਰ

ਨਿਊਯਾਰਕ : ਅਮਰੀਕਾ ਵਿਚ ਫੰਡਾਂ ਦੀ ਘਾਟ ਕਾਰਨ ਸਰਕਾਰੀ ਕੰਮਕਾਜ ਵਿਚ ਰੁਕਾਵਟ ਪੈਣ ਦੌਰਾਨ ਉਡਾਣਾਂ ਵਿਚ ਵੀ ਵਿਘਨ ਪੈ ਰਿਹਾ ਹੈ ਅਤੇ ਹਵਾਈ ਆਵਾਜਾਈ ਕੰਟਰੋਲਰ ਬਿਨਾਂ ਤਨਖਾਹ ਦੇ ਕੰਮ ਕਰ ਰਹੇ ਹਨ। ਹਵਾਈ ਆਵਾਜਾਈ ਕੰਟਰੋਲਰਾਂ ਦੀ ਘਾਟ ਕਾਰਨ ਨਿਊਯਾਰਕ ਦੇ ਲਾਗੂਆਰਡੀਆ ਹਵਾਈ ਅੱਡੇ, ਨਿਊ ਜਰਸੀ ਦੇ ਨੇਵਾਰਕ ਹਵਾਈ ਅੱਡੇ ਤੇ ਵਾਸ਼ਿੰਗਟਨ ਦੇ ਰੀਗਨ ਹਵਾਈ ਅੱਡੇ 'ਤੇ ਉਡਾਣਾਂ ਵਿਚ ਦੇਰੀ ਹੋਈ। ਦੇਸ਼ ਭਰ ਵਿਚ ਵੱਖ-ਵੱਖ ਕਾਰਨਾਂ ਕਰ ਕੇ ਉਡਾਣਾਂ ਵਿਚ ਦੇਰੀ ਦੀਆਂ ਘਟਨਾਵਾਂ ਵ ਧ ਕੇ 6,158 ਹੋ ਗਈਆਂ,



ਜੋ ਹਫ਼ਤੇ ਦੇ ਸ਼ੁਰੂਆਤ ਵਿਚ ਲਗਭਗ 4,000 ਸਨ। ਸੰਘੀ ਹਵਾਬਾਜ਼ੀ ਪ੍ਰਸ਼ਾਸਨ ਦੇ ਕਈ ਕੇਂਦਰਾਂ ਵਿਚ ਕੰਟਰੋਲਰਾਂ ਦੀ ਇੰਨੀ ਘਾਟ ਹੈ ਕਿ ਕਰਮਚਾਰੀਆਂ ਦੇ ਛੁੱਟੀ ਲੈਣ ਨਾਲ ਵੀ ਕੰਮਕਾਜ ਵਿਚ ਵਿਘਨ ਪੈ ਸਕਦਾ ਹੈ।

# ਮਲੇਸ਼ੀਆ 'ਚ ਰੈੱਡ ਕਾਰਪੇਟ 'ਤੇ ਨੱਚੇ ਡੋਨਾਲਡ ਟਰੰਪ

## ਥਾਈਲੈਂਡ ਤੇ ਕੰਬੋਡੀਆ ਜੰਗਬੰਦੀ ਵਧਾਉਣ 'ਤੇ ਹੋਏ ਸਹਿਮਤ






ਕੁਆਲਾਲੰਪੁਰ : ਥਾਈਲੈਂਡ ਤੇ ਕੰਬੋਡੀਆ ਨੇ ਐਤਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੌਜੂਦਗੀ 'ਚ ਜੰਗਬੰਦੀ ਵਧਾਉਣ ਦੇ ਸਮਝੌਤੇ 'ਤੇ ਦਸਤਖ਼ਤ ਕੀਤੇ। ਟਰੰਪ ਨੇ ਇਸ ਸਾਲ ਜੁਲਾਈ ਵਿੱਚ ਦੋਵਾਂ ਦੇਸ਼ਾਂ 'ਤੇ ਟੈਰਿਫ ਲਗਾਉਣ ਦੀ ਧਮਕੀ ਦੇ ਕੇ ਜੰਗਬੰਦੀ 'ਚ ਮਦਦ ਕੀਤੀ ਸੀ ਜਦੋਂ ਸਰਹੱਦੀ ਝੜਪਾਂ 'ਚ ਦਰਜਨਾਂ ਲੋਕ ਮਾਰੇ ਗਏ ਤੇ ਹਜ਼ਾਰਾਂ ਲੋਕ ਬੇਘਰ ਹੋ ਗਏ।

ਸਮਝੌਤੇ ਦੇ ਪਹਿਲੇ ਪੜਾਅ ਦੇ ਤਹਿਤ, ਥਾਈਲੈਂਡ ਕੰਬੋਡੀਅਨ ਕੈਦੀਆਂ ਨੂੰ ਰਿਹਾਅ ਕਰੇਗਾ, ਜਦੋਂ ਕਿ ਕੰਬੋਡੀਆ ਭਾਰੀ ਹਥਿਆਰਾਂ ਨੂੰ ਹਟਾਉਣਾ ਸ਼ੁਰੂ ਕਰ ਦੇਵੇਗਾ। ਖੇਤਰੀ ਨਿਰੀਖਕ ਸਥਿਤੀ ਦੀ ਨਿਗਰਾਨੀ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਟਕਰਾਅ ਦੁਬਾਰਾ ਨਾ ਭੜਕੇ। ਜੰਗਬੰਦੀ ਵਧਾਉਣ ਦੇ ਸਮਾਰੋਹ ਵਿੱਚ, ਟਰੰਪ ਨੇ ਕਿਹਾ, 'ਅਸੀਂ ਕੁਝ ਅਜਿਹਾ ਪ੍ਰਾਪਤ ਕੀਤਾ ਜਿਸਨੂੰ ਬਹੁਤ ਸਾਰੇ ਲੋਕਾਂ ਨੇ ਅਸੰਭਵ ਕਿਹਾ ਸੀ।' ਕੰਬੋਡੀਅਨ ਪ੍ਰਧਾਨ ਮੰਤਰੀ ਹੁਨ ਮਾਨੇਟ ਨੇ ਇਸਨੂੰ ਇੱਕ ਇਤਿਹਾਸਕ ਦਿਨ ਕਿਹਾ, ਜਦੋਂ ਕਿ ਥਾਈ ਪ੍ਰਧਾਨ ਮੰਤਰੀ ਅਨੁਤਿਨ ਚਾਰਨਵੀਰਕੁਲ ਨੇ ਕਿਹਾ ਕਿ ਇਹ ਸਮਝੌਤਾ ਲੰਬੇ ਸਮੇਂ ਦੀ ਸ਼ਾਂਤੀ ਸਥਾਪਤ ਕਰੇਗਾ। ਟਰੰਪ ਕੁਆਲਾਲੰਪੁਰ 'ਚ ਦੱਖਣ-ਪੂਰਬੀ ਏਸ਼ੀਆਈ ਰਾਸ਼ਟਰਾਂ ਦੇ ਸੰਗਠਨ (ਆਸੀਆਨ) ਦੇ ਸਾਲਾਨਾ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਮਲੇਸ਼ੀਆ ਵਿੱਚ ਹਨ। ਥਾਈਲੈਂਡ ਅਤੇ ਕੰਬੋਡੀਆ ਵਿਚਕਾਰ 800 ਕਿਲੋਮੀਟਰ ਲੰਬੀ ਸਰਹੱਦ ਦਹਾਕਿਆਂ ਤੋਂ ਵਿਵਾਦ ਦਾ ਵਿਸ਼ਾ ਰਹੀ ਹੈ, ਹਾਲਾਂਕਿ ਦੋਵਾਂ ਦੇਸ਼ਾਂ ਵਿਚਕਾਰ ਪਹਿਲਾਂ ਵੀ ਕਦੇ-ਕਦੇ ਝੜਪਾਂ ਹੁੰਦੀਆਂ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਮਲੇਸ਼ੀਆ ਦੌਰੇ 'ਤੇ ਪਹੁੰਚੇ, ਜਿੱਥੇ ਉਨ੍ਹਾਂ ਨੇ ਰੈੱਡ ਕਾਰਪੇਟ 'ਤੇ ਸਥਾਨਕ ਕਲਾਕਾਰਾਂ ਨਾਲ ਡਾਂਸ ਕੀਤਾ।

# ਡਰੱਗ ਸਮੱਗਲਰਾਂ ਖ਼ਿਲਾਫ਼ ਅਮਰੀਕੀ ਫ਼ੌਜ ਨੇ ਫਿਰ ਕੀਤੀ ਵੱਡੀ ਕਾਰਵਾਈ, ਮਾਰੇ ਗਏ 14 ਲੋਕ

ਅਮਰੀਕੀ ਫੌਜ ਨੇ ਸੋਮਵਾਰ ਨੂੰ ਪੂਰਬੀ ਪ੍ਰਸ਼ਾਂਤ ਵਿੱਚ ਨਸ਼ੀਲੇ ਪਦਾਰਥਾਂ ਨਾਲ ਭਰੀਆਂ ਕਿਸ਼ਤੀਆਂ 'ਤੇ ਤਿੰਨ ਹਮਲੇ ਕੀਤੇ, ਜਿਨ੍ਹਾਂ ਵਿੱਚ 14 ਲੋਕ ਮਾਰੇ ਗਏ ਅਤੇ ਇੱਕ ਵਿਅਕਤੀ ਜ਼ਿੰਦਾ ਬਚ ਗਿਆ। ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਮੰਗਲਵਾਰ ਨੂੰ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਇਸਦਾ ਐਲਾਨ ਕੀਤਾ। ਅਮਰੀਕਾ ਨੇ ਸਤੰਬਰ ਦੇ ਸ਼ੁਰੂ ਵਿੱਚ ਪੂਰਬੀ ਪ੍ਰਸ਼ਾਂਤ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਕਿਸ਼ਤੀਆਂ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਸੀ। ਹਾਲਾਂਕਿ, ਇਹ ਪਹਿਲੀ ਵਾਰ ਹੈ ਜਦੋਂ ਇਸਨੇ ਇੱਕ ਦਿਨ ਵਿੱਚ ਕਈ ਹਮਲਿਆਂ ਦੀ ਰਿਪੋਰਟ ਕੀਤੀ ਹੈ।



ਹੇਗਸੇਥ ਨੇ ਕਿਹਾ ਕਿ ਮੈਕਸੀਕਨ ਖੋਜ ਅਤੇ ਬਚਾਅ ਅਧਿਕਾਰੀਆਂ ਨੇ ਹਮਲੇ ਦੇ ਇੱਕੋ ਇੱਕ ਬਚੇ ਵਿਅਕਤੀ ਨੂੰ ਲੱਭਣ ਲਈ ਇੱਕ ਅਭਿਆਨ ਸ਼ੁਰੂ ਕੀਤਾ ਹੈ। ਹਾਲਾਂਕਿ, ਉਸਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਕੀ ਵਿਅਕਤੀ ਮੈਕਸੀਕਨ ਹਿਰਾਸਤ ਵਿੱਚ ਰਹੇਗਾ ਜਾਂ ਅਮਰੀਕਾ ਨੂੰ ਸੌਂਪ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਅਕਤੂਬਰ ਵਿੱਚ ਇਸੇ ਤਰ੍ਹਾਂ ਦੇ ਹਮਲੇ ਦੌਰਾਨ ਅਮਰੀਕੀ ਫੌਜ ਨੇ ਸਮੁੰਦਰ ਤੋਂ 2 ਬਚੇ ਲੋਕਾਂ ਨੂੰ ਬਚਾਇਆ ਸੀ। ਉਨ੍ਹਾਂ ਨੂੰ ਬਾਅਦ ਵਿੱਚ ਕੋਲੰਬੀਆ ਅਤੇ ਇਕਵਾਡੋਰ ਭੇਜ ਦਿੱਤਾ ਗਿਆ ਸੀ।






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਮੂਲ ਮੰਤਰ ਜਾਂ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਦੇ ਪਾਠ ਬਾਰੇ ਸੰਗਤ ਵਿਚ ਕਈ ਵਾਰ ਦੁਬਿਧਾ ਪਰਸਦੀ ਹੈ। ਪੰਥ ਦੀਆਂ ਸਤਿਕਾਰਤ ਹਸਤੀਆਂ ਨੂੰ ਚਾਹੀਦਾ ਹੈ ਕਿ ਪੰਥ ਦੇ ਵਧੇਰੇ ਹਿੱਤ ਨੂੰ ਧਿਆਨ ਵਿਚ ਰੱਖ ਕੇ ਅਤੇ ਗੁਰੂ ਰੂਪ ਸੰਗਤ ਦੀ ਦੁਬਿਧਾ ਦੂਰ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਛੱਤਰ ਛਾਇਆ ਹੇ, ਗੁਰੂ ਦੀ ਜੁਗਤੀ ਅਨੁਸਾਰ ਜ਼ਰੂਰ ਕਾਰਵਾਈ ਕਰਨ।

(ਟ) ਫਿਰ ਪੰਜਾਂ ਪਿਆਰਿਆਂ 'ਚੋਂ ਕੋਈ ਸੱਜਣ ਰਹਿਤ ਦੱਸੇ - ਅੱਜ ਤੋਂ ਤੁਸੀਂ 'ਸਤਿਗੁਰ ਕੈ ਜਨਮੇ ਗਵਨ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਤਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦੇ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੇ ਹੋ। ਤੁਸੀਂ ਹਿਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰਕੇ ਅਰਥਾਤ ਪਿਛਲੀ ਜਾਤ-ਪਾਤ, ਜਨਮ, ਦੇਸ਼, ਮਜ਼੍ਹਬ ਦਾ ਖਿਆਲ ਛੱਡ ਕੇ ਨਿਰੋਲ ਖਾਲਸਾ ਬਣ ਗਏ ਹੋ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦)

(ਇਸ ਮੱਦ (ਟ) ਨੂੰ ਛੋਟੇ ਬੰਦਾਂ ਵਿਚ ਵੰਡ ਕੇ ਇਸ 'ਤੇ ਵਿਚਾਰ ਕੀਤੀ ਜਾ ਰਹੀ ਹੈ।)

ਗੁਰਮਤਿ ਦੀ ਰਹਿਣੀ ਮੱਦ ਦੇ ਬਾਅਦ ਇਹ ਮੱਦ (ਟ) ਵੇਰਵੇ ਸਹਿਤ ਸਿੱਖ ਵਲੋਂ ਕੀਤੇ ਜਾਣ ਵਾਲੇ ਅਤੇ ਵਿਵਰਜਤ ਕਰਮਾਂ ਨੂੰ ਵਿਸਥਾਰ ਸਹਿਤ ਅੰਕਤ ਕਰਦੀ ਹੈ। ਇਹ ਰਹਿਤ ਪੰਜਾਂ ਪਿਆਰਿਆਂ 'ਚੋਂ ਕਿਸੇ ਇਕ ਨੇ ਦੱਸਣੀ ਹੈ ਤਾਂ ਕਿ ਇਹ ਦ੍ਰਿੜ੍ਹ ਹੋ ਜਾਏ। ਹਿਹ ਉਸ ਪ੍ਰਣ ਦਾ ਹਿੱਸਾ ਹੈ ਜੋ ਸਿੱਖ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਸਮੇਂ ਲਿਆ ਹੈ। ਇਸ ਲਈ ਇਨ੍ਹਾਂ 'ਤੇ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਪਹਿਲੇ ਬੰਦ ਵਿਚ ਅੰਮ੍ਰਿਤਪਾਨ ਕਰਨ ਦੇ ਬਾਅਦ ਹਰ ਅੰਮ੍ਰਿਤਧਾਰੀ ਸਿੱਖ ਦਾ ਨਵਾਂ ਜਨਮ ਹੋਣਾ ਦੱਸਿਆ ਗਿਆ ਹੈ। ਸਤਿਗੁਰ ਕੈ ਜਨਮੇ ਗਵਨ ਮਿਟਾਇਆ॥ (ਮ: ੧, ਅੰਗ 940) ਕਰ ਕੇ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਸਦੇ ਧਾਰਮਿਕ ਪਿਤਾ ਅਤੇ ਮਾਤਾ ਸਾਹਿਬ ਕੌਰ ਜੀ ਉਸਦੇ ਮਾਤਾ ਹਨ। ਸਤਿਗੁਰੂ ਜੀ ਨੇ ਉਸ ਨੂੰਆਪਣੀ ਨਾਦੀ ਸੰਤਾਨ ਹੋਣ ਦਾ ਮਾਣ ਬਖਸ਼ਿਸ਼ ਕੀਤਾ ਹੈ। ਹੁਣ ਉਹ ਬਾਕਾਇਦਾ ਖ਼ਾਲਸਾ ਪੰਥ ਵਿਚ ਸ਼ਾਮਲ ਹੋਇਆ ਹੈ। ਇਸ ਤੋਂ ਜ਼ਾਹਰ ਹੈ ਕਿ ਖ਼ਾਲਸਾ ਪੰਥ ਦਾ ਅੰਗ ਬਣਨ ਲਈ ਅੰਮ੍ਰਿਤਪਾਨ ਲਾਜ਼ਮੀ ਹੈ।

ਜਿਵੇਂ ਬੱਚੇ ਦੇ ਜਨਮ ਸਾਰ ਹੀ ਉਸਦੇ ਪਿਪਛਲੇ ਜਨਮ ਦੇ ਸਾਰੇ ਸਬੰਧ ਟੁੱਟ ਜਾਂਦੇ ਹਨ। ਇਸ ਤਰ੍ਹਾਂ ਸਤਿਗੁਰ ਦੇ ਘਰ ਜਨਮੇ ਸਿੱਖ ਨੂੰ ਆਪਣੀ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰ ਕੇ ਅਰਥਾਤ ਪਿਛਲੀ ਜਾਤ-ਪਾਤ, ਜਨਮ, ਦੇਸ਼, ਕੌਮ, ਮਜ਼੍ਹਬ ਦਾ ਖ਼ਿਆਲ ਛੱਡ ਕੇ ਨਿਰੋਲ ਖਾਲਸਾ ਬਣਨਾ ਹੈ। ਸਤਿਗੁਰੂ ਜੀ ਨੇ ਉਸਨੂੰ ਨਾਦੀ ਸੰਤਾਨ ਹੋਣ ਦਾ ਮਾਣ ਬਖਸ਼ਿਆ ਹੈ।




ਸਤਿਗੁਰੂ ਸੱਚੇ ਪਾਤਸ਼ਾਹ ਦੀ ਇਲਾਹੀ ਬਖਸ਼ਿਸ਼ ਅੰਮ੍ਰਿਤ ਦੀ ਦਾਤ ਪਿਛਲੀ ਜਾਤ-ਪਾਤ, ਜਨਮ, ਦੇਸ਼, ਕੌਮ, ਮਜ਼੍ਹਬ ਦਾ ਖਿਆਲ ਤੱਕ ਸਮਾਪਤ ਕਰਕੇ ਇਕ ਖੰਡੇ, ਇਕ ਬਾਟੇ ਵਿਚੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਵਿਚ ਨਾ ਤਾਂ ਕਿਸੇ ਨੂੰ ਕੋਈ ਮਾਫ਼ੀ ਹੈ ਅਤੇ ਨਾ ਹੀ ਤਬਦੀਲੀ ਦਾ ਅਧਿਕਾਰ। ਐਸਾ ਕਰਨ ਵਾਲਾ 'ਭੇਖੀ' ਤਾਂ ਹੋ ਸਕਦਾ ਹੈ ਪਰ 'ਸਿੱਖ' ਨਹੀਂ। ਸਤਿਗੁਰੂ ਜੀ ਦਾ 'ਲਾਡਲਾ ਖਾਲਸਾ' ਹਰ ਕਿਸਮ ਦੀਆਂ ਚੁਣੌਤੀਆਂ ਬਰਦਾਸ਼ਤ ਕਰ ਸਕਦਾ ਹੈ ਪਰ ਇਹ ਹਮਲਾ ਪੰਥ ਲਈ ਘਾਤਕ ਹੈ।

ਚੌਪਈ - ਸਤ ਸਨਾਤਿ ਔ ਬਾਰਹ ਜਾਤ,
ਜਾਨ ਨਹਿ ਰਾਜਨੀਤ ਕੀ ਬਾਤ।
ਜੱਟ ਬੂਟ ਕਹਿੰ ਜਿੰਹ ਜਗ ਮਾਂਹੀਂ,
ਬਣੀਏ ਬਕਾਲ ਕਿਰਾੜ ਖੱਤ੍ਰੀ ਸਦਾਈਂ।
ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ,
ਛੀਪੇ ਕਲਾਲ ਨੀਚਰ ਪੈ ਕ੍ਰਿਪਾ ਕੀਨੀ।
ਗੁੱਜਰ ਗੂਾਰ ਹੀਰ ਕਮਜਾਤ,
ਕੰਬੋਇ ਸੂਦਨ ਕੋਇ ਪੁਛੇ ਨ ਬਾਤ॥21॥
ਝੀਵਰ ਨਾਈ ਰੋੜੇ ਘੁਮਿਆਰ,
ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ।
ਭੱਟ ਔ ਬਾਹਮਣ ਹੁਤੇ ਮੰਗਵਾਰ,
ਬਹੁਰੂਪੀਏ ਲੁਬਾਣੇ ਔ ਘੁਮਿਆਰ॥22॥
ਹਿਨ ਗ੍ਰੀਬ ਸਿੰਘਨ ਕੌਂ ਦਯੈ ਪਤਿਸ਼ਾਹੀ,
ਏ ਯਾਦ ਰਖੈਂ ਹਮਰੀ ਗੁਰਿਆਈ।
(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੧)

ਇਸ ਬਖਸ਼ਿਸ਼ ਦੇ ਅਸਰ ਬਾਰੇ ਨਵੀਨ ਪੰਥ ਪ੍ਰਕਾਸ਼ ਵਿਚ ਅੰਕਤ ਹੈ।

ਮੁਰਸ਼ਦ ਇਨਕਾ ਵਲੀ ਭਯੋਹੈ ਹੈ।
ਇਨਕੋ ਆਬ ਹਿਯਾਤ ਦਯੋ ਹੈ।
ਐਸੀ ਗਯੋ ਕਲਾਮ ਬਤੈਹੈ॥
ਜਿਸ ਸੈ ਸੁਧਾ ਬਨਾ ਇਹੁ ਲੈਹੈ।
ਸੋ ਪਿਲਾਇ ਲੋਗਨ ਕੇ ਤਾਈ॥
ਸਯਾਰਨ ਤੈ ਸਿੰਘ ਲੇਤ ਬਨਾਈ।
ਗਜਬ ਅਸਰ ਤਿਸਕਾ ਹਮ ਦੇਖਾ।
ਬੁਜ਼ਦਿਲ ਹੋਵਤ ਸ਼ੇਰ ਬਸੇਖਾ।
ਕਾਣ ਨ ਕਹੂੰ ਕੀ ਇਹੁ ਰਾਖਤ।
ਸਹਿਨ ਸਾਹਿ ਖੁਦ ਹੀ ਕੋ ਲਾਖਤ।
ਔਰ ਸਬਨ ਕੋ ਜੀਵ ਚੁਰਾਸੀ।
ਮਾਨਤ ਆਪ ਤਈਂ ਅਬਨਾਸੀ।
ਤਤ੍ਹ ਖਾਲਸਾ ਗੁਰ ਕਾ ਜਾਹਰ।
ਕਹਿਤ ਚੁਰਾਸੀ ਤੈਹੈ ਬਾਹਰ।

(ਚਲਦਾ)

# ਅੰਮ੍ਰਿਤਸਰ ਤੋਂ ਆਸਟ੍ਰੇਲੀਆ, ਨਿਊਜ਼ੀਲੈਂਡ ਸਣੇ ਦੱਖਣ-ਪੂਰਬੀ ਮੁਲਕਾਂ ਲਈ ਉਡਾਣਾਂ ਦੀ ਗਿਣਤੀ 'ਚ ਵਾਧਾ

ਬ੍ਰਿਸਬੇਨ : ਪੰਜਾਬ ਦੇ ਸਭ ਤੋਂ ਵੱਡੇ ਤੇ ਵਿਅਸਤ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਤੋਂ ਆਉਣ ਵਾਲੇ ਸਰਦੀਆਂ ਦੇ ਮੌਸਮ (ਨਵੰਬਰ 2025 ਤੋਂ ਮਾਰਚ 2026) ਦੌਰਾਨ ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਵੱਖ-ਵੱਖ ਦੱਖਣ-ਪੂਰਬੀ ਏਸ਼ੀਆਈ ਮੁਲਕਾਂ - ਸਿੰਗਾਪੁਰ, ਮਲੇਸ਼ੀਆ, ਥਾਈਲੈਂਡ, ਫਿਲੀਪੀਨਜ਼, ਇੰਡੋਨੇਸ਼ੀਆ, ਜਪਾਨ ਆਦਿ ਨਾਲ ਹਵਾਈ ਸੰਪਰਕ ਨੂੰ ਵੱਡਾ ਹੁਲਾਰਾ ਮਿਲਣ ਜਾ ਰਿਹਾ ਹੈ। ਇਸ ਦਾ ਪ੍ਰਗਟਾਵਾ ਅੰਮ੍ਰਿਤਸਰ ਤੋਂ ਹਵਾਈ ਸੰਪਰਕ ਨੂੰ ਵਧਾਉਣ ਅਤੇ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਕੀਤਾ ਹੈ।

ਪ੍ਰੈਸ ਨੂੰ ਜਾਰੀ ਵਿਸਥਾਰਤ ਜਾਣਕਾਰੀ ਵਿੱਚ ਗੁਮਟਾਲਾ ਨੇ ਦੱਸਿਆ ਕਿ ਮਲੇਸ਼ੀਆ, ਸਿੰਗਾਪੁਰ, ਅਤੇ ਥਾਈਲੈਂਡ ਦੀਆਂ 4 ਪ੍ਰਮੁੱਖ ਏਅਰਲਾਈਨਾਂ - ਮਲੇਸ਼ੀਆ ਏਅਰਲਾਈਨਜ਼, ਏਅਰ ਏਸ਼ੀਆ, ਸਕੂਟ ਅਤੇ ਥਾਈ ਲਾਇਨ ਏਅਰ - ਵੱਲੋਂ ਕਈ ਦੇਸ਼ਾਂ ਲਈ ਉਡਾਣਾਂ 'ਚ ਵਾਧਾ ਕੀਤਾ ਗਿਆ ਹੈ। ਇਸ ਨਾਲ ਅੰਮ੍ਰਿਤਸਰ ਤੋਂ ਯਾਤਰੀਆਂ ਨੂੰ ਹੁਣ ਕੁਆਲਾਲੰਪੁਰ, ਸਿੰਗਾਪੁਰ ਅਤੇ ਬੈਂਕਾਕ ਰਾਹੀਂ ਆਸਟਰੇਲੀਆ ਅਤੇ ਹੋਰਨਾਂ ਮੁਲਕਾਂ ਨੂੰ ਜਾਣ ਦੇ ਕਈ ਵਿਕਲਪ ਉਪਲੱਬਧ ਹੋਣਗੇ। ਇਸ ਨਾਲ ਪੰਜਾਬੀਆਂ ਨੂੰ ਜਿੱਥੇ ਦਿੱਲੀ ਜਾਣ ਦੀ ਖੱਜਲ-ਖੁਆਰੀ ਨਹੀਂ ਹੋਵੇਗੀ, ਉੱਥੇ ਨਾਲ ਹੀ ਉਹਨਾਂ ਦਾ ਸਮਾਂ ਅਤੇ ਕਿਰਾਇਆ ਵੀ ਘੱਟ ਲੱਗੇਗਾ। ਗੁਮਟਾਲਾ ਅਨੁਸਾਰ, ਇਸ ਸਮੇਂ ਇਹਨਾਂ 4 ਏਅਰਲਾਈਨ ਵੱਲੋਂ ਹਫਤੇ 'ਚ ਅੰਮ੍ਰਿਤਸਰ ਲਈ ਚਲਾਈਆਂ ਜਾ ਰਹੀਆਂ 36 ਉਡਾਣਾਂ ਦੀ ਗਿਣਤੀ ਨਵੰਬਰ 1, 2025 ਤੋਂ ਵੱਧ ਕੇ 40 ਹੋ ਜਾਵੇਗੀ।

ਮਲੇਸ਼ੀਆ ਏਅਰਲਾਈਨਜ਼ ਜੋ ਕਿ ਇਸ ਸਮੇਂ ਕੁਆਲਾਲੰਪੁਰ-ਅੰਮ੍ਰਿਤਸਰ ਦਰਮਿਆਨ ਹਫਤੇ 'ਚ 14 ਉਡਾਣਾਂ ਚਲਾ ਰਹੀ ਹੈ, ਨਵੰਬਰ ਮਹੀਨੇ ਤੋਂ ਮੈਲਬੌਰਨ, ਸਿਡਨੀ, ਪਰਥ, ਐਡੀਲੇਡ ਅਤੇ ਆਕਲੈਂਡ ਲਈ ਆਪਣਆਂ ਉਡਾਣਾਂ ਦੀ ਗਿਣਤੀ 'ਚ ਵਾਧਾ ਕਰ ਰਹੀ ਹੈ। ਇਸ ਦੇ ਨਾਲ ਹੀ ਕੁਆਲਾਲੰਪੁਰ ਤੋਂ ਬ੍ਰਿਸਬੇਨ ਲਈ ਵੀ 29 ਨਵੰਬਰ ਤੋਂ ਹਫਤੇ 'ਚ 5 ਦਿਨ ਲਈ ਉਡਾਣਾਂ ਸ਼ੁਰੂ ਕਰ ਰਹੀ ਹੈ। ਇਸ ਨਾਲ ਯਾਤਰੀ ਸਿਰਫ਼ 15 ਤੋਂ 19 ਘੰਟਿਆਂ ਵਿੱਚ ਪੰਜਾਬ ਪਹੁੰਚ ਸਕਣਗੇ। ਮਲੇਸ਼ੀਆ ਏਅਰਲਾਈਨਜ਼ ਆਪਣੀ ਭਾਈਵਾਲ ਕੰਤਾਸ ਏਅਰਲਾਈਨ ਨਾਲ ਆਸਟ ?ਰੇਲੀਆ ਦੇ ਸਾਰੇ ਮੁੱਖ ਸ਼ਹਿਰਾਂ ਤੱਕ ਹਵਾਈ ਸੰਪਰਕ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਯਾਤਰੀ ਬੈਂਕਾਕ, ਫੁਕੇਟ, ਬਾਲੀ, ਕ੍ਰਾਬੀ, ਹੋ ਚੀ ਮਿਨਹ ਸਿਟੀ, ਮਨੀਲਾ, ਆਦਿ



ਸ਼ਹਿਰਾਂ ਤੱਕ ਵੀ ਕੁਆਲਾਲੰਪੁਰ ਰਾਹੀਂ ਸਿਰਫ 1 ਤੋਂ 3 ਘੰਟੇ ਦੇ ਵਕਫੇ ਬਾਅਦ ਉਡਾਣਾਂ ਲੈ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਮਲੇਸ਼ੀਆ ਦੀ ਘੱਟ ਕਿਰਾਏ ਵਾਲੀ ਏਅਰਲਾਈਨ ਏਅਰ ਏਸ਼ੀਆ ਵੱਲੋਂ ਵੀ 1 ਨਵੰਬਰ ਤੋਂ ਕੁਆਲਾਲੰਪੁਰ - ਅੰਮ੍ਰਿਤਸਰ ਦਰਮਿਆਨ ਆਪਣੀਆਂ ਉਡਾਣਾਂ ਦੀ ਗਿਣਤੀ ਹਫਤੇ 'ਚ 6 ਤੋਂ ਵਧਾ ਕੇ 8 ਕੀਤੀ ਜਾ ਰਹੀ ਹੈ। ਕੁਆਲਾਲੰਪੁਰ ਰਾਹੀਂ ਯਾਤਰੀ ਏਅਰ ਏਸ਼ੀਆ ਗਰੁੱਪ ਦੇ ਵਿਸ਼ਾਲ ਨੈੱਟਵਰਕ ਰਾਹੀਂ ਦੱਖਣ-ਪੂਰਬੀ ਏਸ਼ੀਆ ਅਤੇ ਆਸਟ ?ਰੇਲੀਆ ਦੇ ਮੈਲਬੌਰਨ, ਸਿਡਨੀ ਤੇ ਪਰਥ ਨਾਲ ਵੀ ਜੁੜ ਸਕਦੇ ਹਨ। ਸਿੰਗਾਪੁਰ ਨਾਲ ਸੰਪਰਕ ਬਾਰੇ ਗੁਮਟਾਲਾ ਨੇ ਕਿਹਾ ਕਿ ਸਕੂਟ ਜੋ ਸਿੰਗਾਪੁਰ ਏਅਰਲਾਈਨਜ਼ ਦੀ ਘੱਟ ਕਿਰਾਏ ਵਾਲੀ ਏਅਰਲਾਈਨ ਹੈ, ਆਪਣੇ ਬੋਇੰਗ 787 ਡ੍ਰੀਮਲਾਈਨਰ ਜਹਾਜ਼ ਨਾਲ ਨਵੰਬਰ ਤੋਂ ਅੰਮ੍ਰਿਤਸਰ - ਸਿੰਗਾਪੁਰ ਦਰਮਿਆਨ ਹਫ਼ਤੇ ਵਿੱਚ 10 ਉਡਾਣਾਂ ਦਾ ਸੰਚਾਲਨ ਕਰੇਗੀ। ਸਿੰਗਾਪੁਰ ਰਾਹੀਂ ਇਹ ਮੈਲਬੌਰਨ, ਸਿਡਨੀ ਅਤੇ ਪਰਥ ਦੇ ਨਾਲ-ਨਾਲ ਸਿੰਗਾਪੁਰ ਏਅਰਲਾਈਨ 'ਤੇ ਬ੍ਰਿਸਬੇਨ, ਐਡੀਲੇਡ, ਕੇਅਰਨਸ, ਡਾਰਵਿਨ, ਆਕਲੈਂਡ ਸਣੇ ਏਸ਼ੀਆ-ਪੈਸਿਫ਼ਿਕ ਦੇ ਕਈ ਮੁੱਲਕਾਂ ਤੱਕ ਹਵਾਈ ਸੰਪਰਕ ਦੀ ਸਹੂਲਤ ਦਿੰਦੀ ਹੈ।

ਇਸੇ ਤਰ੍ਹਾਂ ਥਾਈ ਲਾਇਨ ਏਅਰ ਵੀ ਹੁਣ ਅੰਮ੍ਰਿਤਸਰ - ਬੈਂਕਾਕ (ਡੌਨ ਮੁਏਂਗ) ਦਰਮਿਆਨ ਹਫਤੇ ਵਿੱਚ 6 ਸਿੱਧੀਆਂ ਉਡਾਣਾਂ ਨੂੰ ਵਧਾ ਕੇ 8 ਸਿੱਧੀਆਂ ਉਡਾਣਾਂ ਕਰ ਰਹੀ ਹੈ। ਬੈਂਕਾਕ ਤੋਂ ਯਾਤਰੀ ਕ੍ਰਾਬੀ, ਫੁਕੇਟ, ਬਾਲੀ, ਚਿਆਂਗ ਮਾਈ ਦੇ ਨਾਲ-ਨਾਲ ਗੁਆਂਗਜ਼ੂ, ਸ਼ੰਘਾਈ ਤੇ ਹਾਂਗਕਾਂਗ ਆਦਿ ਸ਼ਹਿਰਾਂ ਲਈ ਵੀ ਉਡਾਣਾਂ ਲੈ ਸਕਦੇ ਹਨ। ਅੰਮ੍ਰਿਤਸਰ ਤੋਂ ਵੱਧ ਰਹੇ ਅੰਤਰਰਾਸ਼ਟਰੀ ਹਵਾਈ ਸੰਪਰਕ ਉੱਤੇ ਖੁਸ਼ੀ ਜਾਹਰ ਕਰਦਿਆਂ ਗੁਮਟਾਲਾ ਨੇ ਕਿਹਾ, "ਕੁਆਲਾਲੰਪੁਰ, ਸਿੰਗਾਪੁਰ ਅਤੇ ਬੈਂਕਾਕ ਰਾਹੀਂ ਵੱਧ ਰਹੀ ਉਡਾਣਾਂ ਦੀ ਗਿਣਤੀ ਅੰਮ੍ਰਿਤਸਰ ਹਵਾਈ ਅੱਡੇ ਦੀ ਵੱਧਦੀ ਮਹੱਤਤਾ ਅਤੇ ਵਿਕਾਸ ਨੂੰ ਦਰਸਾਉਂਦੀ ਹੈ। ਹੁਣ ਇਹ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਤੇ ਹਰਿਆਣਾ ਦੇ ਯਾਤਰੀਆਂ ਲਈ ਵੀ ਪ੍ਰਮੁੱਖ ਕੇਂਦਰ ਬਣ ਰਿਹਾ ਹੈ।" ਅੰਤ ਵਿੱਚ ਗੁਮਟਾਲਾ ਨੇ ਦੇਸ਼ ਵਿਦੇਸ਼ ਵੱਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਦੀ ਥਾਂ ਅੰਮ੍ਰਿਤਸਰ ਤੋਂ ਉਡਾਣਾਂ ਲੈਣ ਨੂੰ ਤਰਜੀਹ ਦੇਣ, ਤਾਂ ਜੋ ਇਹ ਉਡਾਣਾਂ ਲੰਬੇ ਸਮੇਂ ਤੱਕ ਚੱਲਦੀਆਂ ਰਹਿਣ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਅੰਮ੍ਰਿਤਸਰ ਹਵਾਈ ਅੱਡੇ ਨੂੰ ਪੰਜਾਬ ਦੇ ਹੋਰਨਾਂ ਸ਼ਹਿਰਾਂ ਨਾਲ ਬੱਸ ਸੇਵਾ ਰਾਹੀਂ ਜੋੜਨ ਵੱਲ ਵੀ ਧਿਆਨ ਦੇਵੇ।

# BASRA

## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




Basra Heating & Air Conditioning has trained technicians and the right equipment to solve the problem fast and at a reasonable price.

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**


ਸੰਤ ਸੇਵਾ ਸਿੰਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸ੍ਰੀ ਅਨੰਦਪੁਰ ਸਾਹਿਬ ਜਾ ਕੇ ਛੇ ਮਹੀਨੇ ਮੂਲਮੰਤ੍ਰ ਦਾ ਜਾਪ ਕਰਨਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪਰਮੇਸ਼ਰ ਜੀ ਦੇ ਪਿਆਰ ਦੇ ਰੰਗ ਵਿੱਚ ਆਪ ਜੀ ਸਮਾਂ ਬਿਤਾ ਰਹੇ ਸਨ ਕਿ ਮਨ ਵਿੱਚ ਸ੍ਰੀ ਅਨੰਦਪੁਰ ਸਾਹਿਬ ਜੋ ਕਿ ਖ਼ਾਲਸੇ ਦੀ ਜਨਮ-ਭੂਮੀ ਹੈ, ਜਿੱਥੇ ਸਤਿਗੁਰੂ ਜੀ ਨੇ ਪੂਰਨ-ਮਨੁੱਖ (ਖ਼ਾਲਸੇ) ਦੀ ਸਿਰਜਨਾ ਕੀਤੀ ਅਤੇ 'ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨ ਆਯੋ ਜਗਤ ਤਮਾਸਾ॥' ਅਨੁਸਾਰ ਪਰਮ ਪੁਰਖ ਜੀ ਦੇ ਹੁਕਮ ਵਿੱਚ ਅਨੇਕ ਪ੍ਰਕਾਰ ਦੇ ਬਚਿਤ੍ਰ ਕੌਤਕ ਕਰਕੇ ਮਨੁੱਖਤਾ ਲਈ ਪੂਰਨੇ ਪਾਏ। ਉਸ ਪਵਿੱਤ੍ਰ ਅਸਥਾਨ ਦੀ ਧੂੜੀ ਨੂੰ ਪਰਸਣ ਅਤੇ ਉਸ ਭੂਮੀ ਉੱਪਰ ਬੈਠ ਕੇ ਸਿਮਰਨ ਭਜਨ ਕਰਨ ਦਾ ਚਾਉ ਆਪ ਦੇ ਮਨ ਵਿੱਚ ਪ੍ਰਬਲ ਬਣ ਬੈਠਾ।

ਕੁੱਝ ਹੀ ਦਿਨਾਂ ਵਿੱਚ ਇਸ ਬਣੇ ਫੁਰਨੇ ਨੂੰ ਸਾਕਾਰ ਕਰਨ ਲਈ ਪਰਿਵਾਰ ਨੂੰ ਦੱਸ ਦਿੱਤਾ। ਆਪ ਜੀ ਸਰਗੋਧੇ ਤੋਂ ਚੱਲ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜ ਗਏ। ਤਖ਼ਤ ਸਾਹਿਬ ਜੀ ਦੇ ਦਰਸ਼ਨ ਕਰ ਕੇ ਟਿਕਾਣਾ ਕਿਲ੍ਹਾ ਅਨੰਦਗੜ੍ਹ ਸਾਹਿਬ ਨੂੰ ਬਨਾਉਣਾ ਕੀਤਾ। ਸੰਤ ਘਨੱ੍ਹਈਆ ਸਿੰਘ ਜੀ ਉਦੋਂ ੨ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਸੇਵਾ ਕਰਵਾਉਂਦੇ ਸਨ। ਉਹਨਾਂ ਨੇ ਬੜੇ ਪ੍ਰੇਮ ਨਾਲ ਇੱਕ ਛੋਟਾ ਜਿਹਾ ਕਮਰਾ ਰਿਹਾਇਸ਼ ਲਈ ਦੇ ਦਿੱਤਾ। ਅਗਲੇ ਹੀ ਦਿਨ ਜੋ ਫੁਰਨਾ ਮਨ ਵਿੱਚ ਲੈ ਕੇ ਆਏ ਸਨ, ਉਸ ਕਾਰਜ ਨੂੰ ਅਰੰਭ ਕਰ ਦਿੱਤਾ। ਨਿੱਤਨੇਮ ਤੋਂ ਇਲਾਵਾ 32 ਮਾਲਾ ਹਰ ਰੋਜ਼ ਮੂਲ-ਮੰਤ੍ਰ ਦੀਆਂ ਕਰਨੀਆਂ ਅਰੰਭ ਕਰ ਦਿੱਤੀਆਂ। ਲੰਗਰ ਵਿੱਚੋਂ ਇੱਕ ਵਕਤ ਪ੍ਰਸ਼ਾਦਾ ਛਕ ਲੈਣਾ। ਨਿਯਮ ਪੂਰਾ ਕਰਨ ਤੋਂ ਪਿਛੋਂ ਜੋ ਵਾਧੂ ਸਮਾਂ ਬਚਣਾ ਉਸ ਨੂੰ ਰੋੜੀ ਕੁੱਟ ਕੇ ਜਾਂ ਇਮਾਰਤ ਦੀ ਚੱਲ ਰਹੀ ਸੇਵਾ 'ਚ ਟੋਕਰੀ ਢੋ ਕੇ ਜਾਂ ਹੋਰ ਸੇਵਾ ਕਰ ਕੇ ਸਫ਼ਲਾ ਕਰਨਾ। ਛੇ ਮਹੀਨੇ ਇਸੇ ਤਰ੍ਹਾਂ ਨਿਰੰਤਰ ਗੁਰੂ ਕੀ ਚਰਨ ਛੋਹ ਨਾਲ ਪਵਿੱਤ੍ਰ ਹੋਈ ਧਰਤੀ 'ਤੇ ਰਹਿ ਕੇ ਲਾਹਾ ਪ੍ਰਾਪਤ ਕੀਤਾ। ਸਤਿਗੁਰੂ ਜੀ ਨੇ ਹੋਰ ਬੇਅੰਤ ਬਖ਼ਸ਼ਿਸ਼ਾਂ ਕੀਤੀਆਂ। ਤਖ਼ਤ ਸਾਹਿਬ 'ਤੇ ਦੇਗ ਕਰਵਾ ਕੇ ਨਿਯਮ ਦਾ ਭੋਗ ਪਾਇਆ ਅਤੇ ਵਾਪਿਸ ਪੰਜਾਬ ਦੇ ਗੁਰ-ਅਸਥਾਨਾਂ ਦੇ ਦਰਸ਼ਨ ਕਰਦੇ ਮੁੜ 119 ਚੱਕ ਜ਼ਿਲ੍ਹਾ ਸਰਗੋਧਾ (ਹੁਣ ਪਾਕਿਸਤਾਨ) ਪੁੱਜ ਗਏ।

### ਸ. ਅਵਤਾਰ ਸਿੰਘ ਦਲੇਰ ਨੂੰ ਨਾਮ-ਬਾਣੀ ਦੁਆਰਾ ਰਾਜ਼ੀ ਕਰਨਾ

ਇਹਨਾਂ ਹੀ ਦਿਨਾਂ ਵਿੱਚ ਸ. ਅਵਤਾਰ ਸਿੰਘ੧ ਜੋ ਬਾਬਾ ਜੀ ਦੇ ਪਰਵਾਰਿਕ ਰਿਸ਼ਤਿਆਂ ਵਿੱਚੋਂ ਭਤੀਜਾ ਲੱਗਦਾ ਸੀ, ਚੜ੍ਹਦੀ ਉਮਰ ਵਿੱਚ ਬਹੁਤ ਬਿਮਾਰ ਪੈ ਗਿਆ। ਗਠੀਏ ਦੀ ਤਕਲੀਫ਼ ਹੋ ਗਈ। ਸਾਰਾ ਸਰੀਰ ਜੁੜ ਗਿਆ। ਦਰਦ ਨਾਲ ਦਿਨ ਰਾਤ ਹਾਇ-ਹਾਇ ਕਰ ਕੇ ਬਿਤਾਉਂਦਾ ਸੀ। ਸਰੀਰ ਵਿੱਚ ਹਰ ਵੇਲੇ ਸੜਨ ਜਿਹੀ ਲੱਗੀ ਰਹਿੰਦੀ ਸੀ।

ਰੋਜ਼ ਹਰ ਵੇਲੇ ਦੀ ਹਾਇ-ਹਾਇ ਦੀ ਅਵਾਜ਼ ਨੇ ਮਾਪਿਆਂ ਨੂੰ ਵੀ ਅਕਾ ਦਿੱਤਾ ਅਤੇ ਅਵਤਾਰ ਸਿੰਘ ਦੇ ਸਹੁਰੇ ਉਸ ਨੂੰ ਆਪਣੇ ਘਰ ਲੈ ਗਏ। ਆਯੁਰਵੈਦਿਕ ਅਤੇ ਐਲੋਪੈਥਿਕ ਸਾਰੇ ਇਲਾਜ ਕਰਵਾਏ ਪਰ ਭੋਰਾ ਜਿੰਨਾ ਵੀ ਫ਼ਰਕ ਨਾ ਪਿਆ, ਸਗੋਂ ਤਕਲੀਫ਼ ਵਧਦੀ ਗਈ, ਜਿਸ 'ਤੇ ਪਰਿਵਾਰ ਨੇ ਮਿਉ ਹਸਪਤਾਲ ਲਾਹੌਰ ਵਿੱਚ ਦਾਖ਼ਲ ਕਰਵਾ ਦਿੱਤਾ ਪਰ ਛੇ ਮਹੀਨੇ ਦੇ ਇਲਾਜ ਉਪ੍ਰੰਤ ਵੀ ਨਿਰਾਸਤਾ ਹੀ ਪੱਲੇ ਪਈ। ਸਰੀਰ ਹੋਰ ਨਿਰਬਲ ਹੋ ਗਿਆ। ਹੁਣ ਤਾਂ

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥
(ਸੋਰਠਿ ਮ: ੯, ਅੰਗ ੬੩੪)

ਵਾਲੀ ਗੱਲ ਵਾਪਰੀ।

ਸਹੁਰੇ ਵੀ ਦਮ ਹਾਰ ਗਏ ਅਤੇ ਵਾਪਸ ਅਵਤਾਰ ਸਿੰਘ ਨੂੰ ਮਾਤਾ-ਪਿਤਾ ਪਾਸ ਹੀ ਛੱਡ ਗਏ। ਬਾਬਾ ਜੀ ਅਨੰਦਪੁਰ ਸਾਹਿਬ ਤੋਂ ਜਦ ਵਾਪਿਸ 119 ਚੱਕ ਪੁੱਜੇ ਤਾਂ ਅਵਤਾਰ ਸਿੰਘ ਦੇ ਬਿਮਾਰ ਹੋਣ ਬਾਰੇ ਮਾਤਾ ਜੀ ਨੇ ਦੱਸਿਆ। ਆਪ ਜੀ ਅਵਤਾਰ ਸਿੰਘ ਦਲੇਰ ਦੀ ਖ਼ਬਰ-ਸੁਰਤ ਲੈਣ ਵਾਸਤੇ ਗਏ। ਜਿਉਂ ਹੀ ਬਾਬਾ ਜੀ ਉਸਦੇ ਕਮਰੇ ਵਿੱਚ ਗਏ ਜਿੱਥੇ ਕਿ ਅਵਤਾਰ ਸਿੰਘ ਬਿਮਾਰੀ ਕਾਰਨ ਕਰਾਹ ਰਿਹਾ ਸੀ, ਬਾਬਾ ਜੀ ਦੇ ਕੋਲ ਜਾਣ ਤੇ ਉਸ ਨੂੰ ਕੁਝ ਸ਼ਾਂਤੀ ਮਹਿਸੂਸ ਹੋਈ। ਸਰੀਰ ਕਰਕੇ ਵੀ ਉਸਨੇ ਆਪਣੇ ਆਪ ਨੂੰ ਕੁਝ ਠੀਕ ਮਹਿਸੂਸ ਕੀਤਾ। ਕੁਝ ਚਿਰ ਬਾਅਦ ਬਾਬਾ ਜੀ ਵਾਪਿਸ ਆ ਗਏ। ਕੁਝ ਦਿਨਾਂ ਬਾਅਦ ਆਪ ਜੀ ਫਿਰ ਉਸਦਾ ਹਾਲ-ਚਾਲ ਪੁੱਛਣ ਗਏ। ਅਵਤਾਰ ਸਿੰਘ ਨੇ ਪਹਿਲੇ ਦੀ ਤਰ੍ਹਾਂ ਆਪਣੇ-ਆਪ ਨੂੰ ਫੇਰ ਤਨ-ਮਨ ਕਰਕੇ ਸ਼ਾਂਤ ਮਹਿਸੂਸ ਕੀਤਾ। ਜਿੰਨਾ ਚਿਰ ਆਪ ਜੀ ਉਸ ਪਾਸ ਬੈਠੇ ਰਹੇ, ਅਵਤਾਰ ਸਿੰਘ ਗੱਲਾਂ-ਬਾਤਾਂ ਕਰਦੇ ਰਹੇ। ਜਦੋਂ ਬਾਬਾ ਜੀ ਚੱਲਣ ਲੱਗੇ ਤਦ ਅਵਤਾਰ ਸਿੰਘ ਨੇ ਬੇਨਤੀ ਕੀਤੀ ਕਿ ਆਪ ਜੀ ਮੇਰੇ ਤੇ ਕ੍ਰਿਪਾ ਕਰੋ। ਬਾਬਾ ਜੀ ਨੇ ਸੁਤੇ-ਸਿੱਧ ਉਸ ਨੂੰ ਕਿਹਾ ਕਿ ਹਾਇ-ਹਾਇ ਕਰਨ ਦੀ ਥਾਂ ਵਾਹਿਗੁਰੂ-ਵਾਹਿਗੁਰੂ ਕਿਹਾ ਕਰੋ ਪਰ ਅੱਗੋਂ ਉਸ ਨੇ ਉੱਤਰ ਦਿੱਤਾ ਕਿ ਹੁਣ ਮੇਰੇ ਵੱਸ ਦੀ ਗੱਲ ਨਹੀਂ,


ੴ ਸਤਿਗੁਰ ਪ੍ਰਸਾਦਿ ॥
ਸੇ ਕਿਨੇਹਿਆ ?
ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)
ਲੇਖਕ ਅਤੇ ਪ੍ਰਕਾਸ਼ਕ
ਸੰਤ ਸੇਵਾ ਸਿੰਘ
ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾ: ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)
ਫੋਨ ਨੰ: +91-1886-260334, 98767-60334
3

ਵਾਹਿਗੁਰੂ ਕਿਹਾ ਨਹੀਂ ਜਾਂਦਾ।

ਬਾਬਾ ਜੀ ਵਾਪਸ ਆਪਣੇ ਘਰ ਆ ਗਏ। ਅਵਤਾਰ ਸਿੰਘ ਨੇ ਆਪਣੀ ਮਾਤਾ ਨੂੰ ਕਿਹਾ ਕਿ ਜੇ ਤੁਸੀਂ ਮੈਨੂੰ ਰਾਜ਼ੀ ਕਰਨਾ ਹੈ ਤਾਂ ਚਾਚਾ ਜੀ੧ ਨੂੰ ਕਹੋ ਕਿ ਉਹ ਮੇਰੇ ਤੇ ਮਿਹਰਬਾਨੀ ਕਰਨ। ਅਵਤਾਰ ਸਿੰਘ ਦੀ ਮਾਤਾ ਨੇ ਬਾਬਾ ਜੀ ਦੇ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਭਾਈ ਹਰਨਾਮ ਸਿੰਘ ਜੀ ਨੂੰ ਕਹਿ ਕੇ ਮੇਰੇ ਬੱਚੇ ਨੂੰ ਰਾਜ਼ੀ ਕਰਵਾ ਦਿਉ। ਜੇ ਉਹ ਕੋਈ ਚਾਰਾ ਕਰਨ ਤਦ ਉਸ ਦੀ ਜਾਨ ਬਚ ਸਕਦੀ ਹੈ, ਨਹੀਂ ਤਾਂ ਡਾਕਟਰਾਂ ਨੇ ਤਾਂ ਪਹਿਲੋਂ ਹੀ ਜਵਾਬ ਦੇ ਦਿੱਤਾ ਹੈ ਕਿ ਇਸ ਬਿਮਾਰੀ ਦਾ ਪੱਕਾ ਇਲਾਜ ਨਹੀਂ ਹੋ ਸਕਦਾ।

ਮਾਤਾ ਨਰੈਣ ਕੌਰ ਜੀ ਨੇ ਬਾਬਾ ਜੀ ਨੂੰ ਪ੍ਰੇਰਨਾ ਦਿੱਤੀ ਕਿ ਪੁੱਤਰ! ਜੇ ਕੋਈ ਯਤਨ ਹੋ ਸਕਦਾ ਹੈ ਤਾਂ ਕਰੋ ਤਾਂ ਜੋ ਅਵਤਾਰ ਸਿੰਘ ਦੀ ਜਾਨ ਬਚ ਜਾਵੇ। ਘਰ ਵਿੱਚ ਇੱਕੋ ਹੀ ਬੱਚਾ ਹੈ। ਮਾਤਾ ਜੀ ਵੱਲੋਂ ਪ੍ਰੇਰਨਾ ਕਰਨ ਤੇ ਆਪ ਜੀ ਤਿਆਰ ਹੋ ਗਏ ਤੇ ਕਿਹਾ ਕਿ ਮਾਤਾ ਜੀ, ਆਪ ਜੀ ਦਾ ਜੋ ਹੁਕਮ ਹੈ ਉਸਨੂੰ ਮੈਂ ਮੋੜ ਨਹੀਂ ਸਕਦਾ। ਜਿਵੇਂ ਤੁਸੀਂ ਕਹੋ ਮੈਂ ਕਰਨ ਨੂੰ ਤਿਆਰ ਹਾਂ, ਉਂਵ ਮੇਰਾ ਮਨ ਨਹੀਂ ਮੰਨਦਾ।

ਜਿਵੇਂ ਸ੍ਰੀ ਸੁਖਮਨੀ ਸਾਹਿਬ ਜੀ ਵਿੱਚ ਪੰਜਵੇਂ ਸਤਿਗੁਰਾਂ ਦਾ ਹੁਕਮ ਹੈ :

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥
(ਸੁਖਮਨੀ ਸਾਹਿਬ, ਅੰਗ ੨੭੩)

ਅਤੇ

ਅਪਨਾ ਬਿਗਾਰਿ ਬਿਰਾਂਨਾ ਸਾਂਢੈ॥
(ਅੰਗ ੮੭੫)

ਬਾਬਾ ਜੀ ਨੇ ਹਰ ਰੋਜ਼ ਨਿੱਤ ਦੀ ਕਿਰਿਆ ਕਰ ਕੇ ਅਵਤਾਰ ਸਿੰਘ ਦੇ ਘਰ ਜਾਣਾ ਅਤੇ ਜ਼ਮੀਨ ਤੇ ਸਵੱਛ ਆਸਣ ਵਿਛਾ ਕੇ ਲਾਗੇ ਅਵਤਾਰ ਸਿੰਘ ਨੂੰ ਲੰਮਾ ਪਵਾ ਲੈਣਾ ਅਤੇ ਆਪ ਹੇਠ ਲਿਖੇ ਸ਼ਬਦ ਦੀਆਂ 32 ਮਾਲਾ ਹਰ ਰੋਜ਼ ਕਰਨੀਆਂ ਅਰੰਭ ਕਰ ਦਿੱਤੀਆਂ। ਥੋੜ੍ਹਾ ਉੱਚੀ ਬੋਲਣਾ ਤਾਂ ਜੋ ਬਾਣੀ ਦਾ ਪਾਠ ਉਸ ਦੇ ਕੰਨਾਂ ਵਿੱਚ ਪੈਂਦਾ ਰਹੇ।

ਸਿਰ ਮਸ੍ਤਕ ਰਖ੍ਯ੍ਯਾ ਪਾਰਬ੍ਰਹਮੰ
ਹਸ੍ਤ ਕਾਯਾ ਰਖ੍ਯ੍ਯਾ ਪਰਮੇਸ੍ਵਰਹ॥
ਆਤਮ ਰਖ੍ਯ੍ਯਾ ਗੋਪਾਲ ਸੁਆਮੀ
ਧਨ ਚਰਣ ਰਖ੍ਯ੍ਯਾ ਜਗਦੀਸ੍ਵਰਹ॥
ਸਰਬ ਰਖ੍ਯ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ॥
ਭਗਤਿ ਵਛਲ ਅਨਾਥ ਨਾਥੇ ਸਰਣਿ
ਨਾਨਕ ਪੁਰਖ ਅਚੁਤਹ॥ ੫੨॥
(ਸਲੋਕ ਸਹਸਕ੍ਰਿਤੀ, ਅੰਗ ੧੩੫੮)

ਬਾਬਾ ਜੀ ਦੱਸਦੇ ਸਨ ਕਿ ਜਾਪ ਅਰੰਭ ਕੀਤੇ ਨੂੰ ਅਜੇ ਥੋੜ੍ਹੇ ਦਿਨ ਹੀ ਹੋਏ ਸਨ ਕਿ ਇੱਕ ਦਿਨ ਅਜੇ ਦੋ ਮਾਲਾ ਹੀ ਕੀਤੀਆਂ ਸਨ। ਇੱਕ ਸ਼ਹੀਦ ਸਿੰਘ ਨੇ ਮੈਨੂੰ ਗਿੱਚੀ ਉਪਰੋਂ ਫੜ ਕੇ ਦੂਸਰਾ ਹੱਥ ਹੇਠਾਂ ਜਿੱਥੇ ਰੀੜ੍ਹ ਦੀ ਹੱਡੀ ਮੁੱਕਦੀ ਹੈ, ਆਸਣ ਹੇਠ ਦੀ ਪਾ ਕੇ ਅੱਗੇ ਨੂੰ ਮੂਧਾ ਕਰਨ ਵਾਸਤੇ ਧੱਕਿਆ। ਦੂਜੀ ਵਾਰੀ ਫੇਰ ਯਤਨ ਕੀਤਾ; ਜਦ ਤੀਸਰੀ ਵਾਰੀ ਉਸ ਨੇ ਜ਼ੋਰ ਲਾਇਆ ਤਾਂ ਮੈਂ ਉਹਨਾਂ ਨੂੰ ਕਿਹਾ ਕਿ ਤੁਸੀਂ ਸਾਹਮਣੇ ਹੋ ਕੇ ਗੱਲ ਕਰੋ ਕਿ ਤੁਸੀਂ ਕੀ ਚਾਹੁੰਦੇ ਹੋ ? ਦੂਸਰਾ ਸ਼ਹੀਦ ਸਿੰਘ ਜੋ ਮੇਰੇ ਸੱਜੇ ਪਾਸੇ ਖੜ੍ਹਾ ਸੀ, ਉਸਨੇ ਕਿਹਾ ਕਿ ਜਿਸ ਮਨਮੁਖ ਦੀ ਤੁਸੀਂ ਮਦਦ ਕਰ ਰਹੇ ਹੋ ਇਹ ਮਦਦ ਕਰਨ ਦੇ ਲਾਇਕ ਨਹੀਂ। ਇਸ ਨੇ ਸਟੇਜ ਤੇ ਖਲੋ ਕੇ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਰੱਜ ਕੇ ਨਿੰਦਿਆ ਕੀਤੀ ਜੋ ਕੰਨਾਂ ਨਾਲ ਸੁਣੀ ਨਹੀਂ ਜਾ ਸਕਦੀ ਸੀ। ਮਾਰ ਤਾਂ ਅਸੀਂ ਇਸਨੂੰ ਉਦੋਂ ਹੀ ਦੇਣਾ ਸੀ ਪਰ ਖ਼ਿਆਲ ਸੀ ਕਿ ਇਸ ਨੂੰ ਬਹੁਤਾ ਕਸ਼ਟ ਦੇ ਕੇ ਮਾਰੀਏ ਅਤੇ ਹੁਣ ਇਸ ਦੀ ਜਾਨ ਬਖ਼ਸ਼ੀ ਲਈ ਤੁਸੀਂ ਬਾਣੀ ਦਾ ਪਾਠ ਅਰੰਭ ਕਰ ਦਿੱਤਾ ਹੈ।

ਆਪ ਜੀ ਦੱਸਦੇ ਹੁੰਦੇ ਸਨ ਕਿ ਅਸੀਂ ਉਹਨਾਂ ਸ਼ਹੀਦ ਸਿੰਘਾਂ ਨੂੰ ਕਿਹਾ ਕਿ ਜੇ ਤੁਸੀਂ ਹੁਕਮ ਕਰੋ ਤਾਂ ਇਸ ਪਾਸੋਂ ਮੁਆਫ਼ੀ ਮੰਗਵਾ ਦਿੰਦੇ ਹਾਂ। ਅੱਗੋਂ ਉਹ ਕਹਿਣ ਲੱਗੇ ਕਿ ਭਾਈ ਹਰਨਾਮ ਸਿੰਘ! ਮੁਆਫ਼ੀ ਕੀ ਮੰਗਵਾਉਣੀ ਹੈ ? ਅਸੀਂ ਹੀ ਇਸਨੂੰ ਇਹ ਸਾਰਾ ਕਸ਼ਟ ਦਿੱਤਾ ਸੀ ਤੇ ਹੁਣ ਇਸ ਦਾ ਪਿੱਛਾ ਛੱਡ ਦਿੰਦੇ ਹਾਂ। ਉਂਵ ਇਹ ਬਖ਼ਸ਼ਣ ਦੇ ਯੋਗ ਨਹੀਂ ਸੀ। ਇੰਨਾ ਕਹਿ ਕੇ ਉਹ ਦੋਵੇਂ ਸਿੰਘ ਅਲੋਪ ਹੋ ਗਏ। ਬਾਬਾ ਜੀ ਦੱਸਦੇ ਸਨ ਕਿ ਧੌਣ ਉੱਪਰ ਜਿੱਥੇ ਉਹਨਾਂ ਸ਼ਹੀਦ ਸਿੰਘਾਂ ਨੇ ਹੱਥ ਪਾਇਆ ਸੀ, ਤਿੰਨ ਦਿਨ ਉਂਗਲੀਆਂ ਦੇ ਨਿਸ਼ਾਨ ਮਹਿਸੂਸ ਹੁੰਦੇ ਰਹੇ ਤੇ ਮਾਸ ਦਰਦ ਵੀ ਕਰਦਾ ਰਿਹਾ।

ਉਸ ਦਿਨ ਤੋਂ ਬਾਅਦ ਅੱਜ ਹੋਰ, ਕੱਲ੍ਹ ਹੋਰ, ਅਵਤਾਰ ਸਿੰਘ ਨੂੰ ਅਰਾਮ ਆਉਣ ਲੱਗ ਪਿਆ। 40 ਦਿਨ ਬਾਅਦ ਭੋਗ ਪਾਇਆ, ਅਰਦਾਸ ਕੀਤੀ, ਹੁਣ ਉਹ ਹੀ ਅਵਤਾਰ ਸਿੰਘ ਜੋ ਮੰਜੇ ਤੋਂ ਉੱਠ ਕੇ ਬੈਠਣ ਲਈ ਵੀ ਸਹਾਰਾ ਟੋਲਦਾ ਸੀ, ਆਪਣੇ ਆਪ ਤੁਰਦਾ ਫਿਰਦਾ ਤੇ ਨਵਾਂ-ਨਰੋਆ ਹੋ ਗਿਆ।

ਬਾਬਾ ਜੀ ਨੇ ਅਵਤਾਰ ਸਿੰਘ ਨੂੰ ਸਾਰੀ ਗੱਲ ਪੁੱਛੀ ਅਤੇ ਆਪਣੇ ਨਾਲ ਜੋ ਬੀਤੀ ਸੀ ਉਹ ਵੀ ਦੱਸੀ ਅਤੇ ਅਗਾਂਹ ਲਈ ਗੁਰੂ ਪਾਤਸ਼ਾਹ ਜੀ ਦੇ ਭੈ-ਭਾਵਨੀ ਵਿੱਚ ਤੁਰਨ ਲਈ ਪ੍ਰੇਰਨਾ ਦਿੱਤੀ।੧ ਜਿੰਨਾ ਕੁ ਚਿਰ ਬਿਮਾਰੀ ਦਾ ਦੁੱਖ ਯਾਦ ਰਿਹਾ ਓਨਾਂ ਚਿਰ ਤਾਂ ਸ: ਅਵਤਾਰ ਸਿੰਘ ਥੋੜ੍ਹੀ ਬਾਣੀ ਪੜ੍ਹਦੇ ਰਹੇ। ਥੋੜ੍ਹੇ ਸਮੇਂ ਬਾਅਦ ਫਿਰ ਢਿੱਲ ਵਰਤ ਗਏ। ਚਾਹੀਦਾ ਤਾਂ ਇਹ ਸੀ ਕਿ ਅਗਲੇ ਪਾਸੇ ਤੋਂ ਛੁਟਕਾਰਾ ਮਿਲਿਆ ਸੀ, ਸਾਰੇ ਪਾਸੇ ਭੁਲਾ ਕੇ ਸਤਿਗੁਰੂ ਜੀ ਦੇ ਚਰਨਾਂ ਨਾਲ ਪੱਕੀ ਗੰਢ ਪਾ ਲੈਂਦੇ ਪਰ

ਬਿਨੁ ਭਾਗਾ ਗੁਰੁ ਸੇਵਿਆ ਨ ਜਾਇ॥
(ਅੰਗ ੧੦੬੫)

ਵਾਲੀ ਗੱਲ ਬਣੀ। ਪਰ ਫੇਰ ਵੀ ਸਮੇਂ-ਸਮੇਂ ਬਾਬਾ ਜੀ ਨੇ ਅਵਤਾਰ ਸਿੰਘ ਨੂੰ ਗੁਰੂ-ਚਰਨਾਂ ਵੱਲ ਪ੍ਰੇਰਨ ਦਾ ਯਤਨ ਕੀਤਾ। ਜਦੋਂ ਸ: ਅਵਤਾਰ ਸਿੰਘ ਭੂੰਗੇ (ਜ਼ਿ: ਹੁਸ਼ਿਆਰਪੁਰ) ਬਲਾਕ ਵਿੱਚ ਬੀ.ਡੀ.ਓ. ਦੀ ਪੋਸਟ 'ਤੇ ਕੰਮ ਕਰਦੇ ਸਨ ਤਦ ਬਾਬਾ ਜੀ ਦੀ ਪ੍ਰੇਰਨਾ ਨਾਲ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਗਏ। ਫਿਰ ਕਿਸੇ ਪੂਰਬਲੇ ਕਰਮ ਨੇ ਐਸਾ ਉਖੇੜ ਮਾਰਿਆ ਕਿ ਆਪ ਗੁਰੂ ਗੋਦ 'ਚੋਂ ਡਿੱਗ ਪਏ। ਬਾਦ ਵਿੱਚ ਅਮਰੀਕਾ ਵਿੱਚ ਲਵਿੰਗਸਟਨ ਵਿੱਚ ਨਵੇਂ ਗੁਰਦੁਆਰੇ ਦੇ ਮੁੱਖ ਸੇਵਾਦਾਰ ਬਣ ਕੇ, ਗੁਰੂ ਘਰ ਦੀ ਸੇਵਾ ਰਾਹੀਂ ਪਿੱਛੇ ਹੋ ਚੁੱਕੀ ਭੁੱਲ ਨੂੰ ਮੁਆਫ਼ ਕਰਾਉਣ ਦੇ ਯਤਨ ਵਿੱਚ ਸਨ। ਆਪ ਜੀ ਮਾਰਚ 1991 ਵਿੱਚ ਪ੍ਰਲੋਕ ਸਿਧਾਰ ਗਏ। (ਚਲਦਾ)

# ਅਨੂਪਪੁਰ 'ਚ ਸਿੱਖ ਜੱਜ ਦੇ ਘਰ 'ਤੇ ਹਮਲਾ, ਤਿੰਨ ਵਿਅਕਤੀ ਗ੍ਰਿ.ਫ਼ਤਾਰ

## ਜ਼ਮਾਨਤ ਪਟੀਸ਼ਨ ਰੱਦ ਕਰਨ ਦਾ ਲੈ ਰਹੇ ਸਨ ਬਦਲਾ : ਪੁਲਿਸ

ਅਨੂਪਪੁਰ : ਮੱਧ ਪ੍ਰਦੇਸ਼ ਦੇ ਅਨੂਪਪੁਰ ਜ਼ਿਲ੍ਹੇ ਤੋਂ ਇਕ ਹੈਰਾਨ ਕਰਨ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਸਿੱਖ ਜੱਜ ਅਮਨਦੀਪ ਸਿੰਘ ਛਾਬੜਾ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਅਤੇ ਉਨ੍ਹਾਂ ਦੀ ਰਿਹਾਇਸ਼ 'ਤੇ ਪਥਰਾਅ ਵੀ ਕੀਤਾ ਗਿਆ। ਮੱਧ ਪ੍ਰਦੇਸ਼ ਦੇ ਅਨੂਪਪੁਰ ਜ਼ਿਲ੍ਹੇ 'ਚ ਇਕ ਸਿੱਖ ਮੈਜਿਸਟਰੇਟ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ, ਘਰ ਨੂੰ ਨੁਕਸਾਨ ਪਹੁੰਚਾਉਣ ਅਤੇ ਉਸ ਦੀ ਰਿਹਾਇਸ਼ ਉਤੇ ਪੱਥਰਬਾਜ਼ੀ ਕਰਨ ਦੇ ਦੋਸ਼ 'ਚ ਐਤਵਾਰ ਨੂੰ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਕੋਟਮਾ ਅਦਾਲਤ ਦੇ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਅਤੇ ਸਿਵਲ ਜੱਜ ਅਮਨਦੀਪ ਸਿੰਘ ਛਾਬੜਾ ਵਲੋਂ ਪੁਲਿਸ ਕੋਲ ਕਰਵਾਈ ਸ਼ਿਕਾਇਤ ਅਨੁਸਾਰ ਸਨਿਚਰਵਾਰ ਅੱਧੀ ਰਾਤ ਕਰੀਬ 12:30 ਵਜੇ ਵਿਅਕਤੀਆਂ ਦੇ ਇਕ ਸਮੂਹ ਨੇ ਵਿਹੜੇ ਵਿਚ ਪੱਥਰਬਾਜ਼ੀ ਕੀਤੀ ਅਤੇ ਇਸ ਤੋਂ ਪਹਿਲਾਂ ਗੇਟ ਉਤੇ ਇਕ ਲੈਂਪ ਅਤੇ ਲੋਹੇ ਦੇ ਜੰਗਲੇ ਸਮੇਤ ਜਾਇਦਾਦ ਨੂੰ ਨੁਕਸਾਨ ਵੀ ਪਹੁੰਚਾਇਆ। ਜ਼ਿਲ੍ਹਾ ਹੈੱਡਕੁਆਰਟਰ ਤੋਂ 35 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਭਲੂਮਾੜਾ ਸਥਿਤ ਘਰ ਤੋਂ ਜਦੋਂ ਜੱਜ ਬਾਹਰ ਆਏ ਤਾਂ ਉਹ ਭੱਜ ਗਏ। ਪੁਲਿਸ ਸੁਪਰਡੈਂਟ ਮੋਤੀਉਰ ਰਹਿਮਾਨ ਨੇ ਕਿਹਾ, "ਇਹ ਬਦਲਾ ਲੈਣ ਲਈ ਕੀਤਾ ਗਿਆ ਇਕ ਹਮਲਾ ਸੀ। ਮੈਜਿਸਟਰੇਟ ਨੇ ਪੰਜ ਤੋਂ ਛੇ ਮਹੀਨੇ ਪਹਿਲਾਂ ਇਕ ਮੁਲਜ਼ਮ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿਤੀ ਸੀ।" ਕੋਟਮਾ ਥਾਣੇ ਦੇ ਐਸ.ਐਚ.ਓ. ਸੰਜੇ ਖਾਲਕੋ ਨੇ ਗ੍ਰਿਫਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਭਾਲੂਮੁੜਾ ਦੇ ਵਸਨੀਕ ਪ੍ਰਿਯਾਂਸ਼ੂ ਸਿੰਘ ਉਰਫ ਜਗੁਆਰ (25), ਦੇਵੇਂਦਰ ਕੇਵਤ (23) ਅਤੇ ਮਨੀਕੇਸ਼ ਸਿੰਘ (19) ਵਜੋਂ ਕੀਤੀ ਹੈ। ਖਾਲਕੋ ਨੇ ਕਿਹਾ, "ਮੁਲਜ਼ਮਾਂ ਨੇ ਦੇਰ ਰਾਤ ਜੱਜ ਦੀ ਸਰਕਾਰੀ ਰਿਹਾਇਸ਼ ਦੇ ਬਾਹਰ ਪੱਥਰਬਾਜ਼ੀ ਕੀਤੀ ਅਤੇ ਜ਼ੁਬਾਨੀ ਗਾਲ੍ਹਾਂ ਕੱਢੀਆਂ, ਜਿਸ ਨਾਲ ਇਲਾਕੇ 'ਚ ਦਹਿਸ਼ਤ ਫੈਲ ਗਈ। ਅਸੀਂ ਵੱਖ-ਵੱਖ ਥਾਵਾਂ ਉਤੇ ਛਾਪੇਮਾਰੀ ਕੀਤੀ ਅਤੇ ਤਿੰਨਾਂ ਮੁਲਜ਼ਮਾਂ ਨੂੰ ਹਿਰਾਸਤ ਵਿਚ ਲੈ ਲਿਆ। ਮੁੱਖ ਮੁਲਜ਼ਮ ਪ੍ਰਿਯਾਂਸ਼ੂ ਸਿੰਘ ਆਦਤਨੀ ਅਪਰਾਧੀ ਹੈ ਅਤੇ ਉਸ ਦੇ ਵਿਰੁਧ ਕਈ ਕੇਸ ਦਰਜ ਹਨ।" ਜੱਜ ਨੇ ਪ੍ਰਿਯਾਂਸ਼ੂ ਸਿੰਘ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿਤੀ ਸੀ। ਸੂਤਰਾਂ ਨੇ ਦੱਸਿਆ ਕਿ ਅਨੂਪਪੁਰ ਦੇ ਪ੍ਰਿੰਸੀਪਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਮਾਇਆ ਵਿਸ਼ਵਲਾਲ ਨੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਦੇ ਹੁਕਮ ਉਤੇ



ਜੇ.ਐਮ.ਐਫ.ਸੀ. ਨਾਲ ਅਪਣੀ ਰਿਹਾਇਸ਼ ਉਤੇ ਮੁਲਾਕਾਤ ਕੀਤੀ।

ਪੰਥਕ ਕਦਰਾਂ ਕੀਮਤਾਂ ਦੇ ਪਹਿਰੇਦਾਰ,
ਆਪਣੀ ਜ਼ਿੰਦਗੀ ਦਾਅ 'ਤੇ ਲਾਉਣ ਵਾਲੇ

ਭਾਈ ਸੰਦੀਪ ਸਿੰਘ ਸਨੀ ਦੇ ਭਰਾ

# ਭਾਈ ਮਨਦੀਪ ਸਿੰਘ

ਤਰਨਤਾਰਨ ਤੋਂ ਅਕਾਲੀ ਦਲ
(ਵਾਰਿਸ ਪੰਜਾਬ ਦੇ)
ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।





ਉਨ੍ਹਾਂ ਦੀ ਚੋਣ ਵਿਚ ਵੋਟਰਾਂ ਵਲੋਂ
ਵੱਡਾ ਹੁੰਗਾਰਾ ਮਿਲ ਰਿਹਾ ਹੈ।
ਲੋਕਾਂ ਵਿਚ ਇਸ ਪ੍ਰਭਾਵ ਨੂੰ ਦੇਖਿਆ ਜਾ ਸਕਦਾ ਹੈ।
ਪੰਥਕ ਰਵਾਇਤਾਂ ਨੂੰ ਪ੍ਰਣਾਏ ਹੋਏ
ਇਸ ਉਮੀਦਵਾਰ ਨੂੰ ਆਪਣਾ ਇਕ ਇਕ
ਕੀਮਤੀ ਵੋਟਾਂ ਪਾ ਕੇ ਕਾਮਯਾਬ ਕਰੋ।

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਪੰਥਕ ਆਵਾਜ਼

## ਸ:ਹਰਮਿੰਦਰ ਸਿੰਘ ਸਮਾਣਾ

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

SAN RAMON
San Ramon
URGENT CARE & CLINIC
9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE
15810 Harlan Road #A
Lathrop, CA 95330
(209) 983-9000

MAIN STREET
Main Street
URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਗੁਰਦੁਆਰਾ ਗਜ਼ਟ ਅੰਮ੍ਰਿਤਸਰ (26) ਜਨਵਰੀ 1937

1. ਇਹ ਖ਼ਾਲਸਾ ਜੀ ਦਾ ਸਜਿਆ ਦੀਵਾਨ ਗੁਲਬਹਾਰਕਲਾਂ ਦੇ ਮੁਸਲਮਾਨ ਜ਼ਿਮੀਂਦਾਰਾਂ ਵਲੋਂ ਹੋਈ ਵਧੀਕੀ ਜੋ ਉਨ੍ਹਾਂ ਨੇ ਪੁਰਾਣੇ ਤੇ ਨਵੇਂ ਸੱਜਣ ਵਾਲੇ ਅਖੌਤੀ ਅਛੂਤਾਂ ਵਿਚੋਂ ਸਜੇ ਸਿੰਘਾਂ ਨੂੰ ਨਜਾਇਜ਼ ਬੁਰੀ ਤਰ੍ਹਾਂ ਮਾਰਿਆ ਤੇ ਸਿੱਖ ਸੱਜਣ ਵਲੋਂ ਰੋਕਣ ਦੀ ਬੇਅਰਥ ਕੋਸ਼ਿਸ਼ ਕੀਤੀ ਉਤੇ ਘਿਰਨਾ ਪ੍ਰਗਟ ਕਰਦੇ ਹਾਂ ਅਤੇ ਕਾਨੂੰਨ ਦੇ ਜ਼ਰੀਏ ਇਨ੍ਹਾਂ ਦੀ ਮਦਦ ਤੇ ਇਨਸਾਫ਼ ਮੰਗਦੇ ਹਾਂ।

2. ਇਹ ਦੀਵਾਨ ਇਨ੍ਹਾਂ ਸੱਜਣਾਂ ਦੇ ਪਰਿਵਾਰਾਂ ਨਾਲ ਤੇ ਇਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

3. ਇਹ ਦੀਵਾਨ ਮਹਾਸ਼ਾ ਦਿਤੂ ਰਾਮ ਦੀ ਉਸ ਅਯੋਗ ਕਾਰਵਾਈ ਤੇ ਲਾਹਨਤ ਪਾਉਂਦਾ ਹੈ ਜਿਸ ਨੇ ਮੁਸਲਮਾਨਾਂ ਦੀ ਸਾਈਡ ਲੈ ਕੇ ਤੇ ਮੇਘਾਂ ਦੀਆਂ ਦੋ ਪਾਰਟੀਆਂ ਬਣਾ ਕੇ ਸਿੱਖਾਂ ਨੂੰ ਮਰਵਾਇਆ ਤੇ ਸਿੱਖ ਸੱਜਣ ਤੇ ਦੀਵਾਨ ਹੋਣ ਤੋਂ ਰੋਕਿਆ।

4. ਇਹ ਦੀਵਾਨ ਸਰਬ-ਹਿੰਦ ਸਿੱਖ ਮਿਸ਼ਨ ਦੀ ਪਿਛਲੀ ਪ੍ਰਚਾਰ ਸੇਵਾ ਦਾ ਧੰਨਵਾਦ ਕਰਦਾ ਹੈ ਤੇ ਆਸ ਰੱਖਦਾ ਏ ਕਿ ਅੱਗੋਂ ਭੀ ਇਸੇ ਤਰ੍ਹਾਂ ਕਮਰਕਸੇ ਕਰੀ ਰੱਖਣਗੇ ਅਤੇ ਸਿਆਲਕੋਟ ਦੀਆਂ ਸੰਗਤਾਂ ਉਨ੍ਹਾਂ ਦੇ ਨਾਲ ਹਨ।

ਗੁਰਦਾਸਪੁਰ : ਭਾਈ ਹਜ਼ਾਰਾ ਸਿੰਘ ਜੀ ਪ੍ਰਚਾਰਕ ਮਿਸ਼ਨ ਖ਼ਬਰ ਦਿੰਦੇ ਹਨ ਕਿ ਪਿੰਡ ਭੰਬਲੀ ਜ਼ਿਲ੍ਹਾ ਗੁਰਦਾਸਪੁਰ ਵਿਖੇ 15 ਦਸੰਬਰ ਨੂੰ ਅੰਮ੍ਰਿਤ ਪ੍ਰਚਾਰ ਕੀਤਾ ਗਿਆ,ਜਿਸ ਵਿਚ 70 ਅਖੌਤੀ ਅਛੂਤਾਂ ਨੂੰ ਅੰਮ੍ਰਿਤ ਛਕਾਇਆ ਗਿਆ ਅਤੇ ਕਕਾਰ ਆਦਿ ਦੀ ਸੇਵਾ ਮਿਸ਼ਨ ਵਲੋਂ ਕੀਤੀ ਗਈ।

ਸਿਆਲਕੋਟ-1. ਭਾਈ ਅਮਰ ਸਿੰਘ ਜੀ ਇਤਲਾਹ ਦਿੰਦੇ ਹਨ ਕਿ ਪਿੰਡ ਗਿਆਸਪੁਰ ਜ਼ਿਲ੍ਹਾ ਸਿਆਲਕੋਟ ਵਿਖੇ ਅੰਮ੍ਰਿਤ ਪ੍ਰਚਾਰ ਸਮੇਂ 84 ਅਖੌਤੀ ਅਛੂਤਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਕਲਗੀਧਰ ਦੇ ਝੰਡੇ ਹੇਠ ਲਿਆਂਦਾ ਗਿਆ ਅਤੇ ਕਕਾਰ ਆਦਿ ਦੀ ਸੇਵਾ ਮਿਸ਼ਨ ਵਲੋਂ ਕੀਤੀ ਗਈ।

2. ਭਾਈ ਅਮਰ ਸਿੰਘ ਖ਼ਬਰ ਦਿੰਦੇਹਨ ਕਿ ਹੇਠੀਆਂ, ਅਕਾਲਗੜ੍ਹ, ਸਨਖਤਰਾ ਵਿਖੇ ਅੰਮ੍ਰਿਤ ਪ੍ਰਚਾਰ ਸਮੇਂ 84 ਅਖੌਤੀ ਅਛੂਤਾਂ ਨੂੰ ਅੰਮ੍ਰਿਤ




ਛਕਾਇਆ ਗਿਆ। ਕਕਾਰ ਆਦਿ ਦੀ ਸੇਵਾ ਮਿਸ਼ਨ ਵਲੋਂ ਕੀਤੀ ਗਈ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (27) ਜਨਵਰੀ 1937

ਲਾਹੌਰ : ਮੀਤ ਪ੍ਰਧਾਨ ਗੁਰਦੁਆਰਾ ਕਮੇਟੀ ਲਾਹੌਰ ਵਲੋਂ ਖ਼ਬਰ ਆਈ ਹੈ ਕਿ 20-12-36 ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ ਵਲੋਂ ਗੁਰਦੁਆਰਾ ਸ਼ਹੀਦ ਗੰਜ ਵਿਖੇ ਅੰਮ੍ਰਿਤ ਪ੍ਰਚਾਰ ਹੋਇਆ, ਜਿਸ ਵਿਚ 6 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਤੇ ਕਕਾਰ ਆਦਿ ਦੀ ਸੇਵਾ ਮਿਸ਼ਨ ਵਲੋਂ ਹੋਈ।

ਸਕੱਤਰ ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ ਵਲੋਂ ਖ਼ਬਰ ਮਿਲੀ ਹੈ ਕਿ 8-12-36 ਨੂੰ ਪਿੰਡ ਹੋਰ ਜ਼ਿਲ੍ਹਾ ਲਾਹੌਰ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ ਵਲੋਂ ਅੰਮ੍ਰਿਤ ਪ੍ਰਚਾਰ ਹੋਇਆ ਤੇ 29 ਅਖੌਤੀ ਅਛੂਤਾਂ ਨੇ ਅੰਮ੍ਰਿਤ ਛਕਿਆ। ਪਿੰਡ ਦੇ ਜ਼ਿਮੀਂਦਾਰਾਂ ਨੇ ਬੜਾ ਪ੍ਰੇਮ ਵਿਖਾਇਆ ਅਤੇ ਉਨ੍ਹਾਂ ਦੇ ਘਰ ਹੀ ਅਖੰਡ ਪਾਠ ਦੇ ਭੋਗ ਮਗਰੋਂ ਪ੍ਰਸ਼ਾਦ ਛਕਿਆ। ਕਕਾਰ ਆਦਿ ਦੀ ਸੇਵਾ ਮਿਸ਼ਨ ਵਲੋਂ ਕੀਤੀ ਗਈ।

ਮਾਲਾਬਾਰ : ਭਾਈ ਗੁਰਦਾਸ ਸਿੰਘ ਪ੍ਰਚਾਰਕ ਮਿਸ਼ਨ ਖ਼ਬਰ ਦਿੰਦੇ ਹਨ ਕਿ ਪਿੰਡ ਰਾਨੀ (ਮਾਲਾਬਾਰ) ਵਿਖੇ 13 ਦਸੰਬਰ ਨੂੰ ਅੰਮ੍ਰਿਤ ਪ੍ਰਚਾਰ ਵੇਲੇ 9 ਅਖੌਤੀ ਅਛੂਤਾਂ ਨੂੰ ਅੰਮ੍ਰਿਤ ਛਕਾਇਆ ਗਿਆ ਅਤੇ 14 ਦਸੰਬਰ ਨੂੰ ਦੂਸਰੇ ਦਿਨ ਫਿਰ ਅੰਮ੍ਰਿਤ ਪ੍ਰਚਾਰ ਹੋਇਆ ਜਿਸ ਵਿਚ 18 ਅਖੌਤੀ ਅਛੂਤਾਂ ਅੰਮ੍ਰਿਤ ਪਾਨ ਕੀਤਾ। ਕਕਾਰ ਆਦਿ ਦੀ ਸੇਵਾ ਮਿਸ਼ਨ ਵਲੋਂ ਕੀਤੀ ਗਈ।

ਸਿਆਲਕੋਟ : ਭਾਈ ਟਹਿਲ ਸਿੰਘ ਜੀ ਨਿਹੰਗ ਸਿੰਘ, ਗਿਆਨੀ, ਪਿੰਡ ਕਿਲ੍ਹਾ ਸੋਭਾ ਸਿੰਘ ਜ਼ਿਲ੍ਹਾ ਸਿਆਲਕੋਟ ਤੋਂ ਇਤਲਾਹ ਦਿੰਦੇ ਹਨ ਕਿ ਸਰਬ-ਹਿੰਦ ਸਿੱਖ ਮਿਸ਼ਨ ਦੇ ਮਾਤਹਿਤ ਪਿੰਡ ਸਨਖ਼ਤਰੇ ਵਿਚ ਦੀਵਾਨ ਸਜਿਆ, ਜਿਸ ਵਿਚ 84 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਇਸ ਤੋਂ ਬਾਅਦ ਪਿੰਡ ਗਿਆਸਪੁਰ ਵਿਚ 4 ਪੋਹ ਨੂੰ ਦੀਵਾਨ ਸਜਿਆ, ਇਥੇ 85 ਆਦਮੀ ਅੰਮ੍ਰਿਤ ਛਕ ਕੇ ਖ਼ਾਲਸਾ ਧਰਮ ਦੀ ਸ਼ਰਨ ਵਿਚ ਆਏ। ਉਪਰੋਕਤ ਦੋਵੇਂ ਥਾਹੀਂ ਧਾਰਨੀ ਚਿੰਨ੍ਹ ਮਿਸ਼ਨ ਵਲੋਂ ਵੰਡੇ ਗਏ। ਇਸ ਇਲਾਕੇ ਵਿਚ ਹੋਰ ਬਹੁਤ ਸਾਰੇ ਸਿੰਘ ਸੱਜਣ ਦੀ ਆਸ ਹੈ। ਸਨਖ਼ਤਰੇ ਦੀਵਾਨ ਤੇ ਸ੍ਰ. ਸਾਹਿਬ ਸ੍ਰ. ਸ਼ਿਵਦੇਵ ਸਿੰਘ ਜੀ ਰਈਸ ਡਸਕਾ ਨੇ 25 ਅਖੌਤੀ ਅਛੂਤਾਂ ਦੀ ਮਦਦ ਲਈ ਸਹਾਇਤਾ ਦਿੱਤੀ।

**(ਚਲਦਾ)**

# ਅਮਰੀਕਾ 'ਚ 1 ਲੱਖ ਭਾਰਤੀ ਡਰਾਈਵਰਾਂ ਸਿਰ ਮੰਡਰਾ ਰਿਹਾ ਵੱਡਾ ਖ਼ਤਰਾ !

ਅਮਰੀਕਾ 'ਚ ਸਿੱਖ ਡਰਾਈਵਰਾਂ ਨਾਲ ਜੁੜੇ 2 ਭਿਆਨਕ ਸੜਕ ਹਾਦਸਿਆਂ ਤੋਂ ਬਾਅਦ ਉਨ੍ਹਾਂ ਨੂੰ ਜਾਰੀ ਕੀਤੇ ਗਏ ਡਰਾਈਵਿੰਗ ਲਾਇਸੈਂਸ ਸਵਾਲਾਂ ਦੇ ਘੇਰੇ 'ਚ ਹਨ। ਇਨ੍ਹਾਂ ਦੋਵਾਂ ਸੜਕ ਹਾਦਸਿਆਂ 'ਚ ਡਰਾਈਵਰਾਂ ਦੀ ਲਾਪ੍ਰਵਾਹੀ ਕਾਰਨ 6 ਲੋਕਾਂ ਦੀ ਮੌਤ ਹੋਈ ਹੈ। ਦੋਵੇਂ ਹੀ ਡਰਾਈਵਰ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਏ ਸਨ।

ਇਨ੍ਹਾਂ ਹਾਦਸਿਆਂ ਤੋਂ ਬਾਅਦ ਅਮਰੀਕਾ 'ਚ ਹੋਏ ਇਕ ਵਿਆਪਕ ਸੰਘੀ ਆਡਿਟ 'ਚ ਪਾਇਆ ਗਿਆ ਕਿ ਅਜਿਹੇ ਡਰਾਈਵਰਾਂ ਨੂੰ ਵਪਾਰਕ ਡਰਾਈਵਿੰਗ ਲਾਇਸੈਂਸ ਜਾਰੀ ਕਰਨ 'ਚ ਭਾਰੀ ਬੇਨਿਯਮੀਆਂ ਪਾਈਆਂ ਗਈਆਂ ਹਨ, ਜਿਸ ਕਾਰਨ ਅਮਰੀਕਾ 'ਚ ਕੰਮ ਕਰਨ ਵਾਲੇ ਭਾਰਤ ਤੋਂ ਆਏ 1 ਲੱਖ ਤੋਂ ਵੱਧ ਪ੍ਰਵਾਸੀ ਟਰੱਕ ਡਰਾਈਵਰ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਦੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੇ ਅਮਰੀਕਾ 'ਚ ਨਵੀਂ ਬਹਿਸ ਛੇੜ ਦਿੱਤੀ ਹੈ।

**ਬਿਨਾਂ ਦਸਤਾਵੇਜ਼ ਵਾਲੇ ਭਾਰਤੀ ਡਰਾਈਵਰਾਂ ਵਿਰੁੱਧ ਹੋਵੇਗੀ ਕਾਰਵਾਈ :** ਇਕ ਰਿਪੋਰਟ ਦੇ ਅਨੁਸਾਰ ਅਮਰੀਕੀ ਆਵਾਜਾਈ ਵਿਭਾਗ (ਡੀ.ਓ.ਟੀ.) ਨੇ ਆਪਣੇ ਸੰਘੀ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ (ਐੱਫ.ਐੱਮ.ਸੀ.ਐੱਸ.ਏ.) ਰਾਹੀਂ ਹਾਲ ਹੀ ਵਿਚ ਇਕ ਦੇਸ਼ ਵਿਆਪੀ ਆਡਿਟ ਦੇ ਨਤੀਜਿਆਂ ਦਾ ਐਲਾਨ ਕੀਤਾ ਹੈ, ਜਿਸ 'ਚ ਖੁਲਾਸਾ ਹੋਇਆ ਹੈ ਕਿ ਕਈ ਸੂਬਿਆਂ ਨੇ ਕਾਨੂੰਨੀ ਸਥਿਤੀ ਅਤੇ ਅੰਗਰੇਜ਼ੀ ਮੁਹਾਰਤ ਦੇ ਸੰਘੀ ਮਾਪਦੰਡਾਂ ਦੀ ਉਲੰਘਣਾ ਕਰਦੇ ਹੋਏ, ਗੈਰ-ਯੋਗਤਾ ਪ੍ਰਾਪਤ ਬਿਨੈਕਾਰਾਂ ਨੂੰ ਸੀ.ਡੀ.ਐੱਲ. ਜਾਰੀ ਕੀਤੇ ਹਨ। ਇਨ੍ਹਾਂ 'ਚ ਬਿਨਾਂ ਦਸਤਾਵੇਜ਼ ਵਾਲੇ ਪ੍ਰਵਾਸੀ ਵੀ ਸ਼ਾਮਲ ਹਨ। ਮਾਮਲੇ 'ਚ ਸਭ ਤੋਂ ਵੱਧ ਆਲੋਚਨਾ ਦਾ ਸਾਹਮਣਾ ਕਰਨ ਵਾਲੇ ਸੂਬਿਆਂ 'ਚ ਕੈਲੀਫੋਰਨੀਆ ਵੀ ਸ਼ਾਮਲ ਹੈ। ਆਡਿਟ 'ਚ ਪਾਇਆ ਗਿਆ ਕਿ ਕੈਲੀਫੋਰਨੀਆ 'ਚ ਜਾਰੀ ਕੀਤੇ ਗਏ ਗੈਰ-ਨਿਵਾਸੀ ਸੀ.ਡੀ.ਐੱਲ. 'ਚ 25 ਫੀਸਦੀ ਤੋਂ ਵੱਧ ਗਲਤ ਤਰੀਕੇ ਨਾਲ ਜਾਰੀ ਕੀਤੇ ਗਏ ਸਨ। ਇਨ੍ਹਾਂ 'ਚ ਅਜਿਹੇ ਲਾਇਸੈਂਸ ਵੀ ਸ਼ਾਮਲ ਹਨ, ਜੋ ਡਰਾਈਵਰਾਂ ਦੇ ਅਮਰੀਕਾ 'ਚ ਅਧਿਕਾਰਤ ਪ੍ਰਵਾਸ ਦੀ ਮਿਆਦ ਪੁੱਗਣ ਤੋਂ ਬਾਅਦ ਮਹੀਨਿਆਂ ਬਾਅਦ ਵੀ ਵੈਧ ਸਨ।



ਹਾਲਾਂਕਿ ਆਡਿਟ 'ਚ ਜਨਤਕ ਤੌਰ 'ਤੇ ਦੱਸੇ ਗਏ ਅੰਕੜੇ ਭਾਰਤੀ ਮੂਲ ਦੇ ਸਾਰੇ ਪ੍ਰਵਾਸੀ ਟਰੱਕ ਡਰਾਈਵਰਾਂ ਨੂੰ ਸਹੀ ਢੰਗ ਨਾਲ ਨਹੀਂ ਦਰਸਾਉਂਦੇ ਹਨ ਪਰ ਕੈਲੀਫੋਰਨੀਆ ਅਤੇ ਫਲੋਰੀਡਾ ਵਿਚ ਟਰੱਕ ਡਰਾਈਵਰਾਂ ਨਾਲ ਜੁੜੇ ਦੋ ਹਾਈ-ਪ੍ਰੋਫਾਈਲ ਭਿਆਨਕ ਹਾਦਸਿਆਂ ਨੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਵਿਰੁੱਧ ਰੈਗੂਲੇਟਰੀ ਕਾਰਵਾਈ ਦਾ ਰਸਤਾ ਖੋਲ੍ਹ ਦਿੱਤਾ ਹੈ।

**ਫਲੋਰੀਡਾ 'ਚ ਸੜਕ ਹਾਦਸੇ ਤੋਂ ਬਾਅਦ ਵੱਡੇ ਖੁਲਾਸੇ :** ਇਸ ਸਾਲ ਬੀਤੇ ਅਗਸਤ 'ਚ ਫਲੋਰੀਡਾ 'ਚ ਹੋਏ ਇਕ ਭਿਆਨਕ ਸੜਕ ਹਾਸਦੇ 'ਚ ਭਾਰਤੀ ਮੂਲ ਦੇ ਇਕ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੀ ਲਾਪ੍ਰਵਾਹੀ ਕਾਰਨ 3 ਲੋਕਾਂ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਜਾਂਚ 'ਚ ਪਤਾ ਲੱਗਾ ਕਿ ਉਹ ਇਕ ਗੈਰ-ਕਾਨੂੰਨੀ ਪ੍ਰਵਾਸੀ ਸੀ।

ਹਰਜਿੰਦਰ ਸਿੰਘ ਆਪਣਾ ਸੀ.ਡੀ.ਐੱਲ. ਪ੍ਰਾਪਤ ਕਰਨ ਤੋਂ ਪਹਿਲਾਂ 10 ਮਾਰਚ, 2023 ਤੋਂ 5 ਮਈ, 2023 ਦੇ ਵਿਚਾਲੇ ਸਿਰਫ਼ 2 ਮਹੀਨਿਆਂ 'ਚ 10 ਵਾਰ ਲਿਖਤੀ ਪ੍ਰੀਖਿਆ 'ਚ ਫੇਲ੍ਹ ਹੋ ਗਿਆ ਸੀ। ਇਸ ਤੋਂ ਇਲਾਵਾ ਉਹ 2 ਵਾਰ ਏਅਰ-ਬ੍ਰੇਕ ਨੌਲੇਜ ਟੈਸਟ 'ਚ ਵੀ ਅਸਫਲ ਰਿਹਾ ਸੀ। ਜਿਸ ਵਾਸ਼ਿੰਗਟਨ ਸਥਿਤ ਕੰਪਨੀ ਨੇ ਉਸ ਨੂੰ ਡਰਾਈਵਿੰਗ ਸਿਖਲਾਈ ਦਿੱਤੀ ਸੀ, ਉਸ ਨੇ ਪ੍ਰਮਾਣਿਤ ਕੀਤਾ ਸੀ ਕਿ ਉਹ ਅੰਗਰੇਜ਼ੀ ਚੰਗੀ ਤਰ੍ਹਾਂ ਬੋਲ ਸਕਦਾ ਹੈ, ਹਾਲਾਂਕਿ ਇਸ ਦਾਅਵੇ ਨੂੰ ਫਲੋਰੀਡਾ ਦੇ ਵਕੀਲਾਂ ਨੇ ਝੂਠਾ ਦੱਸਿਆ ਹੈ।

ਕੈਲੀਫੋਰਨੀਆ ਹਾਦਸੇ ਦਾ ਦੋਸ਼ੀ ਗੈਰ-ਕਾਨੂੰਨੀ ਢੰਗ ਨਾਲ ਪਹੁੰਚਿਆ ਸੀ ਅਮਰੀਕਾ ਹਾਲ ਹੀ 'ਚ ਅਮਰੀਕਾ 'ਚ ਭਾਰਤੀ ਮੂਲ ਦੇ 21 ਸਾਲਾ ਜਸ਼ਨਪ੍ਰੀਤ ਸਿੰਘ ਨੂੰ ਦੱਖਣੀ ਕੈਲੀਫੋਰਨੀਆ ਵਿਚ ਇਕ ਟਰੱਕ ਹਾਦਸੇ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਹਾਦਸੇ 'ਚ 3 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਦੋਸ਼ ਹੈ ਕਿ ਹਾਦਸੇ ਸਮੇਂ ਜਸ਼ਨਪ੍ਰੀਤ ਨਸ਼ੇ ਦੀ ਹਾਲਤ 'ਚ ਸੀ।

ਇਸ ਹਾਦਸੇ ਤੋਂ ਬਾਅਦ ਜਾਂਚ 'ਚ ਸਾਹਮਣੇ ਆਇਆ ਹੈ ਕਿ ਜਸ਼ਨਪ੍ਰੀਤ ਸਿੰਘ 2022 ਵਿਚ ਕਥਿਤ ਤੌਰ 'ਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਇਆ ਸੀ। ਉਸ ਨੂੰ ਮਾਰਚ 2022 ਵਿਚ ਕੈਲੀਫੋਰਨੀਆ ਦੇ ਐਲ ਸੈਂਟਰੋ ਸੈਕਟਰ ਵਿਚ ਬਾਰਡਰ ਪੈਟਰੋਲ ਏਜੰਟਾਂ ਵੱਲੋਂ ਫੜ ਲਿਆ ਗਿਆ ਸੀ। ਹਾਲਾਂਕਿ ਉਸ ਨੂੰ ਉਸ ਸਮੇਂ ਬਾਈਡੇਨ ਪ੍ਰਸ਼ਾਸਨ ਦੀਆਂ ਨੀਤੀਆਂ ਤਹਿਤ ਰਿਹਾਅ ਕਰ ਦਿੱਤਾ ਗਿਆ ਸੀ। ਬਾਈਡੇਨ ਪ੍ਰਸ਼ਾਸਨ ਦੀਆਂ ਨੀਤੀਆਂ ਅਨੁਸਾਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸੁਣਵਾਈ ਖਤਮ ਹੋਣ ਤੱਕ ਰਿਹਾਅ ਕਰ ਦਿੱਤਾ ਜਾਂਦਾ ਸੀ।

**ਭਾਰਤੀ ਟਰੱਕ ਡਰਾਈਵਰਾਂ ਖਿਲਾਫ ਵਧ ਸਕਦਾ ਹੈ ਭੇਦਭਾਵ :** ਭਾਰਤ ਤੋਂ ਆਏ ਕਈ ਪ੍ਰਵਾਸੀ ਟਰੱਕ ਡਰਾਈਵਰਾਂ ਲਈ ਇਹ ਘਟਨਾਕ੍ਰਮ ਚਿੰਤਾਜਨਕ ਹੈ। ਇਕ ਪਾਸੇ ਜਿੱਥੇ ਹੁਣ ਹਜ਼ਾਰਾਂ ਭਾਰਤੀ ਮੂਲ ਦੇ ਡਰਾਈਵਰ ਜੋ ਕਾਨੂੰਨੀ ਤੌਰ 'ਤੇ ਕੰਮ ਕਰ ਰਹੇ ਹਨ, ਸੰਭਾਵੀ ਲਾਇਸੈਂਸ ਰੱਦ ਹੋਣ ਜਾਂ ਨੌਕਰੀ ਗੁਆਉਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ, ਉਥੇ ਹੀ ਭਾਰਤੀ ਟਰੱਕ ਡਰਾਈਵਰਾਂ ਖਿਲਾਫ ਭੇਦਭਾਵ ਵਧ ਸਕਦਾ ਹੈ। ਫਲੋਰੀਡਾ ਦੇ ਸਥਾਨਕ ਟੀ.ਵੀ. ਸਟੇਸ਼ਨਾਂ ਨੇ ਵੀ ਸਟਿੰਗ ਆਪ੍ਰੇਸ਼ਨ ਕੀਤੇ ਹਨ ਜਿਨ੍ਹਾਂ ਵਿਚ ਕਥਿਤ ਤੌਰ 'ਤੇ ਪ੍ਰਵਾਸੀ ਟਰੱਕ ਡਰਾਈਵਰ ਬਿਨੈਕਾਰਾਂ ਨੂੰ ਬਾਹਰੋਂ ਜਵਾਬ ਪ੍ਰਦਾਨ ਕਰਨ ਵਾਲੇ ਯੰਤਰਾਂ ਦੀ ਵਰਤੋਂ ਕਰ ਕੇ ਅੰਗਰੇਜ਼ੀ ਮੁਹਾਰਤ ਟੈਸਟਾਂ 'ਚ ਧੋਖਾਦੇਹੀ ਕਰਦੇ ਦਿਖਾਇਆ ਗਿਆ ਹੈ।

ਵਕੀਲਾਂ ਦਾ ਕਹਿਣਾ ਹੈ ਕਿ ਬਿਨਾਂ ਦਸਤਾਵੇਜ਼ ਵਾਲੇ ਪ੍ਰਵਾਸੀ ਟਰੱਕ ਡਰਾਈਵਰ ਘਾਤਕ ਹਾਦਸਿਆਂ ਦਾ ਕਾਰਨ ਬਣਦੇ ਹਨ। ਇਹ ਕਹਾਣੀ ਆਮ ਤੌਰ 'ਤੇ ਭਾਰਤੀ ਟਰੱਕ ਡਰਾਈਵਰਾਂ ਖਿਲਾਫ ਭੇਦਭਾਵ ਨੂੰ ਆਸਾਨੀ ਨਾਲ ਵਧਾ ਸਕਦੀ ਹੈ, ਭਾਵੇਂ ਉਨ੍ਹਾਂ ਦੀ ਕਾਨੂੰਨੀ ਸਥਿਤੀ ਜਾਂ ਸੁਰੱਖਿਆ ਰਿਕਾਰਡ ਕੁਝ ਵੀ ਹੋਵੇ। ਭਾਰਤੀ ਮੂਲ ਦੇ ਪ੍ਰਵਾਸੀ ਟਰੱਕ ਡਰਾਈਵਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਹੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਅਕਸਰ ਵਾਰ-ਵਾਰ ਰੋਕਿਆ ਜਾਂਦਾ ਹੈ, ਜਦਕਿ ਹੁਣ ਕਾਰਵਾਈ ਹੋਰ ਜ਼ਿਆਦਾ ਸਖ਼ਤ ਹੋ ਸਕਦੀ ਹੈ।

**ਅਮਰੀਕੀ ਪ੍ਰਸ਼ਾਸਨ ਨੇ ਹੁਣ ਤੱਕ ਚੁੱਕੇ ਹਨ ਇਹ ਕਦਮ :** ਫਲੋਰੀਡਾ ਨੇ ਕੈਲੀਫੋਰਨੀਆ ਅਤੇ ਵਾਸ਼ਿੰਗਟਨ ਵਰਗੇ ਸੂਬਿਆਂ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸੀ.ਡੀ.ਐੱਲ. ਜਾਰੀ ਕਰਨ ਦਾ ਦੋਸ਼ ਲਾਉਂਦਿਆਂ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਹੈ। ਅਮਰੀਕੀ ਆਵਾਜਾਈ ਵਿਭਾਗ (ਡੀ.ਓ.ਟੀ.) ਨੇ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਭਾਸ਼ਾ ਦੀ ਜ਼ਰੂਰਤ ਨੂੰ ਸਖ਼ਤੀ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਨਿਯਮ ਦੀ ਪਾਲਣਾ ਨਾ ਕਰਨ 'ਤੇ ਕੈਲੀਫੋਰਨੀਆ ਨੂੰ ਜੁਰਮਾਨਾ ਵੀ ਲਾਇਆ ਗਿਆ ਸੀ।

ਇਨ੍ਹਾਂ ਹਾਦਸਿਆਂ ਤੋਂ ਬਾਅਦ ਅਮਰੀਕੀ ਸਰਕਾਰ ਨੇ ਵਿਦੇਸ਼ੀ ਟਰੱਕ ਡਰਾਈਵਰਾਂ ਨੂੰ ਵਰਕ ਵੀਜ਼ਾ ਜਾਰੀ ਕਰਨ 'ਤੇ ਰੋਕ ਲਾ ਦਿੱਤੀ ਹੈ। ਨਵੇਂ ਨਿਯਮਾਂ ਅਨੁਸਾਰ ਗੈਰ-ਨਾਗਰਿਕਾਂ ਨੂੰ ਸੀ.ਡੀ.ਐੱਲ. ਤਾਂ ਹੀ ਮਿਲੇਗਾ ਜਦੋਂ ਉਨ੍ਹਾਂ ਕੋਲ ਰੁਜ਼ਗਾਰ-ਆਧਾਰਿਤ ਵੀਜ਼ਾ ਹੋਵੇਗਾ ਹੈ ਅਤੇ ਉਨ੍ਹਾਂ ਨੇ ਲੋੜੀਂਦੀ ਸੰਘੀ ਇਮੀਗ੍ਰੇਸ਼ਨ ਸਥਿਤੀ ਜਾਂਚ ਪਾਸ ਕੀਤੀ ਹੋਵੇ। ਡੀ.ਓ.ਟੀ. ਨੇ ਚਿਤਾਵਨੀ ਦਿੱਤੀ ਹੈ ਕਿ ਜੋ ਸੂਬੇ ਇਨ੍ਹਾਂ ਨਵੇਂ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਹਨ, ਉਨ੍ਹਾਂ ਨੂੰ ਸੰਘੀ ਹਾਈਵੇਅ ਫੰਡਿੰਗ ਤੋਂ ਵਾਂਝਾ ਕੀਤਾ ਜਾ ਸਕਦਾ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



## ਹੈਲਥ ਗਾਈਡ

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਪੇਟ ਦੀ ਗੈਸ**
**(ਖੱਟੇ ਡਕਾਰ ਆਉਣੇ)**

ਪੇਟ ਦੀ ਗੈਸ, ਜਲਣ, ਦਰਦ ਅਤੇ ਖੱਟੇ ਡਕਾਰ ਪੇਟ ਵਿੱਚ ਜ਼ਿਆਦਾ ਤੇਜ਼ਾਬ ਬਣਨ ਕਾਰਨ ਹੋ ਸਕਦੇ ਹਨ। ਜੇਕਰ ਬਹੁਤ ਸਮਾਂ ਤੇਜ਼ਾਬ ਦਾ ਇਲਾਜ ਨਾ ਕੀਤਾ ਜਾਵੇ ਤਾਂ ਪੇਟ ਦਾ ਅਲਸਰ ਜਾਂ ਫੋੜਾ ਵੀ ਬਣ ਸਕਦਾ ਹੈ। ਅਲਸਰ ਪੇਟ ਜਾਂ ਖਾਣੇ ਦੀ ਨਾਲੀ ਵਿੱਚ ਬਣ ਸਕਦਾ ਹੈ, ਜੇਕਰ ਇਸਨੂੰ
ਬਚਾਉਣ ਵਾਲੀ ਪਰਤ ਜ਼ਿਆਦਾ ਤੇਜ਼ਾਬ ਦੇ ਨਾਲ ਖ਼ਰਾਬ ਹੋ ਜਾਵੇ ਤਾਂ।

**ਲੱਛਣ :**
1. ਪੇਟ ਦੇ ਉੱਪਰਲੇ ਹਿੱਸੇ ਵਿੱਚ ਤਿੱਖਾ ਦਰਦ ਜਾਂ ਜਲਣ ਹੋਣਾ।
2. ਗੈਸ ਕਾਰਨ ਪੇਟ ਦਾ ਫੁੱਲਣਾ।
3. ਛਾਤੀ ਦੇ ਹੇਠਲੇ ਹਿੱਸੇ ਵਿੱਚ ਦਰਦ ਹੋਣਾ।
4. ਛਾਤੀ ਵਿੱਚ ਜਲਣ ਹੋਣਾ (ਹਾਰਟ-ਬਰਨ)।
5. ਖ਼ੂਨ ਦੀ ਉਲਟੀ ਆਉਣਾ।
6. ਖਾਣਾ ਖਾਣ ਦੇ ਨਾਲ ਦਰਦ ਦਾ ਵਧਣਾ।
7. ਸੌਣ ਸਮੇਂ ਮੂੰਹ ਵਿੱਚ ਤੇਜ਼ਾਬ ਆਉਣ ਕਾਰਨ ਦੰਦ ਖ਼ਰਾਬ ਹੋਣੇ।

**ਕਾਰਨ :**
ਪੇਟ ਵਿੱਚ ਜ਼ਿਆਦਾ ਤੇਜ਼ਾਬ ਹੇਠ ਲਿਖੇ ਕਾਰਨਾਂ ਕਰਕੇ ਬਣ ਸਕਦਾ ਹੈ :
1. ਦਵਾਈਆਂ ਜਿਵੇਂ ਕਿ ਐਸਪੀਰਿਨ ਜਾਂ ਆਈਬੂਪ੍ਰੋਫ਼ਿਨ।
2. ਸਿਗਰਟ ਪੀਣਾ।
3. ਬੈਕਟੀਰੀਆ ਦੀ ਇਨਫ਼ੈਕਸ਼ਨ (ਐਚ.ਪਾਈਲੋਰੀ)।
4. ਸ਼ਰਾਬ ਪੀਣਾ।




5. ਮਾਨਸਿਕ ਤਣਾਓ, ਅਲਸਰ (ਫੋੜਾ) ਹੋਣ ਦਾ ਕਾਰਨ ਨਹੀਂ ਹੈ ਪਰ ਇਹ ਅਲਸਰ ਨੂੰ ਹੋਰ ਵਧਾਉਂਦਾ ਹੈ।

**ਘਰੇਲੂ ਇਲਾਜ :**
1. ਉਹ ਖਾਣਾ ਨਾ ਖਾਓ ਜਿਸ ਨਾਲ ਇਸਦੇ ਲੱਛਣ ਹੋਰ ਵਧਦੇ ਹਨ, ਜਿਵੇਂ ਕਿ ਸੰਤਰੇ, ਸੰਤਰੇ ਦਾ ਜੂਸ, ਚੌਕਲੇਟ ਆਦਿ।
2. ਸ਼ਰਾਬ, ਕੌਫ਼ੀ ਅਤੇ ਸਿਗਰਟ ਨਾ ਪੀਓ।
3. ਐਸਪੀਰਿਨ, ਨੈਪਰੋਕਸਿਨ, ਆਈਬੂਪ੍ਰੋਫ਼ਿਨ ਵਰਗੀਆਂ ਦਵਾਈਆਂ ਨਾ ਲਵੋ।
4. ਇੱਕੋ ਸਮੇਂ ਜ਼ਿਆਦਾ ਪੇਟ ਭਰ ਕੇ ਨਾ ਖਾਓ।
5. ਥੋੜਾ ਥੋੜਾ ਦਿਨ ਵਿੱਚ ਕਈ ਵਾਰ ਖਾਓ ਅਤੇ ਭੁੱਖੇ ਨਾ ਰਹੋ।
6. ਰਾਤ ਦਾ ਖਾਣਾ ਸੌਣ ਤੋਂ 2 ਘੰਟੇ ਪਹਿਲਾਂ ਖਾਓ।
7. ਸੌਣ ਵਾਲੇ ਬੈੱਡ/ਮੰਜੇ ਦਾ ਸਿਰ ਵਾਲਾ ਪਾਸਾ 2-3 ਇੰਚ ਉੱਚਾ ਰੱਖੋ।
8. ਐਂਟੀ-ਐਸਿਡ (ਤੇਜ਼ਾਬ ਘੱਟ ਕਰਨ ਵਾਲੀਆਂ ਦਵਾਈਆਂ) ਥੋੜ੍ਹੇ ਸਮੇਂ ਲਈ ਆਰਾਮ ਦਿੰਦੀਆਂ ਹਨ।
9. ਮਾਨਸਿਕ ਤਣਾਓ ਨੂੰ ਘਟਾਉਣ ਦੀ ਕੋਸ਼ਿਸ਼ ਕਰੋ।

**ਡਾਕਟਰ ਨੂੰ ਕਦੋਂ ਦਿਖਾਈਏ :**
1. ਜੇਕਰ ਮਲ ਜਾਂ ਉਲਟੀਆਂ ਦੇ ਨਾਲ ਖ਼ੂਨ ਆ ਰਿਹਾ ਹੋਵੇ।
2. ਘਰੇਲੂ ਇਲਾਜ ਨਾਲ ਵੀ ਦਰਦ ਠੀਕ ਨਾ ਹੋ ਰਿਹਾ ਹੋਵੇ।
3. ਸਾਹ ਲੈਣ ਵਿੱਚ ਤਕਲੀਫ਼ ਹੋਵੇ।
4. ਪੇਟ ਵਿੱਚ ਬਹੁਤ ਜ਼ਿਆਦਾ ਦਰਦ ਹੋਵੇ।
5. ਐਚ.ਪਾਈਲੋਰੀ ਬੈਕਟੀਰੀਏ ਦਾ ਖ਼ੂਨ ਟੈਸਟ ਕਰਵਾਓ।

**ਉਲਟੀਆਂ :**
ਆਮ ਤੌਰ 'ਤੇ ਜੀਅ ਕੱਚਾ ਹੋਣਾ ਅਤੇ ਉਲਟੀਆਂ, ਆਪਣੇ ਆਪ ਠੀਕ ਹੋ ਜਾਂਦੇ ਹਨ, ਪਰ ਉਲਟੀਆਂ ਕਿਸੇ ਗੰਭੀਰ ਬਿਮਾਰੀ ਦਾ ਲੱਛਣ ਵੀ ਹੋ ਸਕਦੀਆਂ ਹਨ। ਜੇਕਰ ਉਲਟੀਆਂ ਲਗਾਤਾਰ ਆਉਂਦੀਆਂ ਹਨ ਜਾਂ ਕਿਸੇ ਹੋਰ ਬਿਮਾਰੀ ਨਾਲ ਸੰਬੰਧ ਰੱਖਦੀਆਂ ਹਨ ਤਾਂ ਇਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

**ਕਾਰਨ :**
1. ਜ਼ਹਿਰੀਲਾ ਖਾਣਾ ਜਾਂ ਪੇਟ ਦਾ ਦੁੜ੍ਹੱਲ਼ੜ।
2. ਦਵਾਈਆਂ।
3. ਮਾਨਸਿਕ ਦਬਾਓ/ਤਣਾਓ।
4. ਸਿਰ ਦੇ ਇੱਕ ਜਾਂ ਦੋਵਾਂ ਹਿੱਸਿਆਂ ਵਿੱਚ ਬਹੁਤ ਜ਼ਿਆਦਾ ਦਰਦ ਹੋਣਾ (ਮਾਈਗ੍ਰੇਨ)।
5. ਗਰਭ-ਅਵਸਥਾ।
6. ਸਿਰ ਦੀ ਸੱਟ।

**ਘਰੇਲੂ ਇਲਾਜ :**
1. ਕੁਝ ਦੇਰ ਤਕ ਕੁਝ ਵੀ ਨਾ ਖਾਓ ਜਾਂ ਉਦੋਂ ਤਕ ਜਦੋਂ ਤਕ ਤੁਸੀਂ ਠੀਕ ਮਹਿਸੂਸ ਨਹੀਂ ਕਰਦੇ।
2. ਘੱਟ ਮਾਤਰਾ ਵਿੱਚ ਅਤੇ ਥੋੜੇ ਸਮੇਂ ਬਾਅਦ ਤਰਲ ਪਦਾਰਥ ਪੀਂਦੇ ਰਹੋ।
3. ਅਦਰਕ, ਜੀਅ ਕੱਚੇ ਹੋਣ ਨੂੰ ਠੀਕ ਕਰਨ ਵਿੱਚ ਸਹਾਈ ਹੁੰਦਾ ਹੈ।
4. ਦੁੱਧ ਅਤੇ ਮਿਠਾਈਆਂ ਦੀ ਵਰਤੋਂ ਨਾ ਕਰੋ।
5. ਜੇਕਰ ਕਿਸੇ ਦਵਾਈ ਲੈਣ ਤੇ ਉਲਟੀਆਂ ਸ਼ੁਰੂ ਹੁੰਦੀਆਂ ਹਨ ਤਾਂ ਉਸ ਦਵਾਈ ਨੂੰ ਬੰਦ ਕਰ ਦਿਓ।
6. ਬੱਚਿਆਂ ਦੇ ਸਰੀਰ ਵਿੱਚ ਪਾਣੀ ਘੱਟ ਹੋਣਾ (ਡੀਹਾਈਡ੍ਰੇਸ਼ਨ) ਦੇ ਚਿੰਨ੍ਹਾਂ ਨੂੰ ਦੇਖੋ, ਜਿਵੇਂ ਕਿ ਸੁੱਕਾ ਮੂੰਹ ਅਤੇ ਗਾੜ੍ਹਾ ਥੁੱਕ ਆਦਿ।
7. ਸਰੀਰ ਵਿੱਚ ਪਾਣੀ ਦੇ ਘੱਟ ਹੋਣ ਦੀ ਰੋਕਥਾਮ/ਬਚਾਅ ਅਤੇ ਇਲਾਜ ਲਈ ਰੀ-ਹਾਈਡ੍ਰੇਸ਼ਨ ਡ੍ਰਿੰਕ ਪੀਓ। ਰੀ-ਹਾਈਡ੍ਰੇਸ਼ਨ ਡ੍ਰਿੰਕ ਬਣਾਉਣ ਦਾ ਤਰੀਕਾ : 4 ਕੱਪ ਪਾਣੀ, ਅੱਧਾ ਚੱਮਚ ਨਮਕ, 3-4 ਚੱਮਚ ਚੀਨੀ ਮਿਲਾਓ, ਇਸਨੂੰ ਥੋੜਾ ਥੋੜਾ ਕਰਕੇ 2-3 ਦਿਨ ਤਕ ਪੀਂਦੇ ਰਹੋ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

### 'ਕੰਗਨਾ ਰਣੌਤ ਨੂੰ ਮੁਆਫ਼ ਨਹੀਂ ਕਰਾਂਗੀ'

# 82 ਸਾਲਾ ਮਹਿੰਦਰ ਕੌਰ ਨੇ ਕਾਨੂੰਨੀ ਲੜਾਈ ਜਾਰੀ ਰੱਖਣ ਦੀ ਸਹੁੰ ਚੁੱਕੀ !



ਬਠਿੰਡਾ : 82 ਸਾਲ ਦੀ ਉਮਰ ਵਿੱਚ, ਇੱਥੋਂ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਮਹਿੰਦਰ ਕੌਰ ਹੌਲੀ-ਹੌਲੀ ਤੁਰਦੀ ਹੈ, ਖੇਤਾਂ ਵਿੱਚ ਸਾਲਾਂ ਦੀ ਮਿਹਨਤ ਕਾਰਨ ਉਸਦੀ ਪਿੱਠ ਝੁਕੀ ਹੋਈ ਹੈ ਪਰ ਉਹ ਬਾਲੀਵੁੱਡ ਅਦਾਕਾਰਾ ਅਤੇ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਵਿਰੁੱਧ ਦਾਇਰ ਕੀਤੇ ਗਏ ਮਾਣਹਾਨੀ ਦੇ ਮਾਮਲੇ ਦੀ ਪੈਰਵੀ ਕਰਨ ਦੇ ਆਪਣੇ ਇਰਾਦੇ 'ਤੇ ਦ੍ਰਿੜ ਹੈ। ਕੰਗਨਾ ਨੇ ਲੰਘੇ ਦਿਨੀ ਬਠਿੰਡਾ ਦੀ ਇੱਕ ਅਦਾਲਤ ਵਿੱਚ 2020-21 ਦੇ ਕਿਸਾਨ ਅੰਦੋਲਨ ਦੌਰਾਨ ਆਪਣੇ ਟਵੀਟ ਲਈ ਮੁਆਫੀ ਮੰਗੀ ਅਤੇ 50,000 ਰੁਪਏ ਦੇ ਜ਼ਮਾਨਤੀ ਬਾਂਡ ਭਰਨ ਤੋਂ ਬਾਅਦ ਉਸਨੂੰ ਜ਼ਮਾਨਤ ਦੇ ਦਿੱਤੀ ਗਈ। ਇਹ ਬਜ਼ੁਰਗ ਧੀਮੀ ਪਰ ਆਤਮਵਿਸ਼ਵਾਸ ਨਾਲ ਬੋਲਦੀ ਹੈ, "ਉਹ (ਕੰਗਨਾ) ਮੈਨੂੰ ਕਦੇ ਨਹੀਂ ਮਿਲੀ। ਮੈਂ ਉਸਨੂੰ ਮਾਫ਼ ਨਹੀਂ ਕਰਾਂਗੀ। ਉਹ ਇੱਕ ਵੱਡੀ ਅਦਾਕਾਰਾ ਅਤੇ ਸਿਆਸੀ ਆਗੂ ਹੈ , ਜਦੋਂ ਕਿ ਮੈਂ ਇੱਕ ਛੋਟੇ ਕਿਸਾਨ ਪਰਿਵਾਰ ਤੋਂ ਹਾਂ। ਫਿਰ ਵੀ ਉਸਨੇ ਮੈਨੂੰ ਇਸ ਉਮਰ ਵਿੱਚ ਅਦਾਲਤ ਵਿੱਚ ਲਿਆਂਦਾ ਹੈ। ਉਸਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਸਦੀ ਫੇਰੀ ਨਾਲ ਸਰਕਾਰੀ ਖਜ਼ਾਨੇ ਨੂੰ ਕਿੰਨਾ ਨੁਕਸਾਨ ਹੁੰਦਾ ਹੈ ਅਤੇ ਇਸ ਕਾਰਨ ਜਨਤਾ ਨੂੰ ਕਿੰਨੀ ਪਰੇਸ਼ਾਨੀ ਹੁੰਦੀ ਹੈ। ਉਹ ਕਹਿੰਦੀ ਹੈ ਕਿ ਉਸਦੀ ਟਿੱਪਣੀ ਦਾ ਗਲਤ ਅਰਥ ਕੱਢਿਆ ਗਿਆ ਸੀ, ਪਰ ਇਹ ਸੱਚ ਨਹੀਂ ਹੈ।

ਮਹਿੰਦਰ, ਜੋ ਅੱਜ ਖਰਾਬ ਸਿਹਤ ਕਾਰਨ ਅਦਾਲਤ ਵਿੱਚ ਪੇਸ਼ ਨਹੀਂ ਹੋ ਸਕੀ, ਦੀ ਨੁਮਾਇੰਦਗੀ ਉਸਦੇ ਪਤੀ ਲਾਭ ਸਿੰਘ ਨੇ ਕੀਤੀ, ਜੋ ਕਾਰਵਾਈ ਵਿੱਚ ਸ਼ਾਮਲ ਹੋਏ।

ਇਸ ਨਿਮਰ ਪਰਿਵਾਰ ਲਈ, ਕਾਨੂੰਨੀ ਲੜਾਈ ਪ੍ਰਸਿੱਧੀ ਜਾਂ ਰਾਜਨੀਤੀ ਬਾਰੇ ਨਹੀਂ ਹੈ। ਇਹ ਇੱਜ਼ਤ ਬਾਰੇ ਹੈ।

# ਆਖਰਕਾਰ ਕੰਗਨਾ ਅਦਾਲਤ 'ਚ ਪੇਸ਼

### ਜ਼ਮਾਨਤ ਮਿਲੀ; ਮਹਿੰਦਰ ਕੌਰ ਦੇ ਪਤੀ ਤੋਂ ਮੁਆਫੀ ਮੰਗਣ ਦਾ ਦਾਅਵਾ; ਅਗਲੀ ਸੁਣਵਾਈ 24 ਨਵੰਬਰ ਨੂੰ



ਬਠਿੰਡਾ : ਫਿਲਮ ਅਦਾਕਾਰਾ ਅਤੇ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਅੱਜ ਮਾਣਹਾਨੀ ਕੇਸ ਵਿੱਚ ਜੁਡੀਸ਼ੀਅਲ ਮੈਜਿਸਟਰੇਟ ਪਹਿਲਾ ਦਰਜਾ, ਬਠਿੰਡਾ ਦੀ ਅਦਾਲਤ 'ਚ ਪੇਸ਼ ਹੋਈ ਜਿੱਥੋਂ ਉਸ ਨੂੰ ਜ਼ਮਾਨਤ ਦੇ ਦਿੱਤੀ ਗਈ ਹੈ। 2020-21 ਦੇ ਕਿਸਾਨ ਅੰਦੋਲਨ ਦੌਰਾਨ ਕਥਿਤ ਤੌਰ 'ਤੇ ਕੀਤੀ ਗਈ ਇੱਕ ਅਪਮਾਨਜਨਕ ਟਿੱਪਣੀ ਦੇ ਸਬੰਧ ਵਿੱਚ ਕੰਗਨਾ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ। ਇਹ ਕੇਸ ਹੁਣ ਜੁਡੀਸ਼ੀਅਲ ਮੈਜਿਸਟਰੇਟ ਪਹਿਲਾ ਦਰਜਾ ਦੀ ਅਦਾਲਤ ਤੋਂ ਜੁਡੀਸ਼ੀਅਲ ਮੈਜਿਸਟਰੇਟ ਪਹਿਲਾ ਦਰਜਾ (ਸਪੈਸ਼ਲ ਕੋਰਟ) ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਅਗਲੀ ਸੁਣਵਾਈ 24 ਨਵੰਬਰ ਲਈ ਤੈਅ ਕੀਤੀ ਗਈ ਹੈ। ਅੱਜ ਦੀ ਸੁਣਵਾਈ ਮੌਕੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।

ਦੁਪਹਿਰ ਨੂੰ ਅਦਾਲਤ ਵਿੱਚ ਪੇਸ਼ ਹੋਣ ਤੋਂ ਬਾਅਦ ਕੰਗਨਾ ਨੇ ਮੀਡੀਆ ਨੂੰ ਦੱਸਿਆ, "ਇਹ ਸਿਰਫ਼ ਇੱਕ ਗਲਤਫਹਿਮੀ ਹੈ। ਮੈਂ ਸਿਰਫ਼ ਇੱਕ ਮੀਮ ਰੀਟਵੀਟ ਕੀਤਾ ਸੀ ਅਤੇ ਮੇਰਾ ਕਿਸੇ ਨੂੰ ਵੀ ਖਾਸ ਤੌਰ 'ਤੇ ਦੁਖੀ ਕਰਨ ਦਾ ਕੋਈ ਇਰਾਦਾ ਨਹੀਂ ਸੀ। ਮੈਂ ਪਹਿਲਾਂ ਹੀ ਮਹਿੰਦਰ ਕੌਰ ਜੀ ਦੇ ਪਤੀ ਨਾਲ ਗੱਲ ਕਰ ਲਈ ਹੈ ਅਤੇ ਉਨ੍ਹਾਂ ਤੋਂ ਮੁਆਫ਼ੀ ਮੰਗ ਲਈ ਹੈ, ਕਿਉਂਕਿ ਉਹ ਅੱਜ ਮੌਜੂਦ ਨਹੀਂ ਸਨ। ਕਿਸਾਨ ਅੰਦੋਲਨ ਦੌਰਾਨ, ਕਈ ਮੀਮ ਘੁੰਮ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਇੱਕ ਮੇਰੇ ਵੱਲੋਂ ਅਣਜਾਣੇ ਵਿੱਚ ਰੀਟਵੀਟ ਹੋ ਗਿਆ ਸੀ।"ਉਸ ਨੇ ਅੱਗੇ ਕਿਹਾ ਕਿ ਉਹ ਔਰਤਾਂ ਦਾ ਸਤਿਕਾਰ ਕਰਦੀ ਹੈ ਫਿਰ ਭਾਵੇਂ ਉਹ ਹਿਮਾਚਲ ਪ੍ਰਦੇਸ਼ ਦੀਆਂ ਹੋਣ ਜਾਂ ਪੰਜਾਬ ਦੀਆਂ। ਕੰਗਨਾ ਨੇ ਦੋਸ਼ ਲਗਾਇਆ ਕਿ ਉਸ ਦੇ ਪੰਜਾਬ ਨਾਲ ਸਬੰਧ ਖ਼ਰਾਬ ਕਰਨ ਦੀ ਕੋਸ਼ਿਸ਼ ਵਜੋਂ ਕੁਝ ਸਿਆਸੀ ਤਾਕਤਾਂ ਨੇ ਇਸ ਮਾਮਲੇ ਨੂੰ ਹਵਾ ਦਿੱਤੀ ਹੈ।

ਦੂਜੇ ਪਾਸੇ ਮਹਿੰਦਰ ਕੌਰ ਦੇ ਵਕੀਲ ਐਡਵੋਕੇਟ ਰਘਬੀਰ ਸਿੰਘ ਬਹਿਨੀਵਾਲ ਨੇ ਕੰਗਨਾ ਦੇ ਦਾਅਵੇ ਦਾ ਵਿਰੋਧ ਕਰਦਿਆਂ ਕਿਹਾ, "ਕੰਗਨਾ ਰਣੌਤ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਗਲਤੀ ਨਾਲ ਰੀਟਵੀਟ ਕੀਤਾ ਸੀ ਅਤੇ ਕਿਸੇ ਨੂੰ ਨਿਸ਼ਾਨਾ ਨਹੀਂ ਬਣਾਇਆ ਸੀ। ਪਰ ਮੇਰੇ ਮੁਵੱਕਿਲ ਦੇ ਪਤੀ ਲਾਭ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ (ਕੰਗਨਾ) ਨੇ ਪਹਿਲਾਂ ਕਦੇ ਮੁਆਫ਼ੀ ਨਹੀਂ ਮੰਗੀ। ਕੰਗਨਾ ਨੇ ਸੁਰੱਖਿਆ ਕਾਰਨਾਂ ਕਰਕੇ ਨਿੱਜੀ ਪੇਸ਼ੀ ਤੋਂ ਸਥਾਈ ਛੋਟ ਦੀ ਮੰਗ ਕਰਦੇ ਹੋਏ ਅਰਜ਼ੀ ਵੀ ਦਾਖ਼ਲ ਕੀਤੀ ਹੈ, ਜਿਸ ਦਾ ਅਸੀਂ ਵਿਰੋਧ ਕੀਤਾ।

ਜ਼ਿਕਰਯੋਗ ਹੈ ਕਿ ਇਹ ਕੇਸ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਕੰਗਨਾ ਦੇ ਟਵੀਟ ਨਾਲ ਸਬੰਧਤ ਹੈ, ਜਿਸ ਵਿੱਚ ਉਸ ਨੇ ਬਹਾਦਰਗੜ੍ਹ ਜੰਡੀਆਂ ਪਿੰਡ ਦੀ ਇੱਕ ਬਜ਼ੁਰਗ ਕਿਸਾਨ ਔਰਤ ਮਹਿੰਦਰ ਕੌਰ ਦੀ ਤਸਵੀਰ ਸਾਂਝੀ ਕਰਕੇ ਉਸ ਦੀ ਤੁਲਨਾ ਸ਼ਾਹੀਨ ਬਾਗ ਪ੍ਰਦਰਸ਼ਨਾਂ ਦੀ ਬਜ਼ੁਰਗ ਔਰਤ ਬਿਲਕਿਸ ਬਾਨੋ ਨਾਲ ਕੀਤੀ ਸੀ। ਕੰਗਨਾ ਨੇ ਕਥਿਤ ਤੌਰ 'ਤੇ ਦਾਅਵਾ ਕੀਤਾ ਸੀ ਕਿ ਅਜਿਹੀਆਂ ਔਰਤਾਂ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਣ ਲਈ '100 ਰੁਪਏ ਵਿੱਚ ਉਪਲਬਧ' ਹਨ। ਇਸੇ ਦੌਰਾਨ ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਅੱਜ ਐੱਕਸ 'ਤੇ ਲਿਖਿਆ ਕਿ ਬੇਬੇ ਮਹਿੰਦਰ ਕੌਰ ਦੀ ਅਟੱਲ ਹਿੰਮਤ ਕਾਰਨ ਹੰਕਾਰ ਨਾਲ ਭਰੀ ਕੰਗਨਾ ਨੂੰ ਅੱਜ ਪਹਾੜਾਂ ਤੋਂ ਉਤਰ ਕੇ ਬਠਿੰਡਾ ਆ ਕੇ ਮਾਣਹਾਨੀ ਦੇ ਮਾਮਲੇ ਦਾ ਸਾਹਮਣਾ ਕਰਨਾ ਪਿਆ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ, "ਚੱਲੋ ਦੇਰ ਆਇਦ ਦਰੁਸਤ ਆਇਦ।"




# ਦੀ ਸਿੱਖ ਸੈਂਟਰ ਆਫ਼ ਨਿਊਯਾਰਕ ਇੰਕ.

38-17 Parsons Blvd Flushing New York 11355
222-31 96th Ave Queens Village New York 11429

## ਜਨਤਕ ਸੂਚਨਾ

ਮੈਂਬਰਸ਼ਿਪ ਲਈ ਰਜਿਸਟ੍ਰੇਸ਼ਨ ਹੁਣ ਸ਼ੁਰੂ ਹੈ

ਗੁਰੂ ਰੂਪ ਗੁਰੂ ਪਿਆਰੀ ਸਾਧ ਸੰਗਤ ਜੀ ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕੀ, ਨਵੀਂ ਮੈਂਬਰਸ਼ਿਪ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ। ਸਿੱਖ ਸੈਂਟਰ ਦੇ ਸੰਵਿਧਾਨ ਅਤੇ ਉਪ-ਨਿਯਮਾਂ (bylaws) ਅਨੁਸਾਰ, ਅਸੀਂ ਦੋਵਾਂ ਗੁਰਦੁਆਰਾ ਸਾਹਿਬ (ਫਲੱਸ਼ਿੰਗ ਅਤੇ ਕੁਈਨਜ਼ ਵਿਲੇਜ) ਤੋਂ ਨਵੀਂ ਮੈਂਬਰਸ਼ਿਪ ਰਜਿਸਟਰ ਕਰਨ ਦੀ ਪ੍ਰਕਿਰਿਆ ਵਿੱਚ ਹਾਂ। ਸਿੱਖ ਸੰਗਤ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ, ਅਸੀਂ ਸਾਧ ਸੰਗਤ ਨੂੰ ਮੈਂਬਰਸ਼ਿਪ ਅਰਜ਼ੀ ਫਾਰਮ ਜਮ੍ਹਾਂ ਕਰਾਉਣ ਲਈ ਬੇਨਤੀ ਕਰਦੇ ਹਾਂ। ਪ੍ਰਬੰਧਕ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ, ਰਜਿਸਟ੍ਰੇਸ਼ਨ ਦੀਆਂ ਮਿਤੀਆਂ ਅਤੇ ਸਥਾਨ ਹੇਠ ਲਿਖੇ ਅਨੁਸਾਰ ਹਨ:

ਐਤਵਾਰ - 31 ਅਗਸਤ, 2025 ਤੋਂ ਐਤਵਾਰ - 26 ਅਕਤੂਬਰ, 2025 ਤੱਕ ਸਮਾਂ: ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ
ਫਲੱਸ਼ਿੰਗ ਸਿੱਖ ਸੈਂਟਰ ਗੁਰੂਘਰ, 38-17 Parsons Blvd Flushing NY 11355 ਐਤਵਾਰ ਦੀਆਂ ਤਰੀਕਾਂ: ਸਤੰਬਰ 7 ਅਤੇ 21, 2025, ਅਕਤੂਬਰ 5, 19 ਅਤੇ 26, 2025 ਕੁਈਨਜ਼ ਵਿਲੇਜ ਗੁਰੂਘਰ, 222-31, 96th Avenue Queens Village, NY 11429
ਐਤਵਾਰ ਦੀਆਂ ਤਰੀਕਾਂ: ਅਗਸਤ 31, ਸਤੰਬਰ 14 ਅਤੇ 28, 2025, ਅਕਤੂਬਰ 12 ਅਤੇ 26, 2025

## ਰਜਿਸਟ੍ਰੇਸ਼ਨ ਲਈ ਜ਼ਰੂਰੀ ਸ਼ਰਤਾਂ:

• ਸਾਰੇ ਬਿਨੈਕਾਰਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ; • ਫੋਟੋ ਆਈ.ਡੀ., ਜਿਵੇਂ ਕਿ ਡਰਾਈਵਰ ਲਾਇਸੈਂਸ/ਪਾਸਪੋਰਟ/ਸਰਕਾਰੀ-ਜਾਰੀ ਆਈ.ਡੀ.; • ਪਤੇ ਦਾ ਸਬੂਤ (Proof of Address); • ਮੈਂਬਰਸ਼ਿਪ ਫੀਸ $10 ਹੈ; • ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਮੈਂਬਰਸ਼ਿਪ ਦੌਰਾਨ ਪੇਸ਼ ਕੀਤੇ ਗਏ ਸਾਰੇ ਦਸਤਾਵੇਜ਼ ਅਸਲੀ ਹੋਣ • (ਫੋਟੋ ਕਾਪੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ)। ਧੰਨਵਾਦ, ਚੋਣ ਅਤੇ ਮੈਂਬਰਸ਼ਿਪ ਕਮੇਟੀ

ਹਿੰਮਤ ਸਿੰਘ, 646-358-7745 ਚੇਅਰਮੈਨ, ਚੋਣ ਅਤੇ ਮੈਂਬਰਸ਼ਿਪ ਕਮੇਟੀ
ਮਨਦੀਪ ਸਿੰਘ ਮੈਂਬਰ, ਚੋਣ ਅਤੇ ਮੈਂਬਰਸ਼ਿਪ ਕਮੇਟੀ, ਪਰਦੀਪ ਸਿੰਘ, ਮੈਂਬਰ, ਚੋਣ ਅਤੇ ਮੈਂਬਰਸ਼ਿਪ ਕਮੇਟੀ

---

# The Sikh Center of New York Inc.

38-17 Parsons Blvd Flushing New York 11355
222-31 96th Ave Queens Village New York 11429

## PUBLIC NOTICE

REGISTRATION FOR MEMBERSHIP IS NOW OPEN

As all members of the Sikh Sadh Sangat are aware, registration for the new membership has begun. As per the constitution bylaws of the Sikh Center, we are in the process of registering new memberships from both Gurudwara(s) (Flushing and Queens Village). In order to encourage participation of the Sikh Sangat, we ask the Sadh Sangat to submit membership application forms. As decided by the management, the registration dates and locations are as follows:

Sunday - August 31, 2025, to Sunday- October 26, 2025 Time: 11:00 AM to 2:00 PM
Flushing Sikh Center Gurughar, 38-17 Parsons Blvd Flushing NY 11355
Sunday Dates: September 7 and 21, 2025 October 5, 19 and 26, 2025
Queens Village Gurughar, 222-31, 96th Avenue Queens Village, NY 11429
Sunday Dates: August 31, September 14 and 28, 2025, October 12 & 26, 2025

## Requirements for Registration:

• All applicants must be 18 years or older; • Photo ID, such as Driver's License/Passport/Government-issued ID; • Proof of Address; • There is a $10 membership fee; • Please make sure all the documents presented during the membership are original (photocopies will not be accepted).

Thank you Election & Membership Committee
Himmat Singh, 646-358-7745 Chairman, Election & Membership Committee
Mandeep Singh Member, E & MC , Member, Pardeep Singh E & MC

# ਜੁਝਾਰ ਸਿੰਘ ਬਣਿਆ 'ਪਾਵਰ ਸਲੈਪ' ਮੁਕਾਬਲਾ ਜਿੱਤਣ ਵਾਲਾ ਪਹਿਲਾ ਸਿੱਖ

ਸ੍ਰੀ ਚਮਕੌਰ ਸਾਹਿਬ : ਯੂ.ਐਫ.ਐਸ.ਸੀ. ਅਮਰੀਕਾ ਵਲੋਂ ਆਬੂਧਾਬੀ 'ਚ ਕਰਵਾਈ ਪਹਿਲੀ ਪਾਵਰ ਸਲੈਪ ਚੈਂਪੀਅਨਸ਼ਿਪ ਵਿਚ ਸ੍ਰੀ ਚਮਕੌਰ ਸਾਹਿਬ ਦੇ ਨੌਜਵਾਨ ਸਿੱਖ ਖਿਡਾਰੀ ਜੁਝਾਰ ਸਿੰਘ ਟਾਈਗਰ ਨੇ ਰਸ਼ੀਅਨ ਖਿਡਾਰੀ ਐਂਟੀ ਗੁਲਸਕਾ ਨੂੰ ਚਿੱਤ ਕਰਕੇ ਪਹਿਲਾ ਚੈਂਪੀਅਨ ਹੋਣ ਦਾ ਮਾਣ ਹਾਸਲ ਕੀਤਾ ਹੈ। ਸੰਗਤ ਸਿੰਘ ਵਾਸੀ ਵਾਰਡ ਨੰਬਰ 13 ਸ੍ਰੀ ਚਮਕੌਰ ਸਾਹਿਬ ਦੇ ਬੇਟੇ ਜੁਝਾਰ ਸਿੰਘ ਢਿੱਲੋਂ ਉਰਫ਼ ਟਾਈਗਰ ਨੇ ਦੱਸਿਆ ਕਿ ਹੁਣ ਉਹ ਫਰਵਰੀ ਮਹੀਨੇ ਵਿਚ ਅਮਰੀਕਾ ਵਿਚ ਹੋਣ ਵਾਲੇ ਮੁਕਾਬਲਿਆਂ 'ਚ ਹਿੱਸਾ ਲਵੇਗਾ। 24 ਅਕਤੂਬਰ ਨੂੰ ਹੋਈ ਇਸ ਚੈਂਪੀਅਨਸ਼ਿਪ ਸਬੰਧੀ ਜੁਝਾਰ ਸਿੰਘ ਨੇ ਦੱਸਿਆ ਕਿ ਉਸ ਨੂੰ ਐਮ. ਐਮ. ਏ. ਚੈਂਪੀਅਨ ਪੰਕਜ ਖੰਨਾ ਵਲੋਂ ਉਨ੍ਹਾਂ 'ਤੇ ਭਰੋਸਾ ਕਰਦਿਆਂ ਇਸ ਚੈਂਪੀਅਨਸ਼ਿਪ ਲਈ ਉਤਾਰਿਆ ਤੇ ਉਹ ਰਿੰਗ ਵਿਚ ਅਰਦਾਸ ਕਰਨ ਅਤੇ ਸ: ਹਰੀ




ਸਿੰਘ ਨਲੂਆ ਦੀ ਵਾਰ ਪੜ੍ਹ ਕੇ ਜਦੋਂ ਰਿੰਗ ਵਿਚ ਉੱਤਰਿਆ ਤਾਂ ਉਸ ਵਿਚ ਇੱਕ ਨਵੇਕਲਾ ਜੋਸ਼ ਸੀ, ਉਸ ਦੀਆਂ ਜ਼ਬਰਦਸਤ ਚਪੇੜਾਂ ਨੇ ਵਿਰੋਧੀ ਖਿਡਾਰੀ ਨੂੰ ਚਾਰੇ ਖ਼ਾਨੇ ਚਿੱਤ ਕੀਤਾ। ਉਸ ਨੇ ਦੱਸਿਆ ਕਿ ਉਨ੍ਹਾਂ ਆਪਣੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਦਿਆਂ ਪਹਿਲਾ ਵਰਲਡ ਚੈਂਪੀਅਨ ਬਣਨ ਦਾ ਹਾਸਲ ਕੀਤਾ ਹੈ। ਉਸ ਵਲੋਂ ਇਹ ਖਿਤਾਬ ਜਿੱਤਣ ਤੋਂ ਬਾਅਦ ਜੋ ਭੰਗੜਾ ਰਿੰਗ ਵਿਚ ਪਾਇਆ, ਉਹ ਮੀਡੀਆ ਤੇ ਬਹੁਤ ਵਾਇਰਲ ਹੋ ਰਿਹਾ ਹੈ।

# ਇਰਾਕ ਦੇ ਨਰਕ ਤੋਂ ਘਰ ਵਾਪਸੀ ; ਪੰਜਾਬ ਦੀ ਬੇਟੀ ਨੇ ਸੁਣਾਈ ਦਰਦ ਭਰੀ ਦਾਸਤਾਨ !

## ਸਿਰਫ਼ ਇੱਕ ਵਾਰ ਖਾਣਾ, ਡੰਡੇ ਟੁੱਟਣ ਤੱਕ ਕੁੱਟਮਾਰ, 20 ਤੋਂ ਵੱਧ ਕੁੜੀਆਂ ਅਜੇ ਵੀ ਉੱਥੇ ਕੈਦ



ਜਲੰਧਰ : ਖਾੜੀ ਦੇਸ਼ਾਂ ਵਿੱਚ ਪੰਜਾਬੀ ਕੁੜੀਆਂ ਨਾਲ ਹੋ ਰਿਹਾ ਸ਼ੋਸ਼ਣ ਰੁਕਣ ਦਾ ਨਾਮ ਨਹੀਂ ਲੈ ਰਿਹਾ। ਮੋਗਾ ਜ਼ਿਲ੍ਹੇ ਦੀ ਇੱਕ ਬੇਟੀ, ਜੋ ਹਾਲ ਹੀ ਵਿੱਚ ਇਰਾਕ ਦੀ ਦਹਿਸ਼ਤ ਭਰੀ ਜ਼ਿੰਦਗੀ ਵਿੱਚੋਂ ਬਚ ਕੇ ਵਾਪਸ ਪਰਤੀ ਹੈ, ਨੇ ਆਪਣੀ ਹੱਡਬੀਤੀ ਬਿਆਨ ਕੀਤੀ।

ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚ ਕੇ ਉਸ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਕੋਸ਼ਿਸ਼ ਨਾਲ ਉਹ ਸੁਰੱਖਿਅਤ ਤਰੀਕੇ ਨਾਲ ਆਪਣੇ ਪਰਿਵਾਰ ਕੋਲ ਵਾਪਸ ਆ ਸਕੀ।

ਪੀੜਤ ਲੜਕੀ ਨੇ ਦੱਸਿਆ ਕਿ ਜਗਰਾਉ ਦੇ ਇੱਕ ਟਰੈਵਲ ਏਜੰਟ ਨੇ ਪੇਂਡੂ ਇਲਾਕਿਆਂ ਵਿੱਚ ਆਪਣਾ ਜਾਲ ਫੈਲਾਇਆ ਹੋਇਆ ਹੈ। ਉਹ ਗਰੀਬ ਪਰਿਵਾਰਾਂ ਦੀਆਂ ਕੁੜੀਆਂ ਨੂੰ ਵਿਦੇਸ਼ਾਂ ਵਿੱਚ 'ਚੰਗੀ ਨੌਕਰੀ' ਦੇ ਸੁਪਨੇ ਦਿਖਾ ਕੇ ਇਰਾਕ ਭੇਜਦਾ ਹੈ। ਉਸ ਨੇ ਖੁਲਾਸਾ ਕੀਤਾ ਕਿ ਉਸ ਵਰਗੀਆਂ 20 ਤੋਂ 25 ਕੁੜੀਆਂ ਹਜੇ ਵੀ ਉੱਥੇ ਫਸੀਆਂ ਹੋਈਆਂ ਹਨ।

ਪੀੜਤਾ ਨੇ ਦੱਸਿਆ ਕਿ ਉਹ 8 ਜਨਵਰੀ 2024 ਨੂੰ ਇਰਾਕ ਲਈ ਰਵਾਨਾ ਹੋਈ ਸੀ। ਪਹਿਲਾਂ ਉਸ ਨੂੰ ਦੁਬਈ ਅਤੇ ਫਿਰ ਇਰਾਕ ਲਿਜਾਇਆ ਗਿਆ। ਟਰੈਵਲ ਏਜੰਟ ਨੇ ਸਿਲਾਈ ਦੇ ਕੰਮ, ਹਫ਼ਤੇ ਦੀ ਛੁੱਟੀ ਅਤੇ ਘਰ ਨਾਲ ਗੱਲ ਕਰਨ ਦੀ ਸਹੂਲਤ ਦਾ ਵਾਅਦਾ ਕੀਤਾ ਸੀ, ਪਰ ਉੱਥੇ ਪਹੁੰਚਣ 'ਤੇ ਸਭ ਕੁਝ ਉਲਟ ਸੀ। ਉਸ ਨੂੰ ਸਿਲਾਈ ਦੀ ਥਾਂ ਘਰੇਲੂ ਕੰਮ 'ਚ ਭੇਜ ਦਿੱਤਾ ਗਿਆ। ਘਰ ਦੇ ਮਾਲਕ ਨੇ ਉਸ 'ਤੇ ਮਾੜੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ, ਅਣਚਾਹੇ ਸੰਬੰਧ ਬਣਾਉਣ ਦੀ ਕੋਸ਼ਿਸ਼ ਅਤੇ ਇੱਕ ਦਿਨ ਇਤਰਾਜ਼ਯੋਗ ਹਾਲਤ ਵਿਚ ਉਸਦੇ ਕਮਰੇ ਵਿੱਚ ਦਾਖਲ ਹੋ ਕੇ ਦੁਰਵਿਵਹਾਰ ਦੀ ਕੋਸ਼ਿਸ਼ ਕੀਤੀ। ਪੀੜਤਾ ਨੇ ਹਿੰਮਤ ਕਰਦਿਆਂ ਉਸ ਦੀ ਵੀਡੀਓ ਬਣਾਈ ਅਤੇ ਪੁਲੀਸ ਨੂੰ ਸ਼ਿਕਾਇਤ ਕੀਤੀ। ਇਸ ਦੇ ਬਾਅਦ ਟਰੈਵਲ ਏਜੰਟ ਅਤੇ ਉਸ ਦੀ ਘਰਵਾਲੀ ਦੀ ਸ਼ਹਿ 'ਤੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ। ਪੀੜਤ ਨੇ ਰੋਂਦਿਆਂ ਦੱਸਿਆ, "ਉਹ ਮੈਨੂੰ ਉਦੋਂ ਤੱਕ ਮਾਰਦੇ ਰਹੇ ਜਦੋਂ ਤੱਕ ਡੰਡਾ ਟੁੱਟ ਨਹੀਂ ਗਿਆ।"

ਇਸ ਸਾਰੀ ਜ਼ਿਆਦਤੀ ਦਾ ਉਸ 'ਤੇ ਇੰਨਾ ਅਸਰ ਹੋਇਆ ਕਿ ਉਹ ਦੋ ਮਹੀਨਿਆਂ ਤੱਕ ਡਿਪਰੈਸ਼ਨ ਵਿੱਚ ਰਹੀ। ਉਸ ਨੇ 10 ਅਗਸਤ 2025 ਨੂੰ ਸੋਸ਼ਲ ਮੀਡੀਆ ਰਾਹੀਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਸੰਪਰਕ ਕੀਤਾ। ਸੰਤ ਸੀਚੇਵਾਲ ਨੇ ਤੁਰੰਤ ਕਾਰਵਾਈ ਕੀਤੀ ਅਤੇ 28 ਸਤੰਬਰ ਨੂੰ ਉਹ ਸੁਰੱਖਿਅਤ ਤਰੀਕੇ ਨਾਲ ਪੰਜਾਬ ਵਾਪਸ ਆ ਗਈ। ਵਾਪਸੀ ਤੋਂ ਬਾਅਦ ਵੀ ਉਹ ਪੂਰੇ ਮਹੀਨੇ ਤੱਕ ਸਦਮੇ ਵਿੱਚ ਰਹੀ। ਉਸ ਨੇ ਕਿਹਾ ਕਿ ਇਰਾਕ ਵਿੱਚ ਗੁਜ਼ਾਰੇ ਉਹ ਦਿਨ ਕਦੇ ਵੀ ਭੁੱਲੇ ਨਹੀਂ ਜਾ ਸਕਦੇ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਇਹ ਬੇਟੀ ਹਿੰਮਤ ਦੀ ਮਿਸਾਲ ਹੈ, ਜਿਸ ਨੇ ਆਪਣੇ ਹੱਕਾਂ ਲਈ ਖ਼ੁਦ ਲੜਾਈ ਲੜੀ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਫਸੀਆਂ ਹੋਰ ਕੁੜੀਆਂ ਨੂੰ ਵੀ ਹਿੰਮਤ ਕਰਨੀ ਚਾਹੀਦੀ ਹੈ ਅਤੇ ਆਪਣੀ ਆਵਾਜ਼ ਉਠਾਉਣੀ ਚਾਹੀਦੀ ਹੈ। ਕਿਉਂਕਿ ਇਹ ਜਾਲ ਪੇਂਡੂ ਇਲਾਕਿਆਂ ਵਿੱਚ ਖਤਰਨਾਕ ਤਰੀਕੇ ਨਾਲ ਫੈਲ ਚੁੱਕਾ ਹੈ ਅਤੇ ਗਰੀਬ ਪਰਿਵਾਰਾਂ ਦੀਆਂ ਬੇਟੀਆਂ ਨੂੰ ਨਰਕ ਵੱਲ ਧੱਕ ਰਿਹਾ ਹੈ।

# ਜੁਝਾਰ ਸਿੰਘ ਨੇ ਦੁਬਈ 'ਚ ਪਾਵਰ ਸਲੈਪ ਚੈਂਪੀਅਨਸ਼ਿਪ ਜਿੱਤ ਕੇ ਸਿੱਖੀ, ਪੰਜਾਬ ਤੇ ਭਾਰਤ ਦਾ ਮਾਣ ਵਧਾਇਆ : ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ : ਭਾਜਪਾ ਪੰਜਾਬ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਜਿਲ੍ਹਾ ਰੋਪੜ ਦੇ ਗੜੀ ਚਮਕੌਰ ਨਾਲ ਸਬੰਧਤ ਸਾਬਤ ਸੂਰਤ ਸਿੱਖ ਨੌਜਵਾਨ ਜੁਝਾਰ ਸਿੰਘ ਨੂੰ ਦੁਬਈ (ਅਬੂ ਧਾਬੀ) ਵਿੱਚ ਹੋਈ ਅੰਤਰਰਾਸ਼ਟਰੀ ਪਾਵਰ ਸਲੈਪ ਫਾਈਟ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਜਿੱਤ ਲਈ ਦਿਲੋਂ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੁਝਾਰ ਸਿੰਘ ਨੇ ਆਪਣੇ ਰੂਸੀ ਮੁਕਾਬਲੇਬਾਜ਼ ਐਂਟੋਲੀ ਗਲੁਸ਼ਕਾ ਨੂੰ ਇਕ ਸ਼ਕਤੀਸ਼ਾਲੀ ਥੱਪੜ ਨਾਲ ਹਰਾਕੇ ਪਹਿਲਾ ਭਾਰਤੀ ਪਾਵਰ ਸਲੈਪ ਚੈਂਪੀਅਨ ਬਣ ਕੇ ਪੰਜਾਬ, ਪੰਜਾਬੀਆਂ ਤੇ ਸਮੂਹ ਭਾਰਤ ਦਾ ਮਾਣ ਉੱਚਾ ਕੀਤਾ ਹੈ।

ਪ੍ਰੋ. ਖਿਆਲਾ ਨੇ ਦੱਸਿਆ ਕਿ ਇਹ ਇਕ ਵਿਲੱਖਣ ਵਿਸ਼ਵ ਪੱਧਰੀ ਖੇਡ ਹੈ, ਜਿਸ ਵਿੱਚ ਦੋ ਖਿਡਾਰੀ ਵਾਰੀ ਵਾਰੀ ਇਕ ਦੂਜੇ ਨੂੰ ਸਲੈਪ ਮਾਰਦੇ ਹਨ ਅਤੇ ਜੋ ਖਿਡਾਰੀ ਵਧੇਰੇ ਸੰਯਮ, ਸ਼ਕਤੀ ਅਤੇ ਟਿਕਾਅ ਦਿਖਾਉਂਦਾ ਹੈ, ਉਸਨੂੰ ਜੇਤੂ ਘੋਸ਼ਿਤ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਜੁਝਾਰ ਸਿੰਘ ਦਾ ਸਬੰਧ ਉਸ ਪਵਿੱਤਰ ਧਰਤੀ ਗੜੀ ਚਮਕੌਰ ਸਾਹਿਬ ਨਾਲ ਹੈ, ਜਿੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਦੇ ਕੇ ਖਾਲਸੇ ਦੇ ਅਟੱਲ ਜਜ਼ਬੇ ਨੂੰ ਅਮਰ ਕੀਤਾ ਸੀ। ਉਸੇ ਧਰਤੀ ਦਾ ਇਹ ਸਾਬਤ ਸੂਰਤ ਸਿੱਖ ਨੌਜਵਾਨ ਅੱਜ ਦੁਨੀਆ ਦੇ ਖੇਡ ਮੰਚ 'ਤੇ ਆਪਣੀ ਸ਼ਰਧਾ, ਸੰਯਮ ਅਤੇ ਸ਼ਕਤੀ ਨਾਲ ਪੰਜਾਬ ਤੇ ਭਾਰਤ ਦਾ ਮਾਣ ਵਧਾ ਰਿਹਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਜੁਝਾਰ ਸਿੰਘ ਨੇ ਆਪਣੇ ਨਾਮ ਦੇ ਅਨੁਸਾਰ ਸੱਚਮੁੱਚ "ਜੁਝਾਰੂ" ਸਿੰਘਾਂ ਦੀ ਰੀਤ ਨਿਭਾਈ ਹੈ। ਸਿੱਖੀ ਦੇ ਅਸੂਲਾਂ 'ਤੇ ਕਾਇਮ ਰਹਿ ਕੇ ਆਪਣੀ ਸਾਬਤ ਸੂਰਤ ਪਹਿਚਾਣ ਨਾਲ




ਦੁਬਈ ਦੇ ਅੰਤਰਰਾਸ਼ਟਰੀ ਮੰਚ 'ਤੇ ਜਿੱਤ ਹਾਸਲ ਕਰਕੇ ਉਸਨੇ ਦਰਸਾਇਆ ਹੈ ਕਿ ਜਿਥੇ ਖਾਲਸਾ ਖੜਾ ਹੁੰਦਾ ਹੈ, ਉਥੇ ਮਾਣ ਤੇ ਸਤਕਾਰ ਆਪ ਆ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਸਾਬਤ ਸੂਰਤ ਸਿੱਖ ਨੌਜਵਾਨ ਦੀ ਇਹ ਜਿੱਤ ਸਿਰਫ਼ ਵਿਅਕਤੀਗਤ ਖੇਡ ਜਿੱਤ ਨਹੀਂ, ਸਗੋਂ ਸਿੱਖੀ ਦੀ ਰੂਹਾਨੀ ਤਾਕਤ ਅਤੇ ਅਨੁਸ਼ਾਸਨ ਦੀ ਵੀ ਜਿੱਤ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਅਜਿਹੇ ਗੁਰਸਿੱਖ ਨੌਜਵਾਨ ਸਿਰਫ਼ ਖਿਡਾਰੀ ਨਹੀਂ ਹੁੰਦੇ, ਸਗੋਂ ਆਉਣ ਵਾਲੀਆਂ ਸਿੱਖ ਨੌਜਵਾਨ ਪੀੜੀਆਂ ਲਈ ਪ੍ਰੇਰਣਾ-ਸਰੋਤ ਬਣਦੇ ਹਨ। ਜੁਝਾਰ ਸਿੰਘ ਨੇ ਸਾਬਤ ਕੀਤਾ ਹੈ ਕਿ ਜਦ ਸਿੱਖ ਨੌਜਵਾਨ ਗੁਰਮਤਿ ਅਸੂਲਾਂ 'ਤੇ ਕਾਇਮ ਰਹਿ ਕੇ ਮਿਹਨਤ, ਆਤਮ ਵਿਸ਼ਵਾਸ ਅਤੇ ਸਿੱਖੀ ਜਜ਼ਬੇ ਨਾਲ ਮੈਦਾਨ ਵਿੱਚ ਉਤਰਦਾ ਹੈ, ਤਾਂ ਸੰਸਾਰ ਉਸਦਾ ਮਾਣ ਕਰਦਾ ਹੈ।

ਪ੍ਰੋ. ਖਿਆਲਾ ਨੇ ਅਖੀਰ ਵਿੱਚ ਕਿਹਾ ਕਿ ਸਾਨੂੰ ਸਮੂਹ ਪੰਜਾਬੀਆਂ ਨੂੰ ਜੁਝਾਰ ਸਿੰਘ ਵਰਗੇ ਸਾਬਤ ਸੂਰਤ ਗੁਰਸਿੱਖ ਖਿਡਾਰੀ ਪੁੱਤਰ 'ਤੇ ਮਾਣ ਹੈ, ਜਿਸ ਨੇ ਦੁਬਈ ਦੇ ਮੰਚ 'ਤੇ ਪੰਜਾਬ, ਪੰਜਾਬੀ ਤੇ ਭਾਰਤ ਦੀ ਨੁਮਾਇੰਦਗੀ ਕਰਦਿਆਂ ਸਿੱਖੀ ਦੀ ਲਾਜ ਰੱਖੀ ਹੈ। ਵਾਹਿਗੁਰੂ ਉਸਨੂੰ ਖੇਡਾਂ ਅਤੇ ਜੀਵਨ ਦੇ ਹਰ ਮੈਦਾਨ ਵਿੱਚ ਹੋਰ ਵੱਡੀਆਂ ਜਿੱਤਾਂ ਨਾਲ ਨਵਾਜੇ।

# ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਧਾਰਮਿਕ ਦੀਵਾਨ ਗਿਆ ਸਜਾਇਆ





ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਕਰਵਾਏ ਗਏ ਸਮਾਗਮ ਦੀਆਂ ਝਲਕੀਆਂ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਹਿੰਦ ਦੀ ਚਾਦਰ ਧੰਨ-ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਸਮਰਪਿਤ ਆਰੰਭ ਕੀਤੇ ਗਏ ਧਾਰਮਿਕ ਸਮਾਗਮਾਂ ਦੀ ਲੜੀ ਤਹਿਤ ਪਿੰਡ ਖਿਆਲਾ ਬੁਲੰਦਾ ਵਿਖੇ ਮਹਾਨ ਧਾਰਮਿਕ ਦੀਵਾਨ ਸਜਾਇਆ ਗਿਆ। ਗੁਰਦੁਆਰਾ ਸਾਹਿਬ ਸੁਖਦਰਸ਼ਨ ਪ੍ਰਕਾਸ਼ ਵਿਖੇ ਸੰਧਿਆ ਦੇ ਸਮੇਂ ਸਜਾਏ ਗਏ ਦੀਵਾਨਾਂ ਵਿੱਚ ਸਭ ਤੋਂ ਪਹਿਲਾਂ ਰਹਿਰਾਸ ਸਾਹਿਬ ਜੀ ਦੇ ਪਾਠ ਕੀਤੇ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਹੋਈ ਉਪਰੰਤ ਭਾਈ ਸੁਖਦੀਪ ਸਿੰਘ ਬੈਂਸ ਖਰਲਾਂ ਨੇ ਰਸ ਭਿੰਨਾ ਅਤੇ ਬੀਰ ਰਸ 'ਚ ਕੀਰਤਨ ਕੀਤਾ। ਇਸ ਤੋਂ ਬਾਅਦ ਬੀਬੀ ਜਤਿੰਦਰ ਕੌਰ ਅਨੰਦਪੁਰ ਸਾਹਿਬ ਵਾਲਿਆਂ ਨੇ ਤੰਤੀ ਸਾਜਾਂ ਨਾਲ ਨੌਵੇ ਪਾਤਸ਼ਾਹੀ ਦੀ ਰਚਿਤ ਬਾਣੀ ਦਾ ਕੀਰਤਨ ਕੀਤਾ ਸਮਾਗਮ ਦੌਰਾਨ ਪ੍ਰੋਫੈਸਰ ਗੁਰਬਚਨ ਸਿੰਘ ਅਮਰੀਕਾ ਨੇ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਲਾਸਾਨੀ ਸ਼ਹਾਦਤ ਨੂੰ ਸੰਗਤਾਂ ਨਾਲ ਸਾਂਝਾ ਕੀਤਾ ਅਖੀਰ ਵਿਚ ਭਾਈ ਰਵਿੰਦਰ ਸਿੰਘ ਮੁੱਖ ਸੇਵਾਦਾਰ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਰਵਿੰਦਰ ਸਿੰਘ ਰਵੀ ਨੇ ਦੱਸਿਆ ਕਿ ਆਰੰਭ ਕੀਤੇ ਗਏ ਸਮਾਗਮਾਂ ਦੀ ਲੜੀ ਤਹਿਤ 1 ਨਵੰਬਰ ਨੂੰ ਹਰਸੀ ਪਿੰਡ ਵਿਖੇ ਇਸੇ ਲੜੀ ਤਹਿਤ ਸਮਾਗਮ ਕਰਵਾਇਆ ਜਾਵੇਗਾ ਜਿਸ ਵਿੱਚ ਰਾਗੀ ਢਾਡੀ ਜਥੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਨਗੇ। ਇਸ ਮੌਕੇ ਖਿਆਲਾ ਬੁਲੰਦਾ ਦੀ ਪ੍ਰਬੰਧਕ ਕਮੇਟੀ ਰੋਸ਼ਨ ਸਿੰਘ, ਨਿਰੰਜਨ ਸਿੰਘ, ਬਲਜੀਤ ਸਿੰਘ, ਰਵਿੰਦਰ ਸਿੰਘ, ਬਹਾਦਰ ਸਿੰਘ, ਇੰਦਰਜੀਤ ਸਿੰਘ, ਮਨਵੀਰ ਸਿੰਘ, ਕੁਲਦੀਪ ਕੌਰ, ਅਮਰਜੀਤ ਕੌਰ, ਦਵਿੰਦਰ ਕੌਰ, ਹਰਵਿੰਦਰ ਕੌਰ, ਜਸਵਿੰਦਰ ਕੌਰ ਅਤੇ ਗੁਰਮਤਿ ਪ੍ਰਚਾਰ ਸੁਸਾਇਟੀ ਟਾਂਡਾ ਦੇ ਸਰਪ੍ਰਸਤ ਸ਼ਰਧਾ ਸਿੰਘ, ਮਾ. ਜਸਵੀਰ ਸਿੰਘ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਜਸਕੀਰਤ ਸਿੰਘ, ਭਾਈ ਤੇਜਿੰਦਰ ਸਿੰਘ ਮੂਨਕ, ਭਾਈ ਸ਼ਰਨਦੀਪ ਸਿੰਘ ਗੜ੍ਹੀ, ਤਰਨਜੀਤ ਸਿੰਘ ਟਾਂਡਾ ਨੇ ਹਾਜ਼ਰੀ ਅਤੇ ਸਮੂਹ ਸੰਗਤ ਨੂੰ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਲਾਸਾਨੀ ਸ਼ਹਾਦਤ ਤੋਂ ਪ੍ਰੇਰਨਾ ਲੈਣ ਲਈ ਕਿਹਾ। ਸਮੁੱਚੇ ਸਮਾਗਮ ਦੌਰਾਨ ਸਟੇਜ ਦੀ ਸੇਵਾ ਭਾਈ ਸੁਖਵਿੰਦਰ ਸਿੰਘ ਸਾਬਕਾ ਡਿਪਟੀ ਡੀ. ਈ.ਓ ਨੇ ਨਿਭਾਉਂਦੇ ਹੋਏ ਜਿੱਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਖਿਆਲਾ ਬੁਲੰਦ ਦਾ ਧੰਨਵਾਦ ਕੀਤਾ ਉੱਥੇ ਹੀ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਦੇ ਇਸ ਮਹਾਨ ਉਪਰਾਲੇ ਦੀ ਸ਼ਲਾਗਾ ਕਰਦੇ ਹੋਏ ਗੁਰੂ ਸਾਹਿਬ ਅਤੇ ਮਹਾਨ ਸ਼ਹੀਦਾਂ ਦੀ ਸ਼ਹਾਦਤ ਤੇ ਚਾਨਣਾ ਪਾਇਆ। ਇਸ ਮੌਕੇ ਸੰਗਤ ਦੀ ਸੇਵਾ ਵਾਸਤੇ ਗੁਰੂ ਦੇ ਅਤੁੱਟ ਲੰਗਰ ਵੀ ਵਰਤਾਏ ਗਏ।

# ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਏ ਨਤਮਸਤਕ

## ਸਿੰਘ ਸਾਹਿਬ ਜਥੇਦਾਰ ਬਾਬਾ ਕੁਲਵੰਤ ਸਿੰਘ ਨੇ ਕੀਤਾ ਸਨਮਾਨਤ





ਸ੍ਰੀ ਹਜ਼ੂਰ ਸਾਹਿਬ/ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਚੱਕ੍ਰਵਰਤੀ ਨਿਹੰਗ ਸਿੰਘਾਂ ਦੇ ਮੌਜੂਦਾ ਮੁਖੀ ਸ਼੍ਰੋਮਣੀ ਸੇਵਾ ਰਤਨ ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨਿਹੰਗ ਸਿੰਘ ਫੌਜਾਂ ਸਮੇਤ ਦੱਖਣ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਧਰਮ ਪ੍ਰਚਾਰ ਕਰ ਰਹੇ ਹਨ ਅੱਜ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨੰਦੇੜ ਵਿਖੇ ਨਤਮਸਤਕ ਹੋਏ ਜਿੱਥੇ ਉਨ੍ਹਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਤੇ ਪੰਥ ਬੁੱਢਾ ਦਲ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਗਏ। ਜਥੇਦਾਰ ਬਾਬਾ ਬਲਬੀਰ ਸਿੰਘ ਬੁੱਢਾ ਦਲ ਸੱਚਖੰਡ ਬੋਰਡ ਵਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਤੀ ਦਿਵਸ ਨੂੰ ਸਮਰਪਿਤ ਸਮਾਗਮ ਵਿੱਚ ਨਿਹੰਗ ਸਿੰਘ ਫੌਜਾਂ ਸਮੇਤ ਹਾਜ਼ਰ ਹੋਏ। ਜਿਥੇ ਉਹਨਾਂ ਦਾ ਸਿੰਘ ਸਾਹਿਬ ਜਥੇਦਾਰ ਬਾਬਾ ਕੁਲਵੰਤ ਸਿੰਘ, ਬਾਬਾ ਬਲਵਿੰਦਰ ਸਿੰਘ ਲੰਗਰ ਸਾਹਿਬ ਤੇ ਸੱਚਖੰਡ ਬੋਰਡ ਵਲੋਂ ਸਿਰਪਾਓ ਨਾਲ ਸਨਮਾਨਿਤ ਕੀਤਾ ਗਿਆ ਜਥੇਦਾਰ ਬਾਬਾ ਬਲਬੀਰ ਸਿੰਘ ਬੁੱਢਾ ਦਲ ਦੇ ਸਿੰਘਾਂ ਸਮੇਤ ਗੁਰਦੁਆਰਾ ਲੰਗਰ ਸਾਹਿਬ, ਗੁਰਦੁਆਰਾ ਮਹਾਂਕਾਲ ਸਿੰਘ ਜੀ, ਗੁਰਦੁਆਰਾ ਭਜਨਗੜ੍ਹ ਸਾਹਿਬ, ਗੁਰਦੁਆਰਾ ਨਗੀਨਾ ਘਾਟ ਸਾਹਿਬ, ਗੁਰਦੁਆਰਾ ਬੰਦਾ ਘਾਟ ਸਾਹਿਬ, ਅਸਥਾਨ ਮਾਤਾ ਭਾਗੋ ਜੀ, ਜਥੇਦਾਰ ਪ੍ਰਹਿਲਾਦਾ ਸਿੰਘ ਜੀ ਦੇ ਸ਼ਹੀਦੀ ਅਸਥਾਨ ਤੇ ਵੀ ਨਤਮਸਤਕ ਹੋਏ। ਬਾਬਾ ਨਿਧਾਨ ਸਿੰਘ ਲੰਗਰ ਸਾਹਿਬ ਵਿਖੇ ਬਾਬਾ ਬਲਵਿੰਦਰ ਸਿੰਘ ਨੇ ਜਥੇਦਾਰ ਬਾਬਾ ਬਲਬੀਰ ਸਿੰਘ ਬੁੱਢਾ ਦਲ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਪੰਜ ਪਿਆਰੇ ਸਾਹਿਬਾਨ, ਸ. ਰਵਿੰਦਰ ਸਿੰਘ ਕਪੂਰ ਸੁਪਰੀਡੈਂਟ, ਸ. ਜੈਮਲ ਸਿੰਘ, ਸ. ਰਵਿੰਦਰ ਸਿੰਘ ਬੁੰਗਈ, ਸ. ਇੰਦਰਪਾਲ ਸਿੰਘ ਫੌਜੀ, ਸ. ਬਲਵਿੰਦਰ ਸਿੰਘ, ਸ. ਗੁਰਮੀਤ ਸਿੰਘ, ਸ. ਜਤਿੰਦਰ ਸਿੰਘ, ਸ. ਹਰਜੀਤ ਸਿੰਘ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਗੁਰਮੁੱਖ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਗੁਰਸ਼ੇਰ ਸਿੰਘ, ਬਾਬਾ ਸਤਨਾਮ ਸਿੰਘ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਈਸ਼ਰ ਸਿੰਘ, ਬਾਬਾ ਗਗਨਦੀਪ ਸਿੰਘ ਆਦਿ ਨਿਹੰਗ ਸਿੰਘ ਮੌਜੂਦ ਸਨ।

# ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਜਾਏ ਕੀਰਤਨ ਦਰਬਾਰ 'ਚ ਸ਼ਾਮਿਲ ਹੋਏ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ

## ਗੁਰੂ ਸਾਹਿਬ ਦਾ ਜੀਵਨ, ਫ਼ਲਸਫ਼ਾ ਤੇ ਲਾਸਾਨੀ ਸ਼ਹਾਦਤ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ

ਨਵੀਂ ਦਿੱਲੀ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਸਰਕਾਰ ਵਲੋਂ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਦਿਹਾੜੇ ਦੇ ਸੰਬੰਧ 'ਚ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਦੇ ਹਿੱਸੇ ਵਜੋਂ ਸਜਾਏ ਗਏ ਕੀਰਤਨ ਦਰਬਾਰ 'ਚ ਸ਼ਾਮਿਲ ਹੋ ਕੇ ਰੂਹਾਨੀ ਕੀਰਤਨ ਸਰਵਣ ਕੀਤਾ। ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਕਰਵਾਏ ਕੀਰਤਨ ਦਰਬਾਰ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਪੰਜਾਬ ਸਰਕਾਰ ਖੁਸ਼ਕਿਸਮਤ ਹੈ ਕਿ ਉਸ ਨੂੰ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਯਾਦਗਾਰੀ ਸਮਾਗਮਾਂ ਦੀ ਲੜੀ ਕਰਵਾਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਇਹ ਸਮਾਗਮ ਅੱਜ ਕੌਮੀ ਰਾਜਧਾਨੀ ਤੋਂ ਸ਼ੁਰੂ ਹੋਏ ਹਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੁਗਲਾਂ ਨੇ ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਧਰਮ 'ਚ ਤਬਦੀਲ ਕਰਨ ਦੀ ਯੋਜਨਾ ਬਣਾਈ ਸੀ, ਜਿਸ ਤੋਂ ਬਾਅਦ ਕਸ਼ਮੀਰ ਦੇ ਪੰਡਿਤ ਆਪਣੇ ਧਰਮ ਦੀ ਰੱਖਿਆ ਲਈ ਮਦਦ ਵਾਸਤੇ ਗੁਰੂ ਤੇਗ



ਬਹਾਦਰ ਜੀ ਕੋਲ ਆਏ ਸਨ। ਕੌਮੀ ਕਨਵੀਨਰ ਨੇ ਕਿਹਾ ਕਿ ਮੁਗਲ ਬਾਦਸ਼ਾਹ ਵਲੋਂ ਕਈ ਪੇਸ਼ਕਸ਼ਾਂ ਦੇ ਬਾਵਜੂਦ ਗੁਰੂ ਸਾਹਿਬ ਨੇ ਜ਼ੁਲਮ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਅਤੇ ਧਰਮ ਦੀ ਰਾਖੀ ਲਈ ਸ਼ਹਾਦਤ ਦਾ ਰਾਹ ਚੁਣਿਆ। ਉਨ੍ਹਾਂ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਨੂੰ 1675 'ਚ ਦਿੱਲੀ 'ਚ ਸ਼ਹੀਦ ਕੀਤਾ ਗਿਆ ਸੀ ਅਤੇ ਦੁਨੀਆ ਭਰ 'ਚ ਉਨ੍ਹਾਂ ਨੂੰ ਅਜਿਹੇ ਪਹਿਲੇ ਸ਼ਹੀਦ ਵਜੋਂ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦੁਨੀਆ ਦੇ ਇਤਿਹਾਸ ਦੇ ਪੰਨੇ ਸੰਜਮ, ਬਹਾਦਰੀ, ਕੁਰਬਾਨੀ ਅਤੇ ਸੇਵਾ ਦੀਆਂ ਮਹਾਨ ਘਟਨਾਵਾਂ ਨਾਲ ਭਰੇ ਹੋਏ ਹਨ, ਫਿਰ ਵੀ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਕਦਰਾਂ-ਕੀਮਤਾਂ ਲਈ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਨੇ ਮਨੁੱਖੀ ਇਤਿਹਾਸ 'ਚ ਬੇਮਿਸਾਲ ਅਧਿਆਇ ਜੋੜਿਆ।

# ਸਿਵਲ ਹਸਪਤਾਲ ਟਾਂਡਾ ਵਿਖੇ ਨੇਤਰਦਾਨ ਪੰਦਰਵਾੜਾ ਮਨਾਇਆ ਗਿਆ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਟਾਂਡਾ ਪੰਜਾਬ ਸਰਕਾਰ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਸੀਮਾ ਗਰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਐਸਐਮਓ ਟਾਂਡਾ ਡਾਕਟਰ ਕਰਨ ਕੁਮਾਰ ਸੈਣੀ ਦੀ ਯੋਗ ਅਗਵਾਈ ਹੇਠ ਨੇਤਰਦਾਨ ਆਈ ਡੋਨੇਸ਼ਨ ਪ੍ਰੋਗਰਾਮ ਅਧੀਨ ਨੇਤਰਦਾਨ ਪੰਦਰਵਾੜਾ ਸਿਵਲ ਹਸਪਤਾਲ ਟਾਂਡਾ ਵਿਖੇ ਭਾਈ ਬਰਿੰਦਰ ਸਿੰਘ ਮਸੀਤੀ ਆਈ ਡੋਨਰ ਟਾਂਡਾ ਦੇ ਸਹਿਯੋਗ ਨਾਲ ਸਫਲਤਾਪੂਰਵਕ ਕਰਵਾਇਆ ਗਿਆ। ਇਸ ਪੰਦਰਵਾੜੇ ਦੌਰਾਨ ਲੋਕਾਂ ਦੀਆਂ ਅੱਖਾਂ ਦੀ ਜਾਂਚ ਅੱਖਾਂ ਦੇ ਮਾਹਿਰ ਡਾਕਟਰ ਪਰਮਿੰਦਰ ਕੌਰ ਵੱਲੋਂ ਕੀਤੀ ਗਈ ਤੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਅੱਖਾਂ ਦਾਨ ਕਰਨ ਲਈ ਵੀ ਪ੍ਰੇਰਿਤ ਕੀਤਾ ਤੇ ਅੱਖਾਂ ਦਾਨ ਕਰਨ ਸਬੰਧੀ ਨੇਤਰਦਾਨੀਆਂ ਦੇ ਫਾਰਮ ਵੀ ਭਰੇ ਗਏ। ਇਸ ਮੌਕੇ ਡਾਕਟਰ ਪਰਮਿੰਦਰ ਕੌਰ ਵੱਲੋਂ ਕੋਰਨੀਅਲ ਬਲਾਇੰਡਨੈਸ ਦੇ ਕੇਸਾਂ ਦੀ ਵੀ ਜਾਂਚ ਕੀਤੀ




ਗਈ। ਇਸ ਮੌਕੇ ਆਈ ਡੋਨਰ ਸਟੇਟ ਅਵਾਰਡੀ ਭਾਈ ਬਰਿੰਦਰ ਸਿੰਘ ਮਸੀਤੀ ਨੇ ਦੱਸਿਆ ਕਿ ਨੇਤਰਦਾਨ ਅਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਕੋਰਨੀਅਲ ਟਰਾਂਸਪਲਾਂਟ ਵਾਲੇ ਮਰੀਜ਼ਾਂ ਦਾ ਮੁਫਤ ਕੋਰਨੀਆਂ ਟਰਾਂਸਪਲਾਂਟ ਕੀਤਾ ਜਾਵੇਗਾ, ਜਿਸ ਕਿਸੇ ਵਿਅਕਤੀ ਨੂੰ ਦੇਖਣ ਵਿੱਚ ਕੋਈ ਸਮੱਸਿਆ ਆਉਂਦੀ ਹੈ ਜਾਂ ਬਿਲਕੁਲ ਵੀ ਦਿਖਾਈ ਨਹੀਂ ਦਿੰਦਾ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਪ੍ਰੀਤ ਮਹਿੰਦਰ ਸਿੰਘ,ਡਾਕਟਰ ਪਰਮਿੰਦਰ ਕੌਰ, ਅਪਥੈਲਮਿਕ ਅਫ਼ਸਰ ਜਸਵਿੰਦਰ ਕੁਮਾਰ, ਡਾਕਟਰ ਸ਼ਗੁਨ, ਅਵਤਾਰ ਸਿੰਘ ਬੀ ਈ ਈ, ਰਜੀਵ ਪਾਲ ਸਿੰਘ, ਗੁਰਜੀਤ ਸਿੰਘ ਆਦਿ ਹਾਜ਼ਰ ਸਨ।

# ਆਸਾਰਾਮ ਬਾਪੂ ਨੂੰ ਮੈਡੀਕਲ ਅਧਾਰ 'ਤੇ ਛੇ ਮਹੀਨਿਆਂ ਲਈ ਮਿਲੀ ਜ਼ਮਾਨਤ

ਜੋਧਪੁਰ : ਰਾਜਸਥਾਨ ਹਾਈ ਕੋਰਟ ਨੇ ਅਖੌਤੀ ਸਾਧ ਆਸਾਰਾਮ ਬਾਪੂ ਨੂੰ ਮੈਡੀਕਲ ਅਧਾਰ 'ਤੇ ਛੇ ਮਹੀਨਿਆਂ ਲਈ ਜ਼ਮਾਨਤ ਦੇ ਦਿੱਤੀ ਹੈ। ਇਹ ਅਖੌਤੀ ਸਾਧ ਇਕ ਨਾਬਾਲਗ ਨਾਲ ਜਬਰ-ਜਨਾਹ ਲਈ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਇਸ ਤੋਂ ਪਹਿਲਾਂ ਵੀ ਆਸਾਰਾਮ ਬਾਪੂ ਨੂੰ ਤਿੰਨ ਵਾਰ ਅੰਤਰਿਮ ਜ਼ਮਾਨਤ ਮਿਲ ਚੁੱਕੀ ਹੈ।

ਕਾਰਜਕਾਰੀ ਚੀਫ਼ ਜਸਟਿਸ ਸੰਜੀਵ ਪ੍ਰਕਾਸ਼ ਸ਼ਰਮਾ ਤੇ ਜਸਟਿਸ ਸੰਗੀਤਾ ਸ਼ਰਮਾ ਦੇ ਬੈਂਚ ਨੇ ਉਪਰੋਕਤ ਹੁਕਮ ਅਖੌਤੀ ਸਾਧ ਵੱਲੋਂ ਆਪਣੀ ਸਜ਼ਾ ਮੁਅੱਤਲੀ ਤੇ ਨਿਯਮਤ ਜ਼ਮਾਨਤ ਲਈ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੀਤੇ। ਆਸਾਰਾਮ ਅਪਰੈਲ 2018 ਤੋਂ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ ਤੇ 12 ਸਾਲ ਜੇਲ੍ਹ ਵਿਚ ਰਹਿਣ ਮਗਰੋਂ ਉਸ ਨੂੰ ਪਹਿਲੀ ਵਾਰ 7 ਜਨਵਰੀ 2025 ਨੂੰ ਮੈਡੀਕਲ ਅਧਾਰ 'ਤੇ ਅੰਤਰਿਮ ਜ਼ਮਾਨਤ ਦਿੱਤੀ ਗਈ ਸੀ। ਮਗਰੋਂ



ਜੁਲਾਈ ਤੇ ਅਗਸਤ ਵਿਚ ਵਧਾ ਦਿੱਤੀ ਗਈ। ਜਸਟਿਸ ਦਿਨੇਸ਼ ਮਹਿਤਾ ਤੇ ਜਸਟਿਸ ਵਿਨੀਤ ਕੁਮਾਰ ਮਾਥੁਰ ਦੇ ਬੈਂਚ ਵੱਲੋਂ 27 ਅਗਸਤ ਨੂੰ ਅੰਤਰਿਮ ਜ਼ਮਾਨਤ ਵਿਚ ਵਾਧੇ ਸਬੰਧੀ ਆਸਾਰਾਮ ਦੀ ਪਟੀਸ਼ਨ ਰੱਦ ਕੀਤੇ ਜਾਣ ਮਗਰੋਂ ਅਖੌਤੀ ਸਾਧ 30 ਅਗਸਤ ਨੂੰ ਜੇਲ੍ਹ ਮੁੜ ਆਇਆ ਸੀ।

# ਚੇਅਰਮੈਨ ਸ. ਰਜਿੰਦਰ ਸਿੰਘ ਮਾਰਸ਼ਲ ਦੀ ਅਗਵਾਈ ਹੇਠ ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਸਲਾਨਾ ਖੇਡਾਂ ਕਰਵਾਈਆਂ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਚੇਅਰਮੈਨ ਸ. ਰਜਿੰਦਰ ਸਿੰਘ ਮਾਰਸ਼ਲ ਜੀ ਦੀ ਅਗਵਾਈ ਹੇਠ ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਸ. ਗੁਰਮੇਲ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਲਾਨਾ ਖੇਡਾਂ ਕਰਵਾਈਆਂ ਗਈਆਂ। ਸਾਲਾਨਾ ਖੇਡਾਂ ਦਾ ਉਦਘਾਟਨ ਸ. ਰਜਿੰਦਰ ਸਿੰਘ ਮਾਰਸ਼ਲ ਨੇ ਕੀਤਾ ਅਤੇ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਦੱਸਦੇ ਹੋਏ ਇਹਨਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਇਹਨਾਂ ਖੇਡਾਂ ਵਿੱਚ ਨਰਸਰੀ ਤੋਂ ਤੀਸਰੀ ਤੱਕ ਦੇ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਜਿਸ ਵਿੱਚ ਨੈਣੋਵਾਲ ਵੈਦ 21 ਗੋਲਡ ਮੈਡਲ ਦੇ ਨਾਲ ਪਹਿਲੇ ਸਥਾਨ 'ਤੇ, ਭਲਿਆਲਾ 19 ਗੋਲਡ ਮੈਡਲ ਨਾਲ ਦੂਜੇ ਸਥਾਨ 'ਤੇ, ਬੈਂਸ ਆਵਨ 11 ਗੋਲਡ ਮੈਡਲ ਨਾਲ ਤੀਜੇ ਸਥਾਨ 'ਤੇ ਰਿਹਾ। ਜਿਸ ਨਾਲ ਸਲਾਨਾ ਖੇਡਾਂ ਦਾ ਪਹਿਲਾ ਦਿਨ ਬਹੁਤ ਹੀ



ਸ਼ਾਨਦਾਰ ਰਿਹਾ। ਇਸ ਮੌਕੇ 'ਤੇ ਸ. ਸੁਖਵਿੰਦਰ ਸਿੰਘ ਅਰੋੜਾ, ਸ. ਸਤਨਾਮ ਸਿੰਘ ਢਿੱਲੋਂ, ਸਰਪੰਚ ਸ .ਮਲਕੀਤ ਸਿੰਘ, ਸ. ਸੁਖਜੀਤ ਸਿੰਘ ਖਾਲਸਾ, ਕੈਪੀਟਲ ਬੈਂਕ ਟਾਂਡੇ ਤੋਂ ਸ .ਗੁਰਪ੍ਰੀਤ ਸਿੰਘ, ਵਾਲੀਵਾਲ ਪੰਜਾਬ ਫੈਡਰੇਸ਼ਨ ਦੇ ਪ੍ਰਧਾਨ ਅਤੇ ਵਾਈਸ ਪ੍ਰਧਾਨ, ਪੱਤਰਕਾਰ ਮੰਚ ਤੋਂ ਸਮੂਹ ਪੱਤਰਕਾਰ, ਪ੍ਰਿੰਸੀਪਲ ਸ ਪਰਵਿੰਦਰ ਸਿੰਘ, ਪ੍ਰਿੰਸੀਪਲ ਸ. ਰਮਨਦੀਪ ਸਿੰਘ, ਪ੍ਰਿੰਸੀਪਲ ਗਾਇਤ੍ਰੀ, ਸਰ ਮਾਰਸ਼ਲ ਸਕੂਲ ਬੈਂਸ ਆਵਾਨ, ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਤੇ ਸਰ ਮਾਰਸ਼ਲ ਕਾਨਵੈਂਟ ਸਕੂਲ ਭਲਿਆਲਾ ਦੇ ਸਟਾਫ਼ ਮੈਂਬਰ ਆਦਿ ਹਾਜ਼ਰ ਸਨ।



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ
46ਵੇਂ ਮਹਾਨ ਨਗਰ ਕੀਰਤਨ
ਅਤੇ ਗੁਰਮਤਿ ਸਮਾਗਮ
ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
2 ਨਵੰਬਰ 2025 ਦਿਨ ਐਤਵਾਰ
ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ
ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਜਥੇਦਾਰ ਪਾਖਰ ਸਿੰਘ ਅਕਾਲੀ
Manhamir Singh Nijjar
ਜਥੇਦਾਰ ਸੌਦਾਗਰ ਸਿੰਘ ਅਕਾਲੀ
ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ
Varinder Singh Nijjar
Jagbir Singh Nijjar
ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ
ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)
ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ
ਨਿੱਝਰ ਬ੍ਰਦਰਜ਼ ਤੇ ਪਰਿਵਾਰ
ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਗੁਰਤਾਗੱਦੀ ਦਿਵਸ ਨੂੰ ਸਮਰਪਿਤ ਅਤੇ ਯੂਬਾ ਸਿਟੀ ਦੇ

# 46ਵੇਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

2 ਨਵੰਬਰ 2025 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਵੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# CHARKHA's

ਦੀ ਚੇਨ ਦੇ ਮਾਲਕ

**Pabla Beverages inc &**
**Pauls Liquors & Markets**



Www.bevstore.com 408-515-5330,
San Jose Morgan Hill Gilroy California



## Surinder Singh Pabla

ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ

ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ

# ਪੂਰੇ ਭਾਰਤ 'ਚ 'ਗੁਰੂ ਚਰਨ ਯਾਤਰਾ' ਦਾ ਭਰਵਾਂ ਸਵਾਗਤ

## ਸੰਗਤਾਂ ਵਲੋਂ ਸ਼ਰਧਾ ਅਤੇ ਸੇਵਾ ਨਾਲ ਕੀਤੇ ਜਾ ਰਹੇ ਪਾਵਨ 'ਜੋੜੇ ਸਾਹਿਬ' ਦੇ ਦਰਸ਼ਨ





ਪ੍ਰਯਾਗਰਾਜ : ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਪਾਵਨ 'ਜੋੜੇ ਸਾਹਿਬ' (ਪਵਿੱਤਰ ਖੜਾਵਾਂ) ਨੂੰ ਲੈ ਕੇ ਸਜਾਈ ਗਈ 'ਚਰਨ ਸੁਹਾਵੇ ਗੁਰੂ ਚਰਨ ਯਾਤਰਾ' ਬੀਤੇ ਦਿਨ (29 ਅਕਤੂਬਰ) ਪ੍ਰਯਾਗਰਾਜ ਪਹੁੰਚੀ। ਇੱਥੇ ਪਹੁੰਚਣ 'ਤੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਨੇ ਯਾਤਰਾ ਦਾ ਬੜੇ ਜੋਸ਼ ਅਤੇ ਸ਼ਰਧਾ ਭਾਵਨਾ ਨਾਲ ਭਰਵਾਂ ਸਵਾਗਤ ਅਤੇ ਦਰਸ਼ਨ ਕੀਤੇ।

ਯਾਤਰਾ ਦੇ ਸਵਾਗਤ ਲਈ ਸੰਗਤਾਂ ਵੱਡੀ ਗਿਣਤੀ ਵਿੱਚ ਇਕੱਠੀਆਂ ਹੋਈਆਂ। ਪਾਵਨ 'ਜੋੜੇ ਸਾਹਿਬ' ਦੇ ਦਰਸ਼ਨਾਂ ਲਈ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਿਆ ਗਿਆ। ਸੰਗਤਾਂ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਅਤੇ ਫੁੱਲਾਂ ਦੀ ਵਰਖਾ ਕਰਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਇਹ ਇਤਿਹਾਸਕ ਯਾਤਰਾ 23 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਮੋਤੀ ਬਾਗ ਸਾਹਿਬ ਤੋਂ ਅਰੰਭ ਹੋਈ ਸੀ। ਇਹ ਯਾਤਰਾ ਵੱਖ-ਵੱਖ ਸ਼ਹਿਰਾਂ ਵਿੱਚੋਂ ਦੀ ਹੁੰਦੀ ਹੋਈ ਪ੍ਰਯਾਗਰਾਜ ਪਹੁੰਚੀ ਹੈ ਅਤੇ 1 ਨਵੰਬਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਵਿਖੇ ਸਮਾਪਤ ਹੋਵੇਗੀ। ਇਸ ਯਾਤਰਾ ਦਾ ਮੁੱਖ ਉਦੇਸ਼ ਸੰਗਤਾਂ ਨੂੰ ਗੁਰੂ ਸਾਹਿਬ ਦੀਆਂ ਪਵਿੱਤਰ ਨਿਸ਼ਾਨੀਆਂ ਦੇ ਦਰਸ਼ਨ ਕਰਵਾਉਣਾ ਹੈ।

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਰਾਫੇਲ ਲੜਾਕੂ ਜਹਾਜ਼ 'ਚ ਭਰੀ ਉਡਾਣ, ਕਿਹਾ - 'ਇੱਕ ਅਭੁੱਲ ਤਜਰਬਾ'





ਅੰਬਾਲਾ : ਭਾਰਤ ਦੇ ਰਾਸ਼ਟਰਪਤੀ ਅਤੇ ਤਿੰਨਾਂ ਸੈਨਾਵਾਂ ਦੇ ਸੁਪਰੀਮ ਕਮਾਂਡਰ ਸ੍ਰੀਮਤੀ ਦ੍ਰੋਪਦੀ ਮੁਰਮੂ ਨੇ ਬੁੱਧਵਾਰ ਨੂੰ ਅੰਬਾਲਾ ਏਅਰ ਫੋਰਸ ਸਟੇਸ਼ਨ 'ਤੇ ਰਾਫੇਲ ਲੜਾਕੂ ਜਹਾਜ਼ ਵਿੱਚ ਇੱਕ ਇਤਿਹਾਸਕ ਉਡਾਣ (ਸੋਰਟੀ) ਭਰੀ। ਇਸ ਉਡਾਣ ਨਾਲ, ਉਹ ਦੋ ਵੱਖ-ਵੱਖ ਲੜਾਕੂ ਜਹਾਜ਼ਾਂ ਵਿੱਚ ਉਡਾਣ ਭਰਨ ਵਾਲੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਣ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ 2023 ਵਿੱਚ ਸੁਖੋਈ-30 MKI ਵਿੱਚ ਉਡਾਣ ਭਰੀ ਸੀ।

ਉਡਾਣ ਭਰਨ ਤੋਂ ਪਹਿਲਾਂ, ਰਾਸ਼ਟਰਪਤੀ ਮੁਰਮੂ ਨੇ ਜੀ-ਸੂਟ ਪਹਿਨ ਕੇ ਏਅਰ ਚੀਫ ਮਾਰਸ਼ਲ ਏਪੀ ਸਿੰਘ (ਖੱਬੇ) ਅਤੇ ਹਵਾਈ ਸੈਨਾ ਦੇ ਹੋਰ ਅਧਿਕਾਰੀਆਂ ਨਾਲ ਤਸਵੀਰ ਖਿਚਵਾਈ।

ਉਡਾਣ ਦੇ ਮੁੱਖ ਅੰਸ਼:

- ਰਾਸ਼ਟਰਪਤੀ ਦੀ ਇਹ ਉਡਾਣ ਕਰੀਬ 30 ਮਿੰਟ ਤੱਕ ਚੱਲੀ।
- ਜਹਾਜ਼ ਨੂੰ 17 ਸਕੁਐਡਰਨ 'ਗੋਲਡਨ ਐਰੋਜ਼' ਦੇ ਕਮਾਂਡਿੰਗ ਅਫਸਰ ਗਰੁੱਪ ਕੈਪਟਨ ਅਮਿਤ ਗੇਹਾਨੀ ਨੇ ਉਡਾਇਆ।
- ਇਸ ਮੌਕੇ ਹਵਾਈ ਸੈਨਾ ਮੁਖੀ ਏਅਰ ਚੀਫ਼ ਮਾਰਸ਼ਲ ਏਪੀ ਸਿੰਘ ਵੀ ਇੱਕ ਵੱਖਰੇ ਰਾਫੇਲ ਜਹਾਜ਼ ਵਿੱਚ ਉਨ੍ਹਾਂ ਦੇ ਨਾਲ ਉਡਾਣ ਭਰ ਰਹੇ ਸਨ।




ਆਪਣੀ ਉਡਾਣ ਤੋਂ ਬਾਅਦ, ਰਾਸ਼ਟਰਪਤੀ ਮੁਰਮੂ ਨੇ ਵਿਜ਼ਿਟਰ ਬੁੱਕ ਵਿੱਚ ਲਿਖਿਆ, 'ਰਾਫੇਲ 'ਤੇ ਇਹ ਉਡਾਣ ਮੇਰੇ ਲਈ ਇੱਕ ਅਭੁੱਲ ਤਜਰਬਾ ਹੈ। ਇਸ ਸ਼ਕਤੀਸ਼ਾਲੀ ਜਹਾਜ਼ 'ਤੇ ਪਹਿਲੀ ਉਡਾਣ ਨੇ ਮੇਰੇ ਅੰਦਰ ਦੇਸ਼ ਦੀ ਰੱਖਿਆ ਸਮਰੱਥਾਵਾਂ 'ਤੇ ਮਾਣ ਦੀ ਨਵੀਂ ਭਾਵਨਾ ਪੈਦਾ ਕੀਤੀ ਹੈ।' ਉਨ੍ਹਾਂ ਨੇ ਇਸ ਸਫ਼ਲ ਆਯੋਜਨ ਲਈ ਭਾਰਤੀ ਹਵਾਈ ਸੈਨਾ ਨੂੰ ਵਧਾਈ ਦਿੱਤੀ।

# ਭਾਰਤ ਅਤੇ ਆਸਟ੍ਰੇਲੀਆ ਦਾ ਸਾਂਝਾ ਫੌਜੀ ਅਭਿਆਸ 'ਆਸਟ੍ਰਾਹਿੰਦ' ਪਰਥ ਵਿਖੇ ਸਮਾਪਤ





ਪਰਥ (ਆਸਟ੍ਰੇਲੀਆ) : ਭਾਰਤੀ ਫੌਜ ਅਤੇ ਆਸਟ੍ਰੇਲੀਆਈ ਫੌਜ ਦਰਮਿਆਨ ਚੱਲ ਰਿਹਾ ਸਾਂਝਾ ਫੌਜੀ ਅਭਿਆਸ 'ਆਸਟ੍ਰਾਹਿੰਦ-2025' (AUSTRAHIND-2025) ਬੀਤੇ ਦਿਨ ਪਰਥ ਦੇ ਇਰਵਿਨ ਬੈਰਕਸ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਪਤੀ ਸਮਾਰੋਹ ਨਾਲ ਸੰਪੰਨ ਹੋ ਗਿਆ।

ਇਹ ਦੋ-ਹਫ਼ਤਿਆਂ ਦਾ ਅਭਿਆਸ 13 ਅਕਤੂਬਰ ਨੂੰ ਸ਼ੁਰੂ ਹੋਇਆ ਸੀ ਅਤੇ 26 ਅਕਤੂਬਰ ਨੂੰ ਸਮਾਪਤ ਹੋਇਆ। ਇਸ ਅਭਿਆਸ ਦਾ ਮੁੱਖ ਉਦੇਸ਼ ਦੋਵਾਂ ਦੇਸ਼ਾਂ ਦੀਆਂ ਫੌਜਾਂ ਦਰਮਿਆਨ ਆਪਸੀ ਤਾਲਮੇਲ ਵਧਾਉਣਾ, ਸਹਿਯੋਗ ਨੂੰ ਮਜ਼ਬੂਤ ਕਰਨਾ ਅਤੇ ਅੱਤਵਾਦ-ਵਿਰੋਧੀ ਕਾਰਵਾਈਆਂ, ਖਾਸ ਕਰਕੇ ਸ਼ਹਿਰੀ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ, ਲਈ ਸਾਂਝੀਆਂ ਰਣਨੀਤੀਆਂ ਦਾ ਅਦਾਨ-ਪ੍ਰਦਾਨ ਕਰਨਾ ਸੀ।

ਸਮਾਪਤੀ ਸਮਾਰੋਹ ਦੌਰਾਨ, ਦੋਵਾਂ ਦੇਸ਼ਾਂ ਦੇ ਫੌਜੀ ਜਵਾਨਾਂ ਨੇ ਇਕੱਠੇ ਇੱਕ ਗਰੁੱਪ ਫੋਟੋ ਖਿਚਵਾਈ, ਜੋ ਇਸ ਅਭਿਆਸ ਦੀ ਸਫਲਤਾ ਅਤੇ ਦੋਸਤੀ ਦਾ ਪ੍ਰਤੀਕ ਹੈ। ਇਸ ਮੌਕੇ 'ਤੇ ਆਸਟ੍ਰੇਲੀਆ ਦੇ ਦੂਜੇ ਡਿਵੀਜ਼ਨ ਦੇ ਕਮਾਂਡਰ ਮੇਜਰ ਜਨਰਲ ਮੈਟ ਬਰ ਸਮੇਤ ਦੋਵਾਂ ਫੌਜਾਂ ਦੇ ਸੀਨੀਅਰ ਅਧਿਕਾਰੀ ਅਤੇ ਭਾਰਤੀ ਭਾਈਚਾਰੇ ਦੇ ਮੈਂਬਰ ਮੌਜੂਦ ਸਨ।

ਭਾਰਤੀ ਫੌਜ ਦੇ 120 ਜਵਾਨਾਂ ਦੇ ਦਲ ਨੇ ਇਸ ਅਭਿਆਸ ਵਿੱਚ ਹਿੱਸਾ ਲਿਆ, ਜਿਸ ਦੀ ਅਗਵਾਈ ਗੋਰਖਾ ਰਾਈਫਲਜ਼ ਦੀ ਇੱਕ ਬਟਾਲੀਅਨ ਨੇ ਕੀਤੀ। ਇਸ ਸਫਲ ਅਭਿਆਸ ਨੇ ਭਾਰਤ ਅਤੇ ਆਸਟ੍ਰੇਲੀਆ ਦਰਮਿਆਨ ਰੱਖਿਆ ਸਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਹੈ।

# ਟਰੰਪ ਨੇ ਸ਼ੀ ਜਿਨਪਿੰਗ ਨਾਲ ਮੁਲਾਕਾਤ ਤੋਂ ਕੁਝ ਮਿੰਟ ਪਹਿਲਾਂ ਪ੍ਰਮਾਣੂ ਪ੍ਰੀਖਣ ਮੁੜ ਸ਼ੁਰੂ ਕਰਨ ਦਾ ਹੁਕਮ ਦਿੱਤਾ




ਬੁਸਾਨ, ਦੱਖਣੀ ਕੋਰੀਆ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਇੱਕ ਹੈਰਾਨਕੁੰਨ ਕਦਮ ਚੁੱਕਦਿਆਂ ਐਲਾਨ ਕੀਤਾ ਕਿ ਉਨ੍ਹਾਂ ਨੇ ਅਮਰੀਕੀ ਫੌਜ ਨੂੰ ਪ੍ਰਮਾਣੂ ਹਥਿਆਰਾਂ ਦੇ ਪ੍ਰੀਖਣ ਮੁੜ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ, ਜਿਸ ਨਾਲ 1992 ਤੋਂ ਚੱਲੀ ਆ ਰਹੀ ਅਮਰੀਕੀ ਰੋਕ (moratorium) ਖਤਮ ਹੋ ਜਾਵੇਗੀ। ਇਹ ਚਿੰਤਾਜਨਕ ਐਲਾਨ ਉਨ੍ਹਾਂ ਦੀ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਦੱਖਣੀ ਕੋਰੀਆ ਵਿੱਚ ਹੋਣ ਵਾਲੀ ਉੱਚ-ਪੱਧਰੀ ਮੀਟਿੰਗ ਤੋਂ ਕੁਝ ਹੀ ਮਿੰਟ ਪਹਿਲਾਂ ਆਇਆ।

**ਟਰੰਪ ਦਾ ਸੋਸ਼ਲ ਮੀਡੀਆ ਐਲਾਨ**

ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' (Truth Social) 'ਤੇ ਇੱਕ ਪੋਸਟ ਵਿੱਚ ਲਿਖਿਆ:

'ਦੂਜੇ ਦੇਸ਼ਾਂ ਦੇ ਪ੍ਰੀਖਣ ਪ੍ਰੋਗਰਾਮਾਂ ਦੇ ਕਾਰਨ, ਮੈਂ ਯੁੱਧ ਵਿਭਾਗ (Department of War) ਨੂੰ 'ਬਰਾਬਰ ਦੇ ਅਧਾਰ' ('on an equal basis') 'ਤੇ ਸਾਡੇ ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਸ਼ੁਰੂ ਕਰਨ ਦਾ ਨਿਰਦੇਸ਼ ਦਿੱਤਾ ਹੈ। ਇਹ ਪ੍ਰਕਿਰਿਆ ਤੁਰੰਤ ਸ਼ੁਰੂ ਹੋਵੇਗੀ।'

ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਅਮਰੀਕਾ ਕੋਲ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਪ੍ਰਮਾਣੂ ਹਥਿਆਰ ਹਨ। ਉਨ੍ਹਾਂ ਕਿਹਾ, 'ਰੂਸ ਦੂਜੇ ਨੰਬਰ 'ਤੇ ਹੈ, ਅਤੇ ਚੀਨ ਬਹੁਤ ਪਿੱਛੇ ਤੀਜੇ ਨੰਬਰ 'ਤੇ ਹੈ, ਪਰ 5 ਸਾਲਾਂ ਦੇ ਅੰਦਰ ਬਰਾਬਰੀ ਕਰ ਲਵੇਗਾ।'

**ਐਲਾਨ ਦਾ ਸਮਾਂ ਅਤੇ ਸੰਦਰਭ**

ਇਹ ਐਲਾਨ ਅਜਿਹੇ ਸਮੇਂ 'ਤੇ ਆਇਆ ਹੈ ਜਦੋਂ ਟਰੰਪ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (APEC) ਸੰਮੇਲਨ ਦੇ ਮੌਕੇ 'ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਲਈ ਬੁਸਾਨ, ਦੱਖਣੀ ਕੋਰੀਆ ਪਹੁੰਚੇ ਸਨ। ਇਸ ਮੀਟਿੰਗ ਦਾ ਮੁੱਖ ਏਜੰਡਾ ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੇ ਵਪਾਰਕ ਤਣਾਅ ਨੂੰ ਘੱਟ ਕਰਨਾ ਸੀ।

ਟਰੰਪ ਦਾ ਇਹ ਕਦਮ ਰੂਸ ਵੱਲੋਂ ਹਾਲ ਹੀ ਵਿੱਚ ਕੀਤੇ ਗਏ ਪ੍ਰਮਾਣੂ-ਸਮਰੱਥ ਹਥਿਆਰਾਂ ਦੇ ਪ੍ਰੀਖਣਾਂ ਦੇ ਜਵਾਬ ਵਜੋਂ ਦੇਖਿਆ ਜਾ ਰਿਹਾ ਹੈ। ਰੂਸ ਨੇ ਹਾਲ ਹੀ ਵਿੱਚ ਆਪਣੀ 'ਬੁਰੇਵੇਸਟਨਿਕ' (Burevestnik) ਨਾਮ ਦੀ ਪ੍ਰਮਾਣੂ-ਸੰਚਾਲਿਤ ਕਰੂਜ਼ ਮਿਜ਼ਾਈਲ ਅਤੇ 'ਪੋਸਾਈਡਨ' (Poseidon) ਨਾਮ ਦੇ ਪ੍ਰਮਾਣੂ-ਸੰਚਾਲਿਤ ਪਾਣੀ ਹੇਠਲੇ ਡਰੋਨ ਦੇ ਸਫਲ ਪ੍ਰੀਖਣਾਂ ਦਾ ਐਲਾਨ ਕੀਤਾ ਸੀ।

**ਨੀਤੀ ਵਿੱਚ ਵੱਡਾ ਬਦਲਾਅ**

ਅਮਰੀਕਾ ਨੇ 1992 ਤੋਂ ਬਾਅਦ ਕਿਸੇ ਵੀ ਪ੍ਰਮਾਣੂ ਹਥਿਆਰ ਦਾ ਧਮਾਕਾ ਕਰਕੇ ਪ੍ਰੀਖਣ ਨਹੀਂ ਕੀਤਾ ਹੈ। ਉਦੋਂ ਤੋਂ ਅਮਰੀਕਾ ਆਪਣੇ ਪ੍ਰਮਾਣੂ ਜ਼ਖੀਰੇ ਦੀ ਭਰੋਸੇਯੋਗਤਾ ਨੂੰ ਪਰਖਣ ਲਈ ਕੰਪਿਊਟਰ ਸਿਮੂਲੇਸ਼ਨਾਂ ਅਤੇ ਹੋਰ ਗੈਰ-ਧਮਾਕਾਖੇਜ਼ ਤਰੀਕਿਆਂ 'ਤੇ ਨਿਰਭਰ ਕਰਦਾ ਆ ਰਿਹਾ ਹੈ। ਟਰੰਪ ਦਾ ਇਹ ਹੁਕਮ ਤਿੰਨ ਦਹਾਕਿਆਂ ਤੋਂ ਵੱਧ ਪੁਰਾਣੀ ਅਮਰੀਕੀ ਨੀਤੀ ਨੂੰ ਪੂਰੀ ਤਰ੍ਹਾਂ ਬਦਲ ਦੇਵੇਗਾ।

**ਪ੍ਰਤੀਕਿਰਿਆ ਅਤੇ ਚਿੰਤਾਵਾਂ**

ਇਸ ਐਲਾਨ ਨੇ ਹਥਿਆਰ ਕੰਟਰੋਲ ਮਾਹਿਰਾਂ ਵਿੱਚ ਤੁਰੰਤ ਖਤਰੇ ਦੀ ਘੰਟੀ ਵਜਾ ਦਿੱਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਕਦਮ ਬੇਹੱਦ ਖ਼ਤਰਨਾਕ ਹੈ ਅਤੇ ਇਹ ਰੂਸ ਤੇ ਚੀਨ ਨੂੰ ਵੀ ਅਜਿਹੇ ਕਦਮ ਚੁੱਕਣ ਲਈ ਉਕਸਾ ਸਕਦਾ ਹੈ, ਜਿਸ ਨਾਲ ਦੁਨੀਆ ਭਰ ਵਿੱਚ ਪ੍ਰਮਾਣੂ ਹਥਿਆਰਾਂ ਦੀ ਇੱਕ ਨਵੀਂ ਦੌੜ ਸ਼ੁਰੂ ਹੋ ਸਕਦੀ ਹੈ।

ਜਦੋਂ ਰਾਸ਼ਟਰਪਤੀ ਟਰੰਪ ਅਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਮੀਟਿੰਗ ਲਈ ਬੈਠੇ, ਤਾਂ ਇੱਕ ਪੱਤਰਕਾਰ ਨੇ ਟਰੰਪ ਨੂੰ ਉਨ੍ਹਾਂ ਦੀ ਸੋਸ਼ਲ ਮੀਡੀਆ ਪੋਸਟ ਬਾਰੇ ਸਵਾਲ ਪੁੱਛਿਆ, ਪਰ ਟਰੰਪ ਨੇ ਇਸਦਾ ਕੋਈ ਜਵਾਬ ਨਹੀਂ ਦਿੱਤਾ। ਵ ?ਹਾਈਟ ਹਾਊਸ ਜਾਂ ਪੈਂਟਾਗਨ (ਅਮਰੀਕੀ ਰੱਖਿਆ ਵਿਭਾਗ) ਵੱਲੋਂ ਅਜੇ ਤੱਕ ਇਸ ਬਾਰੇ ਕੋਈ ਹੋਰ ਵੇਰਵਾ ਜਾਂ ਸਪੱਸ਼ਟੀਕਰਨ ਜਾਰੀ ਨਹੀਂ ਕੀਤਾ ਗਿਆ ਹੈ।

## ਰੀਓ ਡੀ ਜਨੇਰੀਓ 'ਚ ਇਤਿਹਾਸ ਦੀ ਸਭ ਤੋਂ ਘਾਤਕ ਪੁਲਿਸ ਕਾਰਵਾਈ

# ਮਰਨ ਵਾਲਿਆਂ ਦੀ ਗਿਣਤੀ 132 ਹੋਈ, 'ਕਤਲੇਆਮ' ਦੇ ਦੋਸ਼ਾਂ 'ਤੇ ਜਨਤਾ 'ਚ ਭਾਰੀ ਰੋਸ

ਰੀਓ ਡੀ ਜਨੇਰੀਓ (ਬ੍ਰਾਜ਼ੀਲ), (ਸਾਡੇ ਲੋਕ)– : ਬ੍ਰਾਜ਼ੀਲ ਦੇ ਸ਼ਹਿਰ ਰੀਓ ਡੀ ਜਨੇਰੀਓ ਵਿੱਚ ਨਸ਼ਾ ਤਸਕਰਾਂ ਦੇ ਗਿਰੋਹਾਂ ਦੇ ਖਿਲਾਫ ਪੁਲਿਸ ਦੀ ਇੱਕ ਵੱਡੀ ਕਾਰਵਾਈ ਵਿੱਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 132 ਹੋ ਗਈ ਹੈ। ਸਟੇਟ ਪਬਲਿਕ ਡਿਫੈਂਡਰ ਦੇ ਦਫਤਰ ਨੇ ਬੁੱਧਵਾਰ ਨੂੰ ਇਸ ਅੰਕੜੇ ਦੀ ਪੁਸ਼ਟੀ ਕੀਤੀ, ਜਿਸ ਨਾਲ ਇਹ ਬ੍ਰਾਜ਼ੀਲ ਦੇ ਇਤਿਹਾਸ ਦੀ ਸਭ ਤੋਂ ਖੂਨੀ ਪੁਲਿਸ ਕਾਰਵਾਈ ਬਣ ਗਈ ਹੈ। ਇਸ ਘਟਨਾ ਤੋਂ ਬਾਅਦ ਪੂਰੇ ਸ਼ਹਿਰ ਵਿੱਚ ਭਾਰੀ ਗੁੱਸਾ ਅਤੇ ਰੋਸ ਹੈ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਇਸ ਨੂੰ 'ਕਤਲੇਆਮ' ਕਰਾਰ ਦਿੱਤਾ ਜਾ ਰਿਹਾ ਹੈ।

ਕੀ ਹੋਇਆ ?

ਇਹ ਆਪ੍ਰੇਸ਼ਨ, ਜਿਸ ਵਿੱਚ 2,500 ਸਿਵਲ ਅਤੇ ਮਿਲਟਰੀ ਪੁਲਿਸ ਅਧਿਕਾਰੀ ਸ਼ਾਮਲ ਸਨ, ਮੰਗਲਵਾਰ ਤੜਕੇ ਸ਼ੁਰੂ ਹੋਇਆ। ਇਸਦਾ ਨਿਸ਼ਾਨਾ ਉੱਤਰੀ ਰੀਓ ਦੇ ਅਲੇਮਾਓ (Alemão) ਅਤੇ ਪੇਨਹਾ (Penha) 'ਫਵੇਲਾ' (ਗਰੀਬ ਬਸਤੀਆਂ) ਵਿੱਚ ਸਰਗਰਮ 'ਕਮਾਂਡੋ ਵਰਮੇਲਹੋ' (ਰੈੱਡ ਕਮਾਂਡ) ਨਾਮਕ ਗਿਰੋਹ ਸੀ।

ਪੁਲਿਸ ਨੇ ਹਥਿਆਰਬੰਦ ਵਾਹਨਾਂ, ਹੈਲੀਕਾਪਟਰਾਂ ਅਤੇ ਡਰੋਨਾਂ ਦੀ ਵਰਤੋਂ ਕੀਤੀ। ਜਵਾਬੀ ਕਾਰਵਾਈ ਵਿੱਚ, ਗਿਰੋਹ ਦੇ ਮੈਂਬਰਾਂ ਨੇ ਗੋਲੀਬਾਰੀ ਕੀਤੀ, ਬੱਸਾਂ ਨੂੰ ਅੱਗ ਲਗਾ ਕੇ ਸੜਕਾਂ 'ਤੇ ਬੈਰੀਕੇਡ ਬਣਾਏ ਅਤੇ ਪੁਲਿਸ 'ਤੇ ਹਮਲਾ ਕਰਨ ਲਈ ਡਰੋਨਾਂ ਦੀ ਵਰਤੋਂ ਵੀ ਕੀਤੀ।

**ਵਿਵਾਦ ਅਤੇ ਮੌਤਾਂ ਦਾ ਵਾਧਾ**

ਸ਼ੁਰੂਆਤੀ ਤੌਰ 'ਤੇ ਮੰਗਲਵਾਰ ਨੂੰ ਮਰਨ ਵਾਲਿਆਂ ਦੀ ਗਿਣਤੀ 64 (60 ਸ਼ੱਕੀ ਅਤੇ 4 ਪੁਲਿਸ ਅਧਿਕਾਰੀ) ਦੱਸੀ ਗਈ ਸੀ। ਪਰ, ਮੌਤਾਂ ਦਾ ਅੰਕੜਾ ਉਸ ਸਮੇਂ ਨਾਟਕੀ ਢੰਗ ਨਾਲ ਵਧ ਗਿਆ ਜਦੋਂ ਸਥਾਨਕ ਵਸਨੀਕਾਂ ਨੇ ਬੁੱਧਵਾਰ ਸਵੇਰੇ ਨੇੜੇ ਦੇ ਜੰਗਲੀ ਇਲਾਕੇ 'ਚੋਂ 70 ਤੋਂ ਵੱਧ ਵਾਧੂ ਲਾਸ਼ਾਂ ਲੱਭੀਆਂ। ਵਸਨੀਕਾਂ ਨੇ ਇਨ੍ਹਾਂ ਲਾਸ਼ਾਂ ਨੂੰ ਪਛਾਣ ਲਈ ਇੱਕ ਜਨਤਕ ਚੌਕ ਵਿੱਚ ਲਿਆ ਕੇ ਰੱਖ ਦਿੱਤਾ।




'ਕਤਲੇਆਮ' ਦੇ ਦੋਸ਼

ਮਨੁੱਖੀ ਅਧਿਕਾਰ ਸੰਗਠਨਾਂ ਅਤੇ ਵਸਨੀਕਾਂ ਨੇ ਇਸ ਨੂੰ ਯੋਜਨਾਬੱਧ 'ਕਤਲੇਆਮ' (massacre) ਕਰਾਰ ਦਿੱਤਾ ਹੈ। ਰਿਪੋਰਟਾਂ ਅਨੁਸਾਰ, ਕਈ ਪੀੜਤਾਂ ਨੂੰ ਨੇੜਿਓਂ ਗੋਲੀਆਂ ਮਾਰੀਆਂ ਗਈਆਂ ਸਨ, ਅਤੇ ਕੁਝ ਦੇ ਸਰੀਰ 'ਤੇ ਚਾਕੂ ਦੇ ਜ਼ਖ਼ਮ ਸਨ।

ਇੱਕ ਸਥਾਨਕ ਵਸਨੀਕ ਨੇ ਮੀਡੀਆ ਨੂੰ ਦੱਸਿਆ, 'ਇਹ ਕੋਈ ਆਪ੍ਰੇਸ਼ਨ ਨਹੀਂ ਸੀ, ਇਹ ਇੱਕ ਕਤਲੇਆਮ ਸੀ। ਉਨ੍ਹਾਂ ਨੇ ਲੋਕਾਂ ਨੂੰ ਫੜ ਕੇ ਮਾਰ ਦਿੱਤਾ।'

ਸਰਕਾਰੀ ਪ੍ਰਤੀਕਿਰਿਆ

**ਇਸ ਘਟਨਾ 'ਤੇ ਸਿਆਸੀ ਪ੍ਰਤੀਕਿਰਿਆ ਵੰਡੀ ਹੋਈ ਹੈ:**

- **ਰਾਜ ਦੇ ਗਵਰਨਰ:** ਰੀਓ ਦੇ ਗਵਰਨਰ, ਕਲੌਡੀਓ ਕਾਸਤਰੋ (Cláudio Castro) ਨੇ ਕਾਰਵਾਈ ਦਾ ਬਚਾਅ ਕਰਦਿਆਂ ਇਸਨੂੰ 'ਨਸ਼ਾ-ਅੱਤਵਾਦ' (narco-terrorism) ਵਿਰੁੱਧ ਇੱਕ 'ਸਫਲਤਾ' ਦੱਸਿਆ। ਉਨ੍ਹਾਂ ਕਿਹਾ ਕਿ ਮਾਰੇ ਗਏ ਚਾਰ ਪੁਲਿਸ ਅਧਿਕਾਰੀਆਂ ਤੋਂ ਇਲਾਵਾ 'ਸਿਰਫ ਅਪਰਾਧੀ' ਮਾਰੇ ਗਏ ਹਨ।
- **ਸੰਘੀ ਸਰਕਾਰ:** ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਡਾ. ਸਿਲਵਾ ਦੀ ਸਰਕਾਰ ਨੇ ਇਸ ਘਟਨਾ 'ਤੇ 'ਡੂੰਘਾ ਸਦਮਾ' ਪ੍ਰਗਟ ਕੀਤਾ ਹੈ। ਨਿਆਂ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਏਨੀ ਵੱਡੀ ਕਾਰਵਾਈ ਬਾਰੇ ਪਹਿਲਾਂ ਤੋਂ ਸੂਚਿਤ ਨਹੀਂ ਕੀਤਾ ਗਿਆ ਸੀ।
- **ਸੰਯੁਕਤ ਰਾਸ਼ਟਰ (UN):** ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦਫ਼ਤਰ ਨੇ ਵੀ ਇਸ 'ਭਿਆਨਕ' ਘਟਨਾ ਦੀ ਨਿੰਦਾ ਕੀਤੀ ਹੈ ਅਤੇ ਪਾਰਦਰਸ਼ੀ ਜਾਂਚ ਦੀ ਮੰਗ ਕੀਤੀ ਹੈ।

ਇਸ ਘਟਨਾ ਨੇ ਬ੍ਰਾਜ਼ੀਲ ਦੇ ਇਤਿਹਾਸ ਵਿੱਚ 1992 ਦੇ ਕੁਖਿਆਤ ਕਾਰਾਂਦਿਰੂ ਜੇਲ੍ਹ ਕਤਲੇਆਮ (ਜਿਸ ਵਿੱਚ 111 ਕੈਦੀ ਮਾਰੇ ਗਏ ਸਨ) ਅਤੇ ਰੀਓ ਦੇ ਆਪਣੇ 2021 ਦੇ ਜੈਕਾਰੇਜ਼ੀਨਹੋ ਛਾਪੇ (28 ਮੌਤਾਂ) ਦੇ ਰਿਕਾਰਡ ਨੂੰ ਪਿੱਛੇ ਛੱਡ ਦਿੱਤਾ ਹੈ।

# ਅਮਰੀਕੀ ਪ੍ਰਸ਼ਾਸਨ ਵੱਲੋਂ ਇਕ ਹੋਰ ਕਰਾਰਾ ਝਟਕਾ ! ਲੱਖਾਂ ਪ੍ਰਵਾਸੀਆਂ ਲਈ ਵੱਜੀ ਖ਼ਤਰੇ ਦੀ ਘੰਟੀ

ਵਾਸ਼ਿੰਗਟਨ (ਰਾਜ ਗੋਗਨਾ) : ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (Department of Homeland Security) ਨੇ ਇੱਕ ਵੱਡਾ ਐਲਾਨ ਕਰਦਿਆਂ ਵਿਦੇਸ਼ੀ ਕਾਮਿਆਂ ਲਈ ਵਰਕ ਪਰਮਿਟ ਦੀ ਆਟੋਮੈਟਿਕ ਐਕਸਟੈਂਸ਼ਨ (Automatic Extension) ਦੀ ਸਹੂਲਤ ਨੂੰ ਖ਼ਤਮ ਕਰ ਦਿੱਤਾ ਹੈ। ਇਸ ਬਦਲਾਅ ਦਾ ਅਸਰ ਲੱਖਾਂ ਪ੍ਰਵਾਸੀਆਂ 'ਤੇ ਪੈਣ ਦੀ ਉਮੀਦ ਹੈ, ਖਾਸ ਕਰਕੇ ਭਾਰਤੀਆਂ 'ਤੇ, ਜੋ ਅਮਰੀਕਾ ਵਿੱਚ ਵਿਦੇਸ਼ੀ ਕਰਮਚਾਰੀਆਂ ਦਾ ਇੱਕ ਵੱਡਾ ਹਿੱਸਾ ਹਨ। ਵਿਭਾਗ ਦੇ ਬਿਆਨ ਅਨੁਸਾਰ, ਜਿਹੜੇ ਪ੍ਰਵਾਸੀ 30 ਅਕਤੂਬਰ, 2025 ਨੂੰ ਜਾਂ ਉਸ ਤੋਂ ਬਾਅਦ ਆਪਣੇ ਵਰਕ ਪਰਮਿਟ ਨੂੰ ਰਿਨਿਊ ਕਰਨ ਲਈ ਅਰਜ਼ੀ ਦੇਣਗੇ, ਉਨ੍ਹਾਂ ਨੂੰ ਹੁਣ ਆਟੋਮੈਟਿਕ ਐਕਸਟੈਂਸ਼ਨ ਨਹੀਂ ਮਿਲੇਗੀ। ਹਾਲਾਂਕਿ, ਜਿਹੜੇ ਵਰਕ ਪਰਮਿਟ ਇਸ ਤਾਰੀਖ ਤੋਂ ਪਹਿਲਾਂ ਵਧਾਏ ਗਏ ਹਨ, ਉਹ ਵੈਲਿਡ ਰਹਿਣਗੇ।



ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਇਹ ਨਵਾਂ ਨਿਯਮ ਦੇਸ਼ ਨੂੰ ਸੁਰੱਖਿਅਤ ਰੱਖਣ ਅਤੇ ਰਾਸ਼ਟਰੀ ਸੁਰੱਖਿਆ ਦੀ ਰੱਖਿਆ ਲਈ ਮਜ਼ਬੂਤ ਜਾਂਚ 'ਤੇ ਕੇਂਦ੍ਰਿਤ ਹੈ। ਇਹ ਫੈਸਲਾ ਸਾਬਕਾ ਰਾਸ਼ਟਰਪਤੀ ਬਾਈਡਨ ਦੇ ਪ੍ਰਸ਼ਾਸਨ ਦੇ ਅਧੀਨ ਲਾਗੂ ਕੀਤੀ ਗਈ ਪਿਛਲੀ ਨੀਤੀ ਨੂੰ ਖਤਮ ਕਰਦਾ ਹੈ। ਬਾਈਡਨ ਪ੍ਰਸ਼ਾਸਨ ਦੀ ਨੀਤੀ ਤਹਿਤ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਕੰਮ ਜਾਰੀ ਰੱਖਣ ਦੀ ਇਜਾਜ਼ਤ ਮਿਲ ਜਾਂਦੀ ਸੀ, ਬਸ਼ਰਤੇ ਉਨ੍ਹਾਂ ਨੇ ਸਮੇਂ ਸਿਰ ਨਵੀਨੀਕਰਨ ਲਈ ਅਰਜ਼ੀ ਦਿੱਤੀ ਹੋਵੇ।

# ਸ਼ਿਪਰਾ ਵਰਮਾ ਬ੍ਰਿਟਿਸ਼ ਕੋਲੰਬੀਆ ਦੀ ਮੁੱਖ ਚੋਣ ਅਧਿਕਾਰੀ ਬਣੀ

ਐਬਟਸਫੋਰਡ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਲੈਫਟੀਨੈਂਟ ਗਵਰਨਰ ਵੈਂਡੀ ਲਿਸਰਾਰ ਕੋਕਚੀਆ ਨੇ ਸਰਬ ਪਾਰਟੀ ਵਿਧਾਇਕਾਂ ਵਲੋਂ ਸਰਬ ਸੰਮਤੀ ਨਾਲ ਕੀਤੀ ਗਈ ਸਿਫਾਰਸ਼ 'ਤੇ ਭਾਰਤੀ ਮੂਲ ਦੀ ਉੱਘੀ ਚਾਰਟਡ ਪ੍ਰੋਫ਼ੈਸ਼ਨਲ ਅਕਾਊਂਟੈਂਟ ਸ਼ਿਪਰਾ ਵਰਮਾ ਨੂੰ ਬ੍ਰਿਟਿਸ਼ ਕੋਲੰਬੀਆ ਦੀ ਮੁੱਖ ਚੋਣ ਅਧਿਕਾਰੀ ਨਿਯੁਕਤ ਕੀਤਾ ਹੈ। ਇਸ ਵਕਾਰੀ ਅਹੁਦੇ 'ਤੇ ਨਿਯੁਕਤ ਹੋਣ ਵਾਲੀ ਪਹਿਲੀ ਔਰਤ ਹੈ। ਸ਼ਿਪਰਾ ਵਰਮਾ ਦੀ ਨਿਯੁਕਤੀ ਦੋ ਵਾਰ ਚੋਣਾਂ ਕਰਵਾਉਣ 'ਤੇ ਇਕ ਸਾਲ ਵਾਸਤੇ ਕੀਤੀ ਗਈ ਹੈ। ਪਹਿਲੀ ਅਪ੍ਰੈਲ 1947 ਨੂੰ ਫਰੈਡਰਿੱਕ ਹਰਲਡ ਹਰਲੇ ਨੂੰ ਬ੍ਰਿਟਿਸ਼ ਕੋਲੰਬੀਆ ਦਾ ਪਹਿਲਾ ਚੋਣ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ ਜਿਹੜੇ 1 ਜੂਨ 1968 ਤੱਕ ਇਸ ਅਹੁਦੇ 'ਤੇ ਰਹੇ ਅਤੇ ਬੀਤੇ 78 ਸਾਲਾਂ ਵਿਚ ਬ੍ਰਿਟਿਸ਼ ਕੋਲੰਬੀਆ ਦੇ ਕੁੱਲ 7 ਪੁਰਸ਼ ਹੀ ਮੁੱਖ ਚੋਣ ਅਧਿਕਾਰੀ ਰਹੇ ਹਨ।



ਮੈਨੀਟੋਬਾ ਸੂਬੇ ਦੀ ਮੁੱਖ ਚੋਣ ਅਧਿਕਾਰੀ ਰਹੀ ਸ਼ਿਪਰਾ ਵਰਮਾ ਚਿਲਡਰਨਜ਼ ਹੌਸਪੀਟਲ ਫਾਊਂਡੇਸ਼ਨ ਅਤੇ ਕੌਂਸਲ ਆਫ਼ ਇੰਜੀਨੀਅਰਜ਼ ਜੀਓਸਾਇੰਸਟਿਸਟ ਮੈਨੀਟੋਬਾ ਦੀ ਬੋਰਡ ਮੈਂਬਰ ਤੇ ਕੌਂਸਲਰ ਰਹਿ ਚੁੱਕੀ ਹੈ। ਸ਼ਿਪਰਾ ਵਰਮਾ 12 ਨਵੰਬਰ ਨੂੰ ਬ੍ਰਿਟਿਸ਼ ਕੋਲੰਬੀਆ ਦੀ ਮੁੱਖ ਚੋਣ ਅਧਿਕਾਰੀ ਵਜੋਂ ਆਪਣਾ ਅਹੁਦਾ ਸੰਭਾਲੇਗੀ।


## NAME OF CHANGE

I, Vikas S/o Ramesh Puri, H.No. 262 Mohalla Bagh Wala PO and PS Shahkot, Jalandhar Pin : 144702, Punjab, India, Now R/o 5124, Canada Hills Rd Antioch CA 94531, USA have changed my name of Vikas Puri.

# ਸਾਕਾ ਪੰਜਾ ਸਾਹਿਬ

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਪਿਆਰ ਸੇਵਾ ਅਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਸੁਨੇਹਾ ਮਨੁੱਖਤਾ ਨੂੰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਰਧਾਲੂਆਂ ਨੂੰ ਜਾਤ ਪਾਤ ਤੋਂ ਉਪਰ ਉਠ ਕੇ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਕੁਰਬਾਨੀ ਅਤੇ ਸੇਵਾ ਦੀ ਭਾਵਨਾ ਦੀ ਜਾਚ ਸਿਖਾਈ। ਇਨ੍ਹਾਂ ਉਪਦੇਸ਼ਾਂ 'ਤੇ ਚਲਦੇ ਹੋਏ ਬਹੁਤ ਸਾਰੇ ਦੂਸਰੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿਚ ਸ਼ਾਮਲ ਹੋਣ ਲੱਗ ਪਏ। ਸਿੱਖ ਧਰਮ ਦੀ ਇਸ ਲੋਕਪ੍ਰਿਅਤਾ ਨੂੰ ਵੇਖਕੇ ਮੁਗਲ ਹਾਕਮਾਂ ਨੇ ਜਬਰੀ ਧਰਮ ਪ੍ਰੀਵਰਤਨ ਹੇਠ ਜ਼ੁਲਮ ਢਾਹੇ। ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀਆਂ ਕਸਮਾਂ ਖਾਧੀਆਂ ਜਾਂਦੀਆਂ। ਸਮੇਂ ਦੀ ਇਸ ਕ੍ਰੋਪੀ ਤੋਂ ਬਚਣ ਲਈ ਸਿੰਘ ਸੁਰੱਖਿਅਤ ਥਾਵਾ ਪਹਾੜਾਂ ਅਤੇ ਜੰਗਲਾਂ ਵਲ ਚਲੇ ਗਏ। ਗੁਰਧਾਮਾਂ ਦੀ ਸੇਵਾ ਸੰਭਾਲ ਉਦਾਸੀ ਸਿੱਖਾਂ ਅਤੇ ਸਹਿਜਧਾਰੀ ਸਿੱਖਾਂ ਨੇ ਸੰਭਾਲੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਡੋਗਰਿਆਂ ਨੇ ਗੁਰਦੁਆਰਾ ਪ੍ਰਬੰਧ ਵਿਗਾੜ ਕੇ ਰੱਖ ਦਿਦੱਤਾ। ਫਿਰ ਅੰਗਰੇਜ਼ੀ ਰਾਜ ਵਿਚ ਅੰਗਰੇਜ਼ਾਂ ਨੇ ਇਸਾਈ ਕੇਂਦਰ ਖੋਲ੍ਹਣੇ ਸ਼ੁਰੂ ਕਰ ਦਿੱਤੇ ਤਾਂ ਜੋ ਲੋਕ ਇਸਾਈ ਹੋ ਜਾਣ ਅਤੇ ਵਿਦਰੋਹ ਖਤਮ ਹੋ ਜਾਵੇ। ਇਸ ਨਾਲ ਕੁਝ ਸਿੱਖ ਨੌਜਵਾਨ ਵੀ ਈਸਾਈ ਧਰਮ ਵਿਚ ਜਾਣ ਲਈ ਤਿਆਰ ਹੋ ਗਏ, ਜਿਨ੍ਹਾਂ ਨੂੰ ਬੜਾ ਸਮਝਾ ਕੇ ਰੋਕ ਲਿਆ ਗਿਆ।

ਅੰਗਰੇਜ਼ੀ ਰਾਜ ਵਿਚ ਗੁਰਦੁਆਰੇ ਸਰਕਾਰ ਦੇ ਹੱਥਾਂ ਵਿਚ ਚਲੇ ਗਏ। ਉਨ੍ਹਾਂ ਨੇ ਮਹੰਤਾਂ ਨੂੰ ਸ਼ਹਿ ਦੇ ਕੇ ਗੁਰਦੁਆਰਿਆਂ ਨੂੰ ਉਨ੍ਹਾਂ ਦੀ ਨਿੱਜੀ ਜਾਇਦਾਦ ਬਣਾ ਦਿੱਤਾ। ਉਹ ਆਪਣੀਆਂ ਹੀ ਦੁਕਾਨਾਂ ਚਲਾਉਣ ਲੱਗ। ਉਨ੍ਹਾਂ ਨੇ ਮਨਮਰਜ਼ੀ ਨਾਲ ਐਸ਼ ਦੇ ਅੱਡੇ ਬਣਾ ਲਏ। ਸਿਗਰਟ, ਤਮਾਕੂ, ਨਸ਼ੇ ਦੀ ਖੁੱਲ੍ਹੇਆਮ ਵਰਤੋਂ ਹੋਣ ਲੱਗੀ। ਨਾਚ-ਗਾਉਣ ਚੱਲਣ ਲੱਗਾ, ਔਰਤਾਂ ਦੀ ਬੇਪਤੀ ਦੀਆਂ ਖ਼ਬਰਾਂ ਆਉਣ ਲੱਗੀਆਂ। ਪ੍ਰਚਲਤ ਕੁਰੀਤੀਆਂ ਦਾ ਬੋਲਬਾਲਾ ਹੋ ਗਿਆ। ਮੂਰਤੀਆਂ ਦੀਆਂ ਸਥਾਪਨਾ ਅਤੇ ਪੂਜਾ ਹੋਣ ਲੱਗ ਪਈ। ਗੁਰੂਆਂ ਦੀ ਮਰਿਯਾਦਾ ਨੂੰ ਭੰਗ ਕੀਤਾ।

ਗੁਰਦੁਆਰਾ ਸੁਧਾਰ ਲਹਿਰ ਨੇ ਸਿੱਖ ਕੌਮ ਵਿਚ ਜਾਗ੍ਰਿਤੀ ਪੈਦਾ ਕੀਤੀ। ਸਿੱਖਾਂ ਵਲੋਂ ਗੁਰਦੁਆਰਿਆਂ ਦੀ ਮਰਿਯਾਦਾ ਬਹਾਲ ਕਰਨ ਲਈ ਕਈ ਮੋਰਚੇ ਲਾਉਣੇ ਪਏ ਜਿਵੇਂ : ਗੁਰਦੁਆਰਾ ਰਕਾਬ ਗੰਜ ਦਿੱਲੀ, ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ, ਦਰਬਾਰ ਸਾਹਿਬ ਅੰਮ੍ਰਿਤਸਰ ਤੇ ਸ੍ਰੀ ਅਕਾਲ ਤਖਤ ਸਾਹਿਬ, ਤਰਨਤਾਰਨ, ਨਨਕਾਣਾ ਸਾਹਿਬ, ਚਾਬੀਆਂ ਦਾ ਮੋਰਚਾ, ਗੁਰੂ ਕਾ ਬਾਗ ਅਤੇ ਸਾਕਾ ਪੰਜਾ ਸਾਹਿਬ ਆਦਿ ਮੋਰਚੇ ਲੱਗੇ।

ਸਾਕਾ ਪੰਜਾ ਸਾਹਿਬ ਵਿਚ 8 ਅਗਸਤ, 1922 ਨੂੰ ਜਦੋਂ ਮੋਰਚਾ ਗੁਰੂ ਕਾ ਬਾਗ ਲੱਗਾ ਤਾਂ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਦੇ ਕਿਲ੍ਹੇ ਗੋਬਿੰਦਗੜ੍ਹ ਵਿਚ ਰੱਖਿਆ ਜਾਂਦਾ ਸੀ। ਜਦੋਂ ਕੈਦੀਆਂ ਦੀ ਗਿਣਤੀ ਵੱਧਣ ਲੱਗੀ




ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377


ਤਾਂ ਉਨ੍ਹਾਂ ਨੂੰ ਦੂਸਰੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਜਾਂਦਾ ਸੀ। 29 ਅਕਤੂਬਰ 1922 ਨੂੰ ਕੈਦੀ ਸਿੰਘਾਂ ਦੀ ਇਕ ਗੱਡੀ ਅੰਮ੍ਰਿਤਸਰ ਤੋਂ ਅਟਕ ਕਿਲ੍ਹੇ ਪੱਛਮੀ ਪੰਜਾਬ ਵੱਲ ਭੇਜੀ ਗਈ। ਗੁਰਦੁਆਰਾ ਪੰਜਾ ਸਾਹਿਬ ਦੀ ਸੰਗਤ ਨੇ ਕੈਦੀ ਸਿੰਘਾਂ ਨੂੰ ਰੇਲਵੇ ਸਟੇਸ਼ਨ ਹਸਨ ਅਬਦਾਲ ਪਾਕਿਤਸਾਨ ਵਿਚ ਰੋਕ ਕੇ ਗੁਰੂ ਕਾ ਲੰਗਰ ਛਕਾਉਣ ਦਾ ਮਨ ਬਣਾਇਆ। ਇਸ ਰੇਲ ਗੱਡੀ ਨੂੰ ਇਸ ਸਟੇਸ਼ਨ 'ਤੇ ਰੁਕਣ ਦਾ ਹੁਕਮ ਨਹੀਂ ਸੀ। ਇਹ ਸਮਾਂ ਸਵੇਰ 10 ਵਜੇ ਦਾ ਸੀ। ਰੇਲ ਘਰ ਅਧਿਕਾਰੀ ਨੇ ਦੱਸਿਆ ਕਿ ਰੇਲ ਗੱਡੀ ਰੋਕੀ ਨਹੀਂ ਜਾ ਸਕਦੀ। ਸੰਗਤ ਲੰਗਰ ਛਕਾਉਣ ਲਈ ਤਿਆਰ ਸੀ। ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਰੇਲ ਪੱਟਰੀ ਤੇ ਧਰਨਾ ਮਾਰ ਕੇ ਬੈਠ ਗਏ। ਹੋਰ ਸੰਗਤ ਵੀ ਨਾਲ ਹੀ ਧਰਨੇ 'ਤੇ ਬੈਠ ਗਈ। ਰੇਲ ਗੱਡੀ ਆ ਪਹੁੰਚੀ ਤੇ ਚਿਤਾਵਨੀ ਅਤੇ ਚੁਕੰਨਾ ਕਰਨਲਈ ਤੋਂਪੂ ਵਜਾਇਆ। ਪਰ ਸੰਗਤ ਆਪਣੇ ਨਿਸਚੈ ਤੋਂ ਨਹੀਂ ਖਿੜਕੀ ਅਤੇ ਧਰਨੇ 'ਤੇ ਬੈਠੀ ਰਹੀ। ਗੱਡੀ ਤਾਂ ਰੁਕ ਗਈ ਪਰ ਉਸ ਦੀ ਫੇਟ ਵਿਚ 11 ਸਿੰਘ ਜ਼ਖ਼ਮੀ ਹੋ ਗਏ। ਭਾਈ ਪ੍ਰਤਾਪ ਸਿੰਘ ਤੇ ਭਾਈ ਕਮਰ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਪਰ ਉਨ੍ਹਾਂ ਦੇ ਸੁਆਸ ਚੱਲ ਰਹੇ ਸਨ। ਸੰਗਤ ਨੇ ਕੈਦੀ ਸਿੰਘ ਨੂੰ ਗੁਰੂ ਕਾ ਲੰਗਰ ਬੜੀ ਸ਼ਰਧਾ ਭਾਵਨਾ ਨਾਲ ਛਕਾਇਆ। ਕੁਝ ਦੇਰ ਬਾਅਦ ਭਾਈ ਕਰਮ ਸਿੰਘ ਜੀ ਸ਼ਹੀਦੀ ਪਾ ਗਏ। ਫਿਰ ਭਾਈ ਪ੍ਰਤਾਪ ਸਿੰਘ ਜੀ ਨੇ 31 ਅਕਤੂਬਰ ਨੂੰ ਸ਼ਹੀਦੀ ਪ੍ਰਾਪਤ ਕੀਤੀ। ਹਿੰਦੁਸਤਾਨ ਦੀ ਵੰਡ ਤੋਂ ਪਹਿਲਾਂ ਅਕਤੂਬਰ ਦੇ ਅਖੀਰ ਵਿਚ ਤਿੰਨ ਦਿਨਾਂ ਸ਼ਹੀਦੀ ਜੋੜ ਮੇਲਾ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਪੰਜਾ ਸਾਹਿਬ ਦੇ ਅਸਥਾਨ 'ਤੇ ਲੱਗਦਾ ਸੀ। ਸਿੱਖ ਕੌਮ ਨੂੰ ਹਮੇਸ਼ਾ ਆਪਣੇ ਸ਼ਹੀਦਾਂ 'ਤੇ ਮਾਣ ਰਿਹਾ ਹੈ ਜਿਨ੍ਹਾਂ ਨੇ ਗੁਰੂਆਂ ਦੀ ਸਿੱਖਿਆ, ਬਾਣੀ ਅਤੇ ਬਾਣੇ ਦੇ ਸਤਿਕਾਰ ਵਿਚ ਸੇਵਾ ਅਤੇ ਕੁਰਬਾਨੀਆਂ ਦਿੱਤੀਆਂ ਹਨ।

ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਜੀ ਦੇ ਜੀਵਨ 'ਤੇ ਝਾਤ ਪਾਉਂਦੇ ਹਾਂ ਕਿ : ਭਾਈ ਪ੍ਰਤਾਪ ਸਿੰਘ ਜੀ ਦਾ ਜਨਮ 26 ਮਾਰਚ, 1899 ਈ. ਨੂੰ ਜ਼ਿਲ੍ਹਾ ਗੁਜਰਵਾਲ ਪਿੰਡ ਅਕਾਲਗੜ੍ਹ ਵਿਖੇ ਪਿਤਾ ਸਰੂਪ ਸਿੰਘ ਮਾਤਾ ਪ੍ਰੇਮ ਕੌਰ ਦੇ ਘਰ ਹੋਇਆ। ਉਹ ਬਚਪਨ ਤੋਂ ਹੀ ਨਾਮ ਜਪਣ, ਸੇਵਾ ਭਾਵ ਅਤੇ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ ਸਨ। ਸਿੱਖਿਆ ਪ੍ਰਾਪਤ ਕਰਨ ਤੇ ਉਹ ਸਰਗੋਧਾ ਮੰਡੀ ਭਲਵਾਲ ਵਿਖੇ ਅਧਿਆਪਕ ਨਿਯੁਕਤ ਹੋਏ। ਫਿਰ ਕਰਾਚੀ ਵਿਚ ਇਕ ਆੜ੍ਹਤੀ ਕੋਲ ਵੀ ਨੌਕਰੀ ਕੀਤੀ। ਸੰਨ 1918 ਈ. ਵਿਚ ਉਨ੍ਹਾਂ ਦੀ ਸ਼ਾਦੀ ਬੀਬੀ ਹਰਨਾਮ ਕੌਰ ਨਾਲ ਹੋਈ। ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਨੌਕਰੀ ਛੱਡ ਦਿੱਤੀ। ਉਸ ਵੇਲੇ ਅਕਾਲੀ ਲਹਿਰ ਪੂਰੇ ਜ਼ੋਰਾਂ 'ਤੇ ਸੀ। ਆਪ ਪੱਕੇ ਅਕਾਲੀ ਬਣ ਗਏ। ਉਨ੍ਹਾਂ ਨੇ ਖੱਦਰ ਦਾ ਬਾਣ ਧਾਰਨ ਕਰ ਲਿਆ। ਉਨ੍ਹਾਂ ਨੇ ਗੁਰਦੁਆਰਾ ਪੰਜਾ ਸਾਹਿਬ ਵਿਖੇ ਖਜ਼ਾਨਚੀ ਦੀ ਸੇਵਾ ਨਿਭਾਈ। ਸਿੰਘਾਂ ਨੂੰ ਲੰਗਰ ਛਕਾਉਣ ਲਈ ਰਾਤੀ ਰੋਕਣ ਵਾਸਤੇ ਸਾਕਾ ਪੰਜਾ ਸਾਹਿਬ ਦੀ ਅਗਵਾਈ ਕਰਦੇ ਸ਼ਹੀਦੀ ਪ੍ਰਾਪਤ ਕੀਤੀ।

ਦੂਸਰੇ ਪ੍ਰਮੁੱਖ ਸ਼ਹੀਦ ਭਾਈ ਕਰਮ ਸਿੰਘ ਜੀ ਸਨ। ਉਨ੍ਹਾਂ ਦਾ ਜਨਮ 14 ਨਵੰਬਰ 1885 ਈ. ਤਖਤ ਕੇਸਗੜ੍ਹ ਸਾਹਿਬ ਅਨੰਦਪੁਰ ਦੇ ਗ੍ਰੰਥੀ ਭਾਈ ਭਗਵਾਨ ਸਿੰਘ ਦੇ ਘਰ ਹੋਇਆ। ਅੰਮ੍ਰਿਤ ਛਕਣ ਤੋਂ ਪਹਿਲਾਂ ਇਨ੍ਹਾਂ ਦਾ ਨਾਂਅ ਸੰਤ ਸਿੰਘ ਜੀ ਜੋ ਬਾਅਦ ਵਿਚ ਕਰਮ ਸਿੰਘ ਰੱਖਿਆ ਗਿਆ। ਉਨ੍ਹਾਂ ਨੇ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ ਤੇ ਨਾਮਵਰ ਕੀਰਤਨੀਏ ਬਣ ਗਏ। ਸੰਨ 1922 ਵਿਚ ਆਪਣੀ ਪਤਨੀ ਨਾਲ ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨਾਂ ਨੂੰ ਗਏ। ਇਥੇ ਹੀ ਕੀਰਤਨ ਦੀ ਸੇਵਾ ਕਰਨ ਲੱਗ ਪਏ। ਸਾਕਾ ਪੰਜਾ ਸਾਹਿਬ ਦੇ ਸਾਕੇ ਵਿਚ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਰੇਲਵੇ ਪਟੜੀ 'ਤੇ ਧਰਨਾ ਮਾਰ ਕੇ ਬੈਠੇ ਸਨ। ਇਨ੍ਹਾਂ ਤੋਂ ਬਾਅਦ ਸੰਗਤਾਂ ਧਰਨੇ 'ਤੇ ਬੈਠੀਆਂ ਸਨ। ਇਹ ਦੋਵੇਂ 'ਸਾਕਾ ਪੰਜਾ ਸਾਹਿਬ' ਦੀ ਅਗਵਾਈ ਕਰਦਿਆਂ ਸ਼ਹੀਦੀ ਪ੍ਰਾਪਤ ਕਰ ਗਏ ਸਨ।

ਧਰਮ ਹੇਤਿ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥

## ਸਾਕਾ ਪੰਜਾ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ



ਅੱਜ ਅਸੀਂ ਸਾਕਾ ਪੰਜਾ ਸਾਹਿਬ ਦੇ ਉਹਨਾਂ ਮਹਾਨ ਸ਼ਹੀਦਾਂ ਨੂੰ ਨਮਨ ਕਰਦੇ ਹਾਂ ਜਿਨ੍ਹਾਂ ਨੇ ਗੁਰਸਿੱਖੀ, ਸਤਿਕਾਰ ਅਤੇ ਸੱਚ ਦੇ ਰਾਹ ਲਈ ਆਪਣਾ ਕੀਮਤੀ ਜੀਵਨ ਨਿਛਾਵਰ ਕਰ ਦਿੱਤਾ। 1922 ਵਿੱਚ ਹੋਇਆ ਇਹ ਸਾਕਾ ਸਿੱਖ ਇਤਿਹਾਸ ਦਾ ਉਹ ਅਧਿਆਇ ਹੈ ਜਿੱਥੇ ਸਿੱਖ ਸੂਰਮਿਆਂ ਨੇ ਗੁਰਬਾਣੀ ਦੀ ਮਰਯਾਦਾ ਦੀ ਰੱਖਿਆ ਲਈ ਰੇਲ ਹੇਠਾਂ ਆਪਣੀਆਂ ਜਿੰਦਗੀਆਂ ਕੁਰਬਾਨ ਕਰ ਦਿੱਤੀਆਂ ਪਰ ਸੱਚ ਤੇ ਸ਼ਰਧਾ ਤੋਂ ਪਿੱਛੇ ਨਹੀਂ ਹਟੇ। ਇਹ ਸ਼ਹਾਦਤ ਸਾਨੂੰ ਸਿੱਖਾਉਂਦੀ ਹੈ ਕਿ ਧਰਮ ਦੀ ਰਾਹੀ ਚੱਲਣਾ ਕਦੇ ਆਸਾਨ ਨਹੀਂ ਹੁੰਦਾ, ਪਰ ਜੋ ਸੱਚ ਲਈ ਖੜ੍ਹਦਾ ਹੈ, ਉਹ ਸਦਾ ਅਮਰ ਰਹਿੰਦਾ ਹੈ। ਸਾਕਾ ਪੰਜਾ ਸਾਹਿਬ ਦੇ ਸ਼ਹੀਦ ਸਾਡੇ ਅੰਦਰ ਦੇ ਵਿਸ਼ਵਾਸ, ਹਿੰਮਤ ਅਤੇ ਸੇਵਾ ਭਾਵਨਾ ਨੂੰ ਜਗਾਉਂਦੇ ਹਨ। ਆਓ, ਅਸੀਂ ਸਾਰੇ ਉਹਨਾਂ ਸ਼ਹੀਦਾਂ ਦੀ ਯਾਦ ਵਿੱਚ ਸਿਰ ਨਿਵਾਈਏ ਅਤੇ ਇਹ ਵਚਨ ਕਰੀਏ ਕਿ ਸੱਚ, ਨਿਆਂ ਅਤੇ ਮਨੁੱਖਤਾ ਦੀ ਜੋਤ ਹਮੇਸ਼ਾਂ ਜਗਦੀ ਰਹੇਗੀ।
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕਿ ਫਤਿਹ!

# ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਦੂਸਰੀ ਵਾਰ ਦਸਤਾਰਬੰਦੀ

## ਸਿੱਖ ਰਹਿਤ ਮਰਿਆਦਾ ਦੇ ਉਲਟ ਕੁਝ ਵੀ ਨਹੀਂ ਕਰਾਂਗਾ : ਗਿਆਨੀ ਕੁਲਦੀਪ ਸਿੰਘ ਗੜਗੱਜ





ਸ੍ਰੀ ਅਨੰਦਪੁਰ ਸਾਹਿਬ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਦਸਤਾਰਬੰਦੀ ਸਮਾਗਮ ਸਮੂਹ ਨਿਹੰਗ ਸਿੰਘ ਜਥੇਬੰਦੀਆਂ, ਵੱਖ-ਵੱਖ ਸੰਪਰਦਾਵਾਂ, ਸੰਤ ਸਮਾਜ ਤੇ ਸਭਾ ਸੁਸਾਇਟੀਆਂ ਦੀ ਹਾਜ਼ਰੀ 'ਚ ਸੰਪੰਨ ਹੋਇਆ। ਇਸ ਮੌਕੇ ਰਾਗੀ ਜਥੇ ਵਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵਲੋਂ ਅਰਦਾਸ ਕੀਤੀ ਗਈ। ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਲਬੀਰ ਸਿੰਘ 96ਵੇਂ ਕਰੋੜੀ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ, ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਵਲੋਂ ਬਾਬਾ ਨਾਗਰ ਸਿੰਘ, ਸ਼੍ਰੋਮਣੀ ਅਕਾਲੀ ਦਲ ਵਲੋਂ ਡਾ. ਦਲਜੀਤ ਸਿੰਘ ਚੀਮਾ, ਬਾਬਾ ਜਗਜੀਤ ਸਿੰਘ ਹਰਖੋਵਾਲ ਸਮੇਤ ਵੱਖ-ਵੱਖ ਸੰਸਥਾਵਾਂ ਦੇ ਮੁਖੀਆਂ ਵਲੋਂ ਸਿੰਘ ਸਾਹਿਬ ਨੂੰ ਸਨਮਾਨ ਦਿੱਤਾ ਗਿਆ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਕਿਹਾ ਹੈ ਕਿ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਗੁਰੂ ਸਾਹਿਬ ਵਲੋਂ ਦਰਸਾਈ ਸਿੱਖ ਰਹਿਤ ਮਰਿਆਦਾ 'ਤੇ ਹਮੇਸ਼ਾ ਪਹਿਰਾ ਦਿੰਦੀਆਂ ਰਹੀਆਂ ਹਨ ਤੇ ਅੱਗੋਂ ਤੋਂ ਵੀ ਉਹ ਇਸੇ ਤਰ੍ਹਾਂ ਹੀ ਗੁਰਮਤੇ ਅਨੁਸਾਰ ਚੱਲਣਗੀਆਂ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਉਪਰੰਤ ਹੋਈ ਦਸਤਾਰਬੰਦੀ ਮਰਿਆਦਾ ਅਨੁਸਾਰ ਠੀਕ ਨਹੀਂ ਸੀ, ਜਿਸ ਦਾ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਪੁਰਜ਼ੋਰ ਵਿਰੋਧ ਕੀਤਾ ਗਿਆ ਸੀ, ਪਰ ਅੱਜ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਨੂੰ ਮੁੱਖ ਰੱਖਦਿਆਂ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਦਸਤਾਰਬੰਦੀ ਸਮਾਗਮ 'ਚ ਸ਼ਮੂਲੀਅਤ ਕਰਕੇ ਸਿੰਘ ਸਾਹਿਬ ਨੂੰ ਦਸਤਾਰਾਂ ਭੇਟ ਕੀਤੀਆਂ ਗਈਆਂ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਸਿੱਖ ਰਹਿਤ ਮਰਿਆਦਾ ਦਾ ਉਲੰਘਣ ਕਰਕੇ ਕੀਤੇ ਹਰ ਫੈਸਲੇ ਦਾ ਉਹ ਸਖ਼ਤ ਵਿਰੋਧ ਕਰਨਗੇ। ਉਨ੍ਹਾਂ ਇਹ ਵੀ ਕਿਹਾ ਹੈ ਕਿ ਸ਼ਤਾਬਦੀ ਸਮਾਗਮਾਂ ਤੋਂ ਪਹਿਲਾਂ ਪਹਿਲਾਂ ਸ਼੍ਰੋਮਣੀ ਕਮੇਟੀ ਸਿੱਖ ਪੰਥ ਦੀਆਂ ਸਮੂਹ ਸੰਪਰਦਾਵਾਂ, ਸਭਾ ਸੁਸਾਇਟੀਆਂ, ਜਥੇਬੰਦੀਆਂ ਨਾਲ ਗੁਰਮਤਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਪੱਕੇ ਜਥੇਦਾਰ ਦੀ ਨਿਯੁਕਤੀ ਯਕੀਨੀ ਬਣਾਵੇ। ਸਮਾਗਮ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਉਨ੍ਹਾਂ ਦਾ ਰੋਮ-ਰੋਮ ਸਿੱਖ ਪੰਥ ਨੂੰ ਸਮਰਪਿਤ ਹੈ। ਉਹ ਰਹਿਤ ਮਰਿਆਦਾ ਦੇ ਉਲਟ ਕੋਈ ਵੀ ਕਾਰਜ ਨਹੀਂ ਕਰਨਗੇ। ਉਹ ਸਮੁੱਚੇ ਪੰਥ ਨੂੰ ਗਲਵੱਕੜੀ 'ਚ ਲੈ ਕੇ ਪੰਥ ਦੇ ਵਡੇਰੇ ਹਿੱਤਾਂ ਨੂੰ ਪੂਰਾ ਕਰਨ ਲਈ ਪੂਰੀ ਤਨਦੇਹੀ ਨਾਲ ਸੇਵਾਵਾਂ ਨਿਭਾਉਣਗੇ। ਜ਼ਿਕਰਯੋਗ ਹੈ ਕਿ ਅੱਜ ਦੇ ਸਮਾਗਮ 'ਚ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ, ਸੰਤ ਸਮਾਜ ਤੇ ਵੱਡੀ ਗਿਣਤੀ 'ਚ ਸੰਪਰਦਾਵਾਂ ਨੇ ਸ਼ਮੂਲੀਅਤ ਨਹੀਂ ਕੀਤੀ। ਸਮਾਗਮ ਦੌਰਾਨ ਬਾਬਾ ਮੋਹਨ ਸਿੰਘ ਬਾਰਨ ਵਾਲੇ, ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ, ਬਾਬਾ ਘਾਲਾ ਸਿੰਘ ਨਾਨਕਸਰ ਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ ਆਦਿ ਸ਼ਾਮਲ ਸਨ।

# 30 ਅਕਤੂਬਰ 1922 ਸਾਕਾ ਪੰਜਾ ਸਾਹਿਬ

*ਅੰਮ੍ਰਿਤ ਵੇਲੇ ਸੰਗਤ ਜੁੜੀ, ਲੰਗਰ ਤਿਆਰ ਹੋਇਆ। ਸਿੰਘਾਂ ਨੇ ਨਾਮ ਸਿਮਰਨ ਕੀਤਾ, ਰੇਲ ਰੋਕਣ ਦਾ ਗੁਰਮਤਾ ਕੀਤਾ ਪਟੜੀ 'ਤੇ ਜਾ ਬੈਠੇ, ਮੌਤ ਦਾ ਭੈਅ ਨਾ ਕੋਈ। ਪ੍ਰਤਾਪ ਸਿੰਘ ਤੇ ਕਰਮ ਸਿੰਘ, ਸ਼ਹੀਦੀ ਜਾਮ ਪੀ ਗਏ। ਗੱਡੀ ਰੁਕੀ, ਸੇਵਾ ਹੋਈ, ਵਾਹਿਗੁਰੂ ਦੀ ਮਿਹਰ ਵਰਸੀ। ਪੰਜਾ ਸਾਹਿਬ ਦੇ ਸਾਕੇ ਨੇ, ਸਿੱਖੀ ਦਾ ਗੌਰਵਮਈ ਵਿਲੱਖਣ ਤੇ ਸਦੀਵੀ ਇਤਿਹਾਸ ਸਿਰਜ ਦਿੱਤਾ।*

## (ਸ਼ਤਾਬਦੀ (103 ਸਾਲ) ਪਹਿਲਾ ਹੋਏ ਪੰਜਾ ਸਾਹਿਬ ਸਾਕੇ ਦੀ ਸ਼ਹੀਦੀ ਗਾਥਾ ਇਕ ਚਸ਼ਮਦੀਦ ਦੀ ਜ਼ੁਬਾਨੀ )

ਸਿੱਖ ਵਿਦਵਾਨ ਗਿਆਨੀ ਭਜਨ ਸਿੰਘ ਇੱਕ ਵਾਰ ਪੰਜਾ ਸਾਹਿਬ ਸਾਕੇ ਚ ਸ਼ਹੀਦ ਹੋਏ ਭਾਈ ਪ੍ਰਤਾਪ ਸਿੰਘ ਜੀ ਦੀ ਧਰਮ ਪਤਨੀ ਬੀਬੀ ਹਰਨਾਮ ਕੌਰ ਜੀ ਨੂੰ ਮਿਲੇ ਤੇ ਉਨ੍ਹਾਂ ਇਸ ਸਾਕੇ ਬਾਰੇ ਇੰਟਰਵਿਊ ਕੀਤੀ ਜੋ ਇਸ ਤਰ੍ਹਾਂ ਸੀ

ਗਿਆਨੀ ਜੀ ਮਾਤਾ ਜੀ (ਸ਼ਹੀਦ ਭਾਈ ਪ੍ਰਤਾਪ ਸਿੰਘ ਜੀ ਦੀ ਧਰਮ ਪਤਨੀ) ਕੀ ਤੁਸੀਂ ਪੰਜਾ ਸਾਹਿਬ ਦੇ ਸਾਕੇ ਬਾਰੇ ਕੁਝ ਦੱਸ ਸਕੋਗੇ?

ਬੀਬੀ ਜੀ ਮੈਨੂੰ ਤਾਂ ਇਹ ਘਟਨਾ ਏਦਾ ਯਾਦ ਹੈ ਜਿਵੇਂ ਅਜੇ ਕੱਲ੍ਹ ਵਾਪਰੀ ਹੋਵੇ ਮੈਂ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਸੀ ਜੋ ਉਸ ਦਿਨ ਰੇਲ ਰੋਕਣ ਲਈ ਰੇਲ ਪਟੜੀ ਤੇ ਬੈਠੇ ਸਨ ਮੈਂ ਆਪਣੇ ਪਤੀ ਸ਼ਹੀਦ ਪ੍ਰਤਾਪ ਸਿੰਘ ਦੇ ਪਿੱਛੇ ਬੈਠੀ ਸਾਂ ਮੈਂ ਪੰਜਾ ਸਾਹਿਬ ਸਾਕੇ ਦੀ ਅਸਲ ਕਹਾਣੀ ਬਹੁਤ ਲੋਕਾਂ ਨੂੰ ਸੁਣਾ ਚੁੱਕੀ ਹਾਂ ਪਰ ਕਿਸੇ ਨੇ ਇਸ ਤਰ੍ਹਾਂ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਤੁਸੀਂ ਇਸ ਘਟਨਾ ਬਾਰੇ ਜਾਣਕਾਰੀ ਲੈਣ ਆਏ ਹੋ।

ਗਿਆਨੀ ਜੀ > ਇਹ ਘਟਨਾ ਕਿਵੇਂ ਵਾਪਰੀ ਮੈਨੂੰ ਸਾਰਾ ਕੁਝ ਦੱਸੋ? ਤੁਸੀਂ ਇਹ ਸਮਝੋ ਕਿ ਮੈਨੂੰ ਇਸ ਸਾਕੇ ਬਾਰੇ ਕੁਝ ਨਹੀਂ ਪਤਾ

ਬੀਬੀ ਜੀ> ਅੰਮ੍ਰਿਤਸਰ ਗੁਰੂ ਕੇ ਬਾਗ ਦੇ ਮੋਰਚੇ ਦਾ ਸਮਾਂ ਪੁਲੀਸ ਨੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਗ੍ਰਿਫਤਾਰ ਕੀਤਾ ਸਿੰਘਾਂ ਨੂੰ ਰੇਲ ਰਾਹੀਂ ਅਟਕ ਅਤੇ #ਕੈਮਲਪੁਰ ਦੀਆਂ ਜੇਲ੍ਹਾਂ ਵਿੱਚ ਲਿਜਾ ਡਈ ਸੀ ਦੋ ਰੇਲ ਗੱਡੀਆਂ ਪੰਜਾ ਸਾਹਿਬ ਤੋਂ ਗੁਜ਼ਰ ਗਈਆਂ ਅਤੇ ਮੇਰੇ ਪਤੀ ਨੇ ਸਟੇਸ਼ਨ ਮਾਸਟਰ ਜੋ ਹਿੰਦੂ ਸੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੇ ਸਿੱਖ ਮਰਜੀਵੜਿਆਂ ਦੀਆਂ ਰੇਲ ਗੱਡੀਆਂ ਬਾਰੇ ਸੰਗਤ ਨੂੰ ਕਿਉਂ ਨਹੀਂ ਦੱਸਿਆ ਕਿਉਂਕਿ ਸੰਗਤ ਇਨ੍ਹਾਂ ਸਿੰਘਾਂ ਦੀ ਸੇਵਾ ਕਰਨੀ ਚਾਹੁੰਦੀ ਸੀ ਉਸ ਵਕਤ ਮੇਰੇ ਪਤੀ ਸ੍ਰੀ ਪੰਜਾ ਸਾਹਿਬ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ ਅਤੇ ਖ਼ਜ਼ਾਨਚੀ ਵਜੋਂ ਸੇਵਾ ਨਿਭਾ ਰਹੇ ਸੀ ਇਸ ਤੋਂ ਪਹਿਲਾਂ ਉਹ ਜਨਰਲ ਸਕੱਤਰ ਰਹਿ ਚੁੱਕੇ ਸੀ ਇੱਕ ਦਿਨ ਸਟੇਸ਼ਨ ਮਾਸਟਰ ਨੇ ਮੇਰੇ ਪਤੀ ਨੂੰ ਦੱਸਿਆ ਕਿ ਕੱਲ੍ਹ ਸਵੇਰੇ 8 ਵਜੇ ਸਿੱਖ ਕੈਦੀਆਂ ਵਾਲੀ ਰੇਲ ਪੰਜਾ ਸਾਹਿਬ ਰੇਲਵੇ ਸਟੇਸ਼ਨ ਤੇ ਪਹੁੰਚ ਰਹੀ ਹੈ ਜਿਉਂ ਹੀ ਸੰਗਤ ਨੂੰ ਇਸ ਦਾ ਪਤਾ ਲੱਗਾ ਸਿੰਘਾਂ ਲਈ ਲੰਗਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਅਗਲੀ ਸਵੇਰ ਦੇ ਦਿਵਾਨ ਮਗਰੋਂ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਅਸੀ ਤੁਾਡੇ ਸਿੰਘਾਂ ਲਈ ਪ੍ਰਸ਼ਾਦਾ ਤਿਆਰ ਕੀਤਾ ਹੈ ਹਾਡੀ ਆਪਣੇ ਗੁਰਸਿੱਖ ਭਰਾਵਾਂ ਨੂੰ ਇਹ ਲੰਗਰ ਛਕਾਉਣ ਦੀ ਇੱਛਾ ਪੂਰੀ ਕਰੋ ਅਤੇ ਸਾਨੂੰ ਸ਼ਕਤੀ ਬਖਸ਼ੋ ਕੇ ਅਸੀਂ ਇਹ ਲੰਗਰ ਛਕਾ ਕੇ ਹੀ ਵਾਪਸ ਪਰਤੀਏ ਅਰਦਾਸ ਤੋਂ ਬਾਅਦ ਜਦ ਸੰਗਤ ਰੇਲਵੇ ਸਟੇਸ਼ਨ ਤੇ ਪਹੁੰਚੀ ਤਾਂ ਸਟੇਸ਼ਨ ਮਾਸਟਰ ਨੇ ਦੱਸਿਆ ਕੇ ਉਪਰੋਂ ਹੁਕਮ ਆਏ ਵਾ ਪੰਜਾ ਸਾਹਿਬ ਰੇਲਵੇ ਸਟੇਸ਼ਨ ਤੇ ਗੱਡੀ ਨਹੀਂ ਰੋਕੀ ਜਾਵੇਗੀ ਸਾਰੀ ਸੰਗਤ ਵਿੱਚ ਉਦਾਸੀ ਤੇ ਗੁੱਸੇ ਦੀ ਲਹਿਰ ਦੌੜ ਗਈ ਸੰਗਤ ਨੇ ਉਸ ਵਕਤ ਗੁਰਮਤਾ ਪਾਸ ਕੀਤਾ ਕੇ ਲੰਗਰ ਹਰ ਹਾਲਤ ਵਿੱਚ ਛਕਾਇਆ ਜਾਊ ਤੇ ਲੰਗਰ ਛਕਾਏ ਬਗੈਰ ਗੱਡੀ ਅੱਗੇ ਨਹੀਂ ਜਾਣ ਦੇਣੀ

ਗਿਆਨੀ ਜੀ ਸੰਗਤ ਕਿੰਨੀ ਕੁ ਸੀ?

ਬੀਬੀ ਜੀ ਕੋਈ 300 ਲੋਕ ਹੋਣਗੇ

ਗਿਆਨੀ ਜੀ ਫਿਰ ਕੀ ਹੋਇਆ?

ਬੀਬੀ ਜੀ ਜਦ ਗੱਡੀ ਰੇਲਵੇ ਸਟੇਸ਼ਨ ਦੇ ਨੇੜੇ ਆਈ ਸੰਗਤਾਂ ਰੇਲ ਪਟੜੀ ਤੇ ਗਈਆਂ ਕੁਝ ਆਦਮੀ ਸਿਗਨਲ ਦੇ ਨੇੜੇ ਬੈਠ ਗਏ

ਗਿਆਨੀ ਜੀ> ਕੀ ਰੇਲ ਨੇੜੇ ਆਉਂਦੇ ਵੇਖ ਕੇ ਕੋਈ ਦੌੜਿਆ?

ਬੀਬੀ ਜੀ ਭੱਜਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ.... ਸਾਰਿਆਂ ਨੇ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਸੀ ਉਸ ਵਕਤ ਕਿਸੇ ਨੂੰ ਵੀ ਮੌਤ ਦਾ ਖੌਫ਼ ਨਹੀਂ ਸੀ ਇਸ ਸ਼ੁਭ ਕਰਮ ਲਈ ਸਾਰੇ ਮਰ ਮਿਟਣ ਵਾਸਤੇ ਤਿਆਰ ਸਨ

ਗਿਆਨੀ ਜੀ ਫਿਰ ਕੀ ਹੋਇਆ?

ਬੀਬੀ ਜੀ ਰੇਲ ਆਈ ਇਹ ਹਾਰਨ ਮਾਰਦੀ ਰਹੀ ਪਰ ਕੋਈ ਨਾ ਉੱਠਿਆ ਸਭ ਤੋਂ ਅੱਗੇ ਮੇਰੇ ਪਤੀ ਸ਼ਹੀਦ ਪ੍ਰਤਾਪ ਸਿੰਘ ਜੀ ਬੈਠੇ ਸਨ ਉਨ੍ਹਾਂ ਦੇ ਨਾਲ ਭਾਈ ਕਰਮ ਸਿੰਘ ਜੀ ਸਨ ਅਤੇ ਹੋਰ ਸਿੰਘ ਬੈਠੇ ਸਨ ਰੇਲ ਗੱਡੀ ਮੇਰੇ ਪਤੀ ਵਿਚ ਟਕਰਾਈ ਅਤੇ ਉਨ੍ਹਾਂ ਤੋਂ ਅੱਗੇ ਲੰਘ ਗਏ ਭਾਈ ਕਰਮ ਸਿੰਘ ਵੀ ਰੇਲ ਗੱਡੀ ਹੇਠ ਆ ਕੇ ਸ਼ਹੀਦ ਹੋ ਗਏ ਹੋਰ ਕਈ ਸਿੰਘਾਂ ਨੂੰ ਰੇਲ ਗੱਡੀ ਦੇ ਬੰਪਰ ਨੇ ਪਰੇ ਚੁੱਕ ਕੇ ਮਾਰਿਆ ਛੇ ਹੋਰ ਸਿੰਘ ਗੱਡੀ ਦੇ ਪਹੀਆਂ ਹੇਠ ਆ ਕੇ ਜ਼ਖਮੀ ਹੋ ਗਏ ਉਨ੍ਹਾਂ ਦੀਆਂ ਲੱਤਾਂ ਕੱਟੀਆਂ ਗਈਆਂ ਮੈਨੂੰ ਵੀ ਕਾਫੀ ਸੱਟਾਂ ਲੱਗੀਆਂ ਅਤੇ ਮੈਂ ਕਈ ਮਹੀਨੇ ਹਸਪਤਾਲ ਵਿੱਚ ਦਾਖ਼ਲ ਰਹੀ

ਗਿਆਨੀ ਜੀ ਕੀ ਭਾਈ ਪ੍ਰਤਾਪ ਸਿੰਘ ਉਸੇ ਥਾਂ ਤੇ ਸ਼ਹੀਦ ਹੋਏ ਜਾਂ ਬਾਅਦ ਵਿੱਚ ਸਾਰਾ ਕੁਝ ਦੱਸੋ?

ਬੀਬੀ ਜੀ ਉਨ੍ਹਾਂ ਦੀ ਸ਼ਹੀਦੀ ਉਸ ਵੇਲੇ ਨਹੀਂ ਸੀ ਹੋਈ ਜਦੋ ਹੀ ਰੇਲ ਗੱਡੀ ਰੁਕੀ ਸੰਗਤਾਂ ਰੇਲ ਗੱਡੀ ਹੇਠਾਂ ਕੁਚਲੇ ਗਏ ਸਿੰਘਾਂ ਨੂੰ ਵੇਖਣ ਲਈ ਅੱਗੇ ਵਧੀਆਂ ਮੇਰੇ ਪਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਸਨ ਉਨ੍ਹਾਂ ਨੇ ਸੰਗਤਾਂ ਨੂੰ ਕਿਹਾ ਪਹਿਲਾਂ ਗੁਰਸਿੱਖ ਕੈਦੀਆਂ ਨੂੰ ਲੰਗਰ ਛਕਾਓ ਫਿਰ ਸਾਡੀ ਸੰਭਾਲ ਕਰਨੀ ਜੇ ਤੁਸੀਂ ਸਾਨੂੰ ਗੱਡੀ ਹੇਠੋਂ ਕੱਢ ਲਿਆ ਡਰਾਈਵਰ ਫਿਰ ਗੱਡੀ ਤੋਰ ਲੂ ਤੇ ਅਸੀਂ ਆਪਣੇ ਸਿੰਘਾਂ ਨੂੰ ਲੰਗਰ ਨਹੀਂ ਛਿਕਾ ਸਕਾਂਗੇ ਲੰਗਰ ਛਕਾਉਣ ਤੋਂ ਬਾਅਦ ਹੀ ਜ਼ਖਮੀ ਸਿੰਘਾਂ ਨੂੰ ਗੱਡੀ ਹੇਠੋਂ ਕੱਢਿਆ ਗਿਆ ਭਾਈ ਕਰਮ ਸਿੰਘ ਕੁਝ ਘੰਟਿਆਂ ਬਾਅਦ ਸੁਆਸ ਛੱਡ ਗਏ ਅਤੇ ਮੇਰੇ ਪਤੀ ਨੇ ਅਗਲੇ ਦਿਨ ਸਵੇਰੇ ਅੰਮ੍ਰਿਤ ਵੇਲੇ ਸਰੀਰ ਛੱਡਿਆ।

ਗਿਆਨੀ ਜੀ ਕਿਰਪਾ ਕਰਕੇ ਮੈਨੂੰ ਇਸ ਘਟਨਾ ਬਾਰੇ ਹੋਰ ਦੱਸੋ ਜਦ ਤੁਹਾਡੇ ਪਤੀ ਰੇਲਗੱਡੀ ਹੇਠ ਆ ਕੇ ਜ਼ਖ਼ਮੀ ਹੋਏ ਅਤੇ ਉਨ੍ਹਾਂ ਨੇ ਅਗਲੇ ਦਿਨ ਸਵੇਰੇ ਸਵਾਸ ਤਿਆਗੇ ਉਸ ਸਮੇਂ ਦੌਰਾਨ ਹੋਰ ਕੀ ਵਾਪਰਿਆ ?

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ ਸਟੱਡੀਜ਼ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ ‘ਸਾਡੇ ਲੋਕ’ ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ ’ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:

ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ ’ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ ‘ਬਹੁ-ਵਿਧਾਈ ਸਿਰਜਣਾ’ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...

# ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਈ ਰਚਨਾ-ਵਿਉਂਤ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪ੍ਰੋ. ਹਰਭਜਨ ਸਿੰਘ ਅਜਿਹਾ ਬਹੁ-ਵਿਧਾਵੀ ਰਚਨਾਕਾਰ ਹੈ, ਜੋ ਇਕੋ ਵੇਲੇ ਕਹਾਣੀ, ਨਾਵਲ, ਕਵਿਤਾ ਅਤੇ ਵਾਰਤਕ ਦੀ ਰਚਨਾ ਕਰ ਰਿਹਾ ਹੈ। ਹਾਲਾਂਕਿ, ਉਸਦਾ ਕਾਵਿ ਸਫ਼ਰ ਕਾਵਿ-ਸੰਗ੍ਰਹਿ ‘ਪੰਧ ਤੇ ਪੀੜਾਂ’ ਨਾਲ ਸ਼ੁਰੂ ਹੋਇਆ ਜੋ ‘ਸ਼ਬਦ ਸੁਪਨਾ ਤੇ ਸੰਗਰਾਮ’ ਨਾਲ ਅੱਗੇ ਵਧਿਆ। ਪਰ, ਉਸਨੇ ਨਾਵਲ, ਕਹਾਣੀ ਤੇ ਵਾਰਤਕ ਨੂੰ ਮੁੱਖ ਰੂਪਾਕਾਰਾਂ ਵਜੋਂ ਅਪਣਾਉਂਦੇ ਹੋਏ ਨਾਲ ਨਾਲ ਕਵਿਤਾ ਦੀ ਵੀ ਰਚਨਾ ਕੀਤੀ। ਦਿਲਚਸਪ ਗੱਲ ਇਹ ਹੈ ਕਿ ਭਾਵੇਂ ਉਸਦੀ ਸਾਹਿਤ-ਸਿਰਜਣਾ ਦਾ ਆਰੰਭ ਕਵਿਤਾ ਤੋਂ ਹੁੰਦਾ ਹੈ ਪਰ ਨਾਵਲੀਅਤ ਉਸਦੀ ਸਿਰਜਣਕਾਰੀ ਦਾ ਆਧਾਰੀ ਰੂਪਾਕਾਰਕ ਗੁਣ ਬਣ ਜਾਂਦੀ ਹੈ। ਇਸੇ ਵਾਸਤੇ, ਭਾਵੇਂ ਉਹ ਕਹਾਣੀ ਲਿਖ ਰਿਹਾ ਹੋਵੇ, ਭਾਵੇਂ ਕਵਿਤਾ ਜਾਂ ਵਾਰਤਕ ਨਾਵਲੀਅਤ ਅਛੋਪਲੇ ਜਿਹੇ ਉਸਦੀ ਰਚਨਾਕਾਰੀ ਦੀ ਬੁਨਿਆਦ ਵਿਚ ਰਲ ਮਿਲ ਜਾਂਦੀ ਹੈ। ਉਸਦੀ ਕਵਿਤਾ ‘ਮੈਂ ਕੌਣ ਹਾਂ!’ ਕਾਵਿਕਤਾ ਵਿਚ ਨਾਵਲੀਅਤ ਦੀ ਸੁਰ ਨੂੰ ਸ਼ਾਮਲ ਕਰਨ ਦੀ ਦਿਲਚਸਪ ਉਦਾਹਰਣ ਮੰਨੀ ਜਾ ਸਕਦੀ ਹੈ, ਜਿਵੇਂ:

ਉਹ ਮਹਾਤਮਾ  
ਬੱਕਰੀ ਦਾ ਦੁੱਧ ਪੀਂਦਾ ਸੀ  
ਮੱਝਦਾ ਜਾਂ ਗਾਂ ਦਾ  
ਅੱਜ ਕੋਈ ਮਹੱਤਵ ਨਹੀਂ ਰੱਖਦਾ  
ਤੇ ਨਾ ਹੀ ਉਹਦਾ ਸਾਂਤੀ ਸਿਧਾਂਤ ਹੀ  
ਅੱਜ ਤਾਂ ਕਿੰਗ ਲੂਥਰ ਵੀ  
ਵ੍ਹਾਈਟ ਹਾਊਸ ਦਾ ਚਹੇਤਾ ਹੈ  
ਛੁੱਟੀ ਹੁੰਦੀ ਹੈ ਉਹਦੇ ਨਾਂ ਦੀ  
ਹੁਣ ਪੂਰੇ ਅਮਰੀਕਾ ਵਿਚ  
................  
ਪਰ ਭਗਤ ਸਿੰਘ ਅੱਜ ਵੀ  
ਹੱਸਦਾ ਏ ਫਾਂਸੀ ਦੇ ਤਖਤੇ ਤੇ  
ਤੁਰਕੀ ਦਾ ਪੁੱਤਰ ਨਾਜ਼ਿਮ ਹਿਕਮਤ  
ਲਿਖਦਾ ਹੈ ਨਿੱਤ ਇਕ ਹੋਰ ਨਜ਼ਮ  
ਸਿਤਮਜ਼ਰੀਫ਼ੀ ਦੇ ਵਿਰੁੱਧ  
ਗੁਰੀਲਾ ਅੱਜ ਵੀ ਪੜ੍ਹਦਾ ਹੈ  
ਲਾਲ ਕਿਤਾਬ  
..............  
ਮੇਰੇ ਅੰਦਰ ਤਾਂ ਖੌਲਦੇ  
ਲੱਖਾਂ ਸਮੁੰਦਰ  
ਬਲਦੇ ਨੇ ਕਈ ਸੂਰਜ  
ਕਿਉਂਕਿ



ਮੈਂ ਗਾਂਧੀਵਾਦੀ ਨਹੀਂ  
ਮੈਂ ਗਾਂਧੀਵਾਦੀ ਨਹੀਂ

(ਪ੍ਰੋ. ਹਰਭਜਨ ਸਿੰਘ, ਸ਼ਬਦ, ਸੁਪਨਾ ਤੇ ਸੰਗਰਾਮ, ਪੰਨਾ 29-31)

ਇਸ ਕਵਿਤਾ ਵਿਚ ਇਕੋ ਵੇਲੇ ਕਈ ਦੇਸ਼ ਤੇ ਕਾਲ ਹੀ ਪੇਸ਼ ਨਹੀਂ ਹੁੰਦੇ ਸਗੋਂ ਦੁਨੀਆਂ ਦੇ ਭਿੰਨ ਭਿੰਨ ਮੁਲਕਾਂ ਦੀਆਂ ਆਜ਼ਾਦੀ ਦੀਆਂ ਤਹਿਰੀਕਾਂ ਦੇ ਨਾਲ ਨਾਲ ਇਹਨਾਂ ਸੰਘਰਸ਼ਾਂ ਵਿਚ ਉੱਭਰੇ ਮਹਾਂ-ਨਾਇਕਾਂ ਦੇ ਅਸਲੀ ਸੰਘਰਸਾਂ ਦਾ ਉਲੇਖ ਮਿਲਦਾ ਹੈ। ਇਸਦੇ ਨਾਲ ਹੀ ਇਹ ਕਵਿਤਾ ਉਹਨਾਂ ਮਹਾਂ-ਨਾਇਕਾਂ ਦੀ ਵਰਤਮਾਨ ਨਿਜ਼ਾਮ ਵਲੋਂ ਆਪਣੇ ਮਕਸਦਾਂ ਲਈ ਕੀਤੀ ਜਾ ਰਹੀ ਵਰਤੋਂ ਦੀ ਉਪਭੋਗੀ ਮਾਨਸਿਕਤਾ ਨੂੰ ਬਿਆਨ ਕੀਤਾ ਗਿਆ ਹੈ। ਇਸਤੋਂ ਵੀ ਅੱਗੇ ਕਵੀ ਦੀ ‘ਗਾਂਧੀਵਾਦੀ’ ਵਿਚਾਰਧਾਰਾ ਤੋਂ ਨਾਬਰੀ, ਮਾਰਟਨ ਲੂਥਰ ਕਿੰਗ ਨੂੰ ਅਮਰੀਕੀ ਸਰਕਾਰ ਵਲੋਂ ਮਿਲਣ ਵਾਲੀ ਮਸਨੂਈ ਮਾਨਤਾ ਤੋਂ ਕੋਫ਼ਤ, ਨੈਲਸਨ ਮੰਡੇਲਾ ਦਾ ਦਹਾਕਿਆਂ ਦਾ ਸੰਘਰਸ਼, ਗੁਰੀਲਿਆਂ ਦੇ ਸੰਗਰਾਮ ਅਤੇ ਫ਼ਾਂਸੀ ਦੇ ਤਖ਼ਤੇ ਤੇ ਖੜ੍ਹੇ ਭਗਤ ਸਿੰਘ ਦੀ ਮੁਸਕਾਨ ਪ੍ਰੇਰਣਾ ਸਰੋਤ ਵੀ ਬਣਦੇ ਹਨ ਅਤੇ ਨਿਜ਼ਾਮ ਦੇ ਵਿਰੋਧਾਭਾਸੀ ਉਪਭੋਗ ਪ੍ਰਤਿ ਵਿਅੰਗ ਵੀ। ਇਸ ਤਰ੍ਹਾਂ, ਇਹ ਕਵਿਤਾ ਕਿਸੇ ਇਕਹਿਰੇ ਭਾਵ ਜਾਂ ਸੁਰ ਦਾ ਕਾਵਿ-ਚਿੱਤਰ ਨਹੀ ਉਸਾਰਦੀ ਸਗੋਂ ਅਜਿਹੇ ਕਾਵਿ-ਪ੍ਰਵਚਨ ਦਾਂ ਨਿਰਮਾਣ ਕਰਨ ਦੀ ਕੋਸ਼ਿਸ਼ ਕਰਦੀ ਹੈ, ਜਿਥੇ ਕਈ ਸਮਰੂਪੀ ਤੇ ਆਤਮ ਵਿਰੋਧੀ ਭਾਵ ਰੱਖਣ ਵਾਲੀਆਂ ਸੁਰਾਂ ਇੱਕ ਦੂਜੇ ਦੀਆਂ ਹਮਕਿਨਾਰ ਹੋ ਕੇ ਬਹੁ-ਪੱਧਰੀ ਕਾਵਿ ਅਰਥਾਂ ਦੀ ਰਚਨਾ ਕਰਦੀਆਂ ਹਨ।

ਪ੍ਰੋ. ਹਰਭਜਨ ਸਿੰਘ ਦੀਆਂ ਹੋਰ ਵੀ ਕਿੰਨੀਆਂ ਹੀ ਕਵਿਤਾਵਾਂ ਜਿਵੇਂ, ‘ਹਿਟਲਰ ਦੀ ਰੂਹ’, ‘ਖੁੱਲ੍ਹਾ ਬਾਜ਼ਾਰ’, ‘ਐ ਜੰਕੀ ਬੁੱਧੀਜੀਵ!’, ‘ਇਕ ਚਿੱਠੀ ਆਪਣੇ ਅਤੀਤ ਦੇ ਨਾਂ’ ਅਤੇ ‘ਮੈਂ ਮੁਖਾਤਿਬ ਹਾਂ’ ਆਦਿ ਗਰੀਬ ਤੇ ਕਮਜ਼ੋਰ ਮੁਲਕਾਂ ਦੀ ਮਹਾ-ਸ਼ਕਤੀਆਂ ਰਾਹੀਂ ਫਾਸ਼ੀਵਾਦੀ ਤਬਾਹੀ ਦੇ ਵਿਰੁੱਧ ਇਨਕਲਾਬੀ ਸੋਚ ਤੇ ਵਿਚਾਰਧਾਰਕ ਪ੍ਰਤੀਬੱਧਤਾ ਦਾ ਪ੍ਰਤੀਕ ਬਣ ਕੇ ਦੁਨੀਆ ਭਰ ਦੇ ਆਵਾਮ ਨੂੰ ਮੁਖ਼ਾਤਿਬ ਹੁੰਦੀਆਂ ਹਨ। ਇਹਨਾਂ ਕਵਿਤਾਵਾਂ ਵਿਚ ਭਾਵੇਂ ਇਨਕਲਾਬ ਦੇ ਸੁਪਨੇ ਦਾ ਸਿੱਧਾ ਜ਼ਿਕਰ ਨਹੀਂ ਵੀ ਹੈ, ਪਰ ਨਿਜ਼ਾਮ ਦੇ ਦਮਨ ਦਾ ਖਾਤਮਾ ਅਤੇ ਮਾਨਵੀ ਮੁੱਲਾਂ ਦੀ ਪੈਰਵੀ ਵਿਚ ਆਸਥਾ ਭਿੰਨ ਭਿੰਨ ਸੁਰਾਂ ਦੇ ਰੂਪ ਵਿਚ ਬਦਲਵੇਂ ਕਾਵਿ-ਚਿਤਰਾਂ ਰਾਹੀਂ ਨਿਰੰਤਰ ਹਾਜ਼ਰ ਰਹਿੰਦੀਆਂ ਹਨ।

(ਚਲਦਾ)

# ‘ਆਪ੍ਰੇਸ਼ਨ ਸੰਧੂਰ’ ਤੇ ਨਕਸਲਵਾਦ ਦੇ ਖ਼ਾਤਮੇ ਨੇ ਤਿਉਹਾਰਾਂ ’ਚ ਰੰਗ ਭਰਿਆ : ਮੋਦੀ

## ‘ਮਨ ਕੀ ਬਾਤ’ ਰਾਹੀਂ ਕੀਤਾ ਸੰਬੋਧਨ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਛੱਠ ਪੂਜਾ ਮੌਕੇ ਵਧਾਈਆਂ ਦਿੱਤੀਆਂ ਤੇ ਕਿਹਾ ਕਿ ਆਪ੍ਰੇਸ਼ਨ ਸੰਧੂਰ ਦੀ ਸਫਲਤਾ ਤੇ ਮਾਓਵਾਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਚੁੱਕੇ ਗਏ ਕਦਮਾਂ ਨੇ ਇਸ ਸਾਲ ਤਿਉਹਾਰਾਂ ਨੂੰ ਹੋਰ ਵੀ ਜੀਵੰਤ ਬਣਾ ਦਿੱਤਾ ਹੈ। ਆਪਣੇ ਮਾਸਿਕ ਰੇਡੀਓ ਸੰਬੋਧਨ ‘ਮਨ ਕੀ ਬਾਤ’ ਦੇ 127ਵੇਂ ਐਡੀਸ਼ਨ ’ਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਛੱਠ ਪੂਜਾ ਸ਼ਰਧਾ, ਪਿਆਰ ਅਤੇ ਪਰੰਪਰਾ ਦਾ ਸੰਗਮ ਹੈ ਅਤੇ ਭਾਰਤ ਦੀ ਸਮਾਜਿਕ ਏਕਤਾ ਨੂੰ ਦਰਸਾਉਂਦਾ ਹੈ। ਮੋਦੀ ਨੇ ਕਿਹਾ, ‘ਛੱਠ ਦਾ ਮਹਾਨ ਤਿਉਹਾਰ ਸੱਭਿਆਚਾਰ, ਕੁਦਰਤ ਅਤੇ ਸਮਾਜ ਵਿਚਕਾਰ ਡੂੰਘੀ ਏਕਤਾ ਦਾ ਪ੍ਰਤੀਬਿੰਬ ਹੈ। ਸਮਾਜ ਦਾ ਹਰ ਵਰਗ ਛੱਠ ਘਾਟਾਂ ’ਤੇ ਇਕੱਠਾ ਹੁੰਦਾ ਹੈ।’ ਉਨ੍ਹਾਂ ਕਿਹਾ, ‘ਇਹ ਨਜ਼ਾਰਾ ਭਾਰਤ ਦੀ ਸਮਾਜਿਕ ਏਕਤਾ ਦੀ ਸਭ ਤੋਂ ਸੁੰਦਰ ਉਦਾਹਰਣ ਹੈ। ਤੁਸੀਂ ਜਿੱਥੇ ਵੀ ਹੋ, ਦੇਸ਼ ਦੇ ਅੰਦਰ ਜਾਂ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ, ਜੇਕਰ ਤੁਹਾਨੂੰ ਮੌਕਾ ਮਿਲੇ, ਤਾਂ ਛੱਠ ਤਿਉਹਾਰ ਵਿੱਚ ਹਿੱਸਾ ਲਓ।’ ਤਿਉਹਾਰਾਂ ਮੌਕੇ ਨਾਗਰਿਕਾਂ ਨੂੰ ਲਿਖੇ ਆਪਣੇ ਪੱਤਰ ਨੂੰ ਯਾਦ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਦੀਆਂ ਪ੍ਰਾਪਤੀਆਂ ਨੇ ਤਿਉਹਾਰਾਂ ਦੇ ਮੌਸਮ ਨੂੰ ਹੋਰ ਵੀ ਜੀਵੰਤ ਬਣਾ ਦਿੱਤਾ ਹੈ। ‘ਆਪ੍ਰੇਸ਼ਨ ਸੰਧੂਰ’ ਨੇ ਹਰ ਭਾਰਤੀ ਨੂੰ ਮਾਣ ਮਹਿਸੂਸ ਕਰਵਾਇਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਵਾਰ ਮਾਓਵਾਦੀ ਦਹਿਸ਼ਤ ਦੇ ਹਨੇਰੇ ਵਿਚ ਡੁੱਬੇ ਇਲਾਕਿਆਂ ਵਿਚ ਵੀ ਖੁਸ਼ੀ ਦੇ ਦੀਵੇ ਜਗਾਏ ਗਏ ਹਨ। ਪ੍ਰਧਾਨ ਮੰਤਰੀ ਨੇ ਕਿਹਾ, ‘ਲੋਕ ਮਾਓਵਾਦੀ ਦਹਿਸ਼ਤ ਦਾ ਪੂਰੀ ਤਰ੍ਹਾਂ ਖ਼ਾਤਮਾ ਚਾਹੁੰਦੇ ਹਨ, ਜਿਸ ਨੇ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਨੂੰ ਖ਼ਤਰਾ ਪੈਦਾ ਕੀਤਾ।’ ਮੋਦੀ ਨੇ ਕੋਮਾਰਾਮ ਭੀਮ ਦੀ ਹਿੰਮਤ ਦੀ ਵੀ ਪ੍ਰਸੰਸਾ ਕੀਤੀ, ਜਿਸ ਨੇ ਹੈਦਰਾਬਾਦ ਦੇ ਨਿਜ਼ਾਮ ਦੇ ਅੱਤਿਆਚਾਰਾਂ ਵਿਰੁੱਧ ਲੜਾਈ ਲੜੀ ਅਤੇ ਇਲਾਕੇ ਦੇ ਕਿਸਾਨਾਂ ਦੀਆਂ ਫ਼ਸਲਾਂ ਜ਼ਬਤ ਕਰਨ ਲਈ ਆਪਣੇ ਦੁਆਰਾ ਭੇਜੇ ਗਏ ਇੱਕ ਅਧਿਕਾਰੀ ਨੂੰ ਮਾਰ ਦਿੱਤਾ।



# ਸਤਿੰਦਰ ਸਰਤਾਜ ਦੀ ਮਿੱਠੀ ਆਵਾਜ਼ ਵਿੱਚ ‘ਹਿੰਦ ਦੀ ਚਾਦਰ’ ਗੀਤ ਇਤਿਹਾਸ ਨਾਲ ਜੋੜਦਾ ਹੈ : ਹਰਜੋਤ ਸਿੰਘ ਬੈਂਸ

## 9 ਸਾਲ ਕੇ ਗੋਬਿੰਦ ਸੇ ਕਰਾਰ ਕੀਏ ਥੇ ਆਨੰਦਪੁਰ ਮੇਂ ਪਹੁੰਚ ਸੰਸਕਾਰ ਕੀਏ ਥੇ

ਸ੍ਰੀ ਅਨੰਦਪੁਰ ਸਾਹਿਬ : ਨੌਵੇਂ ਪਾਤਸ਼ਾਹੀ ਸਾਹਿਬ ਸ੍ਰੀ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੁਨੀਆਂ ਵਿੱਚ ਵੱਸਦੇ ਹਰ ਇੱਕ ਵਿਅਕਤੀ ਨੂੰ ਪਤਾ ਹੈ ਖਾਸ ਕਰਕੇ ਹਿੰਦੂਆਂ ਦੇ ਧਰਮ ਨੂੰ ਬਚਾਉਣ ਲਈ ਨੌਵੇਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੀਸ ਦਾ ਬਲਿਦਾਨ ਦਿੱਤਾ ਸੀ। ਇਸ ਸ਼ਹਾਦਤ ਨੂੰ ਸਮਰਪਿਤ ਪੰਜਾਬੀ ਸੂਫੀ ਗਾਇਕ ਸਤਿੰਦਰ ਸਰਤਾਜ ਨੇ ਆਪਣੀ ਮਿੱਠੀ ਆਵਾਜ਼ ਵਿੱਚ ਹਿੰਦ ਦੀ ਚਾਦਰ ਨਵਾਂ ਟਰੈਕ ਕੱਢ ਇਹ ਆਪਣੇ ਸ਼ਬਦਾਂ ਨੂੰ ਗੀਤ ਵਿਚ ਸੰਜੋਇਆ ਹੈ ਜਿਸ ਵਿੱਚ ਉਹਨਾਂ ਨੇ ਸਾਰੇ ਇਤਿਹਾਸ ਦਾ ਜ਼ਿਕਰ ਕਰ ਦਿੱਤਾ ਹੈ ਜੋ ਨੌਵੀਂ ਪਾਤਸ਼ਾਹੀ ਨਾਲ ਸੰਬੰਧਿਤ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਨੌਜਵਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਜੋ ਸ੍ਰੀ ਆਨੰਦਪੁਰ ਸਾਹਿਬ ਤੋਂ ਵਿਧਾਇਕ ਹਨ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦੇ ਹਰਮਨ ਪਿਆਰੇ ਸੂਫੀ ਗਾਇਕ ਸਤਿੰਦਰ ਸਰਤਾਜ ਨੇ ਇਹ ਟਰੈਕ ਕੱਢ ਕੇ ਦੁਨੀਆ ਵਿੱਚ ਇੱਕ ਵਾਰ ਆਪਣੇ ਗੀਤ ਨਾਲ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਫਿਰ ਤੋਂ ਜੋੜ ਦਿੱਤਾ ਹੈ ਜਿਸ ਕਾਰਨ ਸਾਰਿਆਂ ਦਾ ਧਿਆਨ ਵੀ





ਗੁਰੂ ਮਹਾਰਾਜ ਦੇ ਚਰਨਾਂ ਵਿੱਚ ਲੱਗ ਜਾਂਦਾ ਹੈ।

ਨੌਵੇਂ ਗੁਰੂ ਪੈਦਾ ਹੋਏ ਗੁਰੂ ਕੇ ਮਹਲ ਮੇ ਥਾ ਅੰਮ੍ਰਿਤਸਰ ਹਰਿਗੋਬਿੰਦ ਜੀ ਕੀ ਟਹਲ ਮੇ ਬਹਾਦੁਰੀ ਬਾਲਕ ਕੀ ਦੇਖ ਤੇਗ ਦੇ ਦਈਏ ਤਿਆਗ ਮਲ ਕੋ ਨਾਮੁ ਤਬ ਦੇ ਤੇਗ ਦੇ ਗੀਏ ਬਾਬਾ ਬਕਾਲਾ ਕਹਿਦਿਆ ਥਾ ਆਠਵੇਂ ਗੁਰੂ 22 ਸਮੰਜੀਓ ਮੈਂ ਫਿਰ ਤਲਾਸ਼ ਕੀ ਸੀ। ਸ਼ੁਰੂ ਮੱਖਣ ਸ਼ਾਹ ਲੁਬਾਣੇ ਕਾ ਬੇੜਾ ਪਾਰ ਲਗਾਇਆ। ਇਸ ਮੌਕੇ ’ਤੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਤੇ ਜਾਣਕਾਰੀ ਦਿੰਦੇ ਹੋਏ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੇਰੇ ਦਿਲ ਨੂੰ ਇਹ ਗੀਤ ਸੁਣ ਕੇ ਬਹੁਤ ਸਕੂਨ ਮਿਲਿਆ ਹੈ ਅਤੇ ਇਸ ਗੀਤ ਵਿੱਚ ਗੁਰੂ ਸਾਹਿਬ ਦੇ ਬਚਪਨ ਤੋਂ ਲੈ ਕੇ ਉਨਾਂ ਦੀ ਜਵਾਨੀ ਵੇਲੇ ਗੁਰੂ ਸਾਹਿਬ ਤੇਗ ਮਲ ਤੋਂ ਕਿਵੇਂ ਤੇਗ ਬਹਾਦਰ ਬਣੇ ਅਤੇ ਇਸ ਦੇ ਨਾਲ ਹੀ ਉਹਨਾਂ ਦੀ ਜੀਵਨੀ ਅਤੇ ਉਹਨਾਂ ਦੀ ਸ਼ਹਾਦਤ ਦੀ ਕੁਰਬਾਨੀ 4 ਮਿੰਟ 45 ਸਕਿੰਟ ਵਿੱਚ ਬਿਆਨ ਕੀਤੀ ਹੈ ਜੋ ਕਿ ਬਹੁਤ ਮਾਣ ਅਤੇ ਸਤਿਕਾਰ ਦੀ ਗੱਲ ਹੈ।

# ਸਿੱਖ ਕਤਲੇਆਮ ਦੀ ਬੇ-ਇਨਸਾਫੀ



ਨਵੰਬਰ 1984 ਦਾ ਪਹਿਲਾਂ ਹਫਤਾ ਦਿੱਲੀ ਚ ਘੁੱਗ ਵਸਦੇ ਸਿੱਖਾਂ ਤੇ ਢਾਹੇ ਗਏ ਅਜਿਹੇ ਕਹਿਰ ਦਾ ਸਮਾ ਸੀ,ਜਿਸ ਨੇ ਨਾ ਸਿਰਫ ਸਿੱਖਾਂ ਦੀ ਇੱਜਤ ਆਬਰੂ ਨਾਲ ਖਿਲਬਾੜ ਕਰਕੇ ਬੇਰਹਿਮੀ ਨਾਲ ਕਤਲਿਆਮ ਕੀਤਾ,ਬਲਕਿ ਸਿੱਖ ਮਨਾਂ ਚ ਧੁਖਦੀ ਬੇਗਾਨਗੀ ਦੀ ਅਗਨੀ ਨੂੰ ਹੋਰ ਪਰਚੰਡ ਕਰ ਦਿੱਤਾ। ਦਿੱਲੀ ਚ ਦਹਾਕਿਆਂ ਤੋ ਸਾਨ ਨਾਲ ਵਸਦੇ ਸਿੱਖਾਂ ਦੇ ਪਰਿਵਾਰ ਅਤੇ ਕਾਰੋਬਾਰ ਪਲਾਂ ਚ ਸਾੜ ਕੇ ਸੁਆਹ ਕਰ ਦਿੱਤੇ ਗਏ। ਧੀਆਂ ਅਪਣੇ ਮਾਪਿਆਂ ਤੋਂ ਵਾਂਝੀਆਂ ਹੋ ਗਈਆਂ,ਭੈਣਾਂ ਦੇ ਸਾਹਮਣੇ ਭਰਾਵਾਂ ਦੇ ਕਤਲ ਹੁੰਦੇ ਰਹੇ, ਨਿਹੱਥੀਆਂ ਅਤੇ ਬੇਬੱਸ ਮਾਂਤਾਵਾਂ ਅਪਣੀ ਅਤੇ ਅਪਣੀਆਂ ਧੀਆਂ ਦੀ ਪਤ ਰੁਲਵਾ ਕੇ ਅਧ ਸੜੀਆਂ ਲਾਸਾਂ ਬਣ ਗਈਆਂ। ਪਰਿਵਾਰ ਦੇ ਮੁੱਖੀ ਗਲਾਂ ਚ ਪਏ ਜਲਦੇ ਟਾਇਰਾਂ ਨਾਲ ਝੁਲਸ ਕੇ ਮਰਨ ਤੋ ਪਹਿਲਾਂ ਸਾਹਮਣੇ ਪਰਿਵਾਰ ਦੀ ਆਬਰੂ ਨੂੰ ਤਾਰ ਤਾਰ ਹੁੰਦਾ ਦੇਖ ਅੱਗ ਦੇ ਨਾਲ ਨਹੀ ਬਲਕਿ ਬੇਬਸ ਹੋਈ ਗੈਰਤ ਦੇ ਜਵਾਰਭਾਟੇ ਨਾਲ ਦਮ ਤੋੜਦੇ ਰਹੇ। ਅਧੁਨਿਕ ਦੁਨੀਆਂ ਦੇ ਇਸ ਸਭ ਤੋ ਭਿਅੰਕਰ ਅਤੇ ਹੌਲਨਾਕ ਵਰਤਾਰੇ ਦੀ ਗੱਲ ਕਰਨ ਤੋਂ ਪਹਿਲਾਂ ਇੱਕ ਨਜਰ ਉਸ ਪਿਛੋਕੜ ਤੇ ਵੀ ਲਾਜਮੀ ਮਾਰਨੀ ਪਵੇਗੀ, ਜਿੱਥੋਂ ਇਸ ਵਰਤਾਰੇ ਦਾ ਮੁੱਢ ਬੱਝਦਾ ਹੈ, ਤਾਂ ਕਿ ਸਿੱਖ ਰਾਜ ਖੁੱਸ ਜਾਣ ਤੋਂ ਬਾਅਦ ਸਿੱਖ ਕੌਂਮ ਦੇ ਪੱਲੇ ਪਈਆਂ ਖੱਜਲ ਖੁਆਰੀਆਂ ਦੀ ਜੜ ਤੱਕ ਪੁੱਜਿਆ ਜਾ ਸਕੇ। ਇਹ ਦੇ ਵਿੱਚ ਹੁਣ ਕਿਸੇ ਨੂੰ ਕੋਈ ਭੁਲੇਖਾ ਨਹੀ ਕਿ ਦੇਸ ਦੀ ਅਜਾਦੀ ਵੇਲੇ ਦੀ ਸਿੱਖ ਲੀਡਰਸ਼ਿਪ ਅੰਗਰੇਜਾਂ ਵੱਲੋਂ ਖੋਹੇ ਗਏ ਵਿਸਾਲ ਖਾਲਸਾ ਰਾਜ ਨੂੰ ਵਾਪਸ ਲੈਣ ਦਾ ਚੇਤਾ ਅਸਲੋਂ ਹੀ ਵਿਸਾਰ ਚੁੱਕੀ ਸੀ। 1849 ਤੋਂ ਬਾਅਦ ਅੰਗਰੇਜ ਹਕੂਮਤ ਨੇ ਬੜੀ ਚਲਾਕੀ ਨਾਲ ਗੁਰਦੁਆਰਾ ਪ੍ਰਬੰਧ ਤੇ ਅਪਣੇ ਵਫਾਦਾਰ ਸਾਧ ਲਾਣੇ ਦਾ ਕਬਜਾ ਕਰਵਾ ਦਿੱਤਾ,ਜਿੰਨਾਂ ਨੇ ਮਰਯਾਦਾ ਅਤੇ ਸਿੱਖੀ ਸਿਧਾਂਤ ਤਹਿਸ ਨਹਿਸ ਕਰ ਕੇ ਸਮੁੱਚਾ ਗੁਰਦੁਆਰਾ ਪ੍ਰਬੰਧ ਬ੍ਰਾਹਮਣੀ ਰੰਗ ਵਿੱਚ ਰੰਗ ਲਿਆ। ਅੰਗਰੇਜਾਂ ਵੱਲੋਂ ਕੀਤੇ ਗਏ ਕਬਜੇ ਨੇ ਜਿੱਥੇ ਸਿੱਖ ਕੌਂਮ ਦਾ ਸਿਧਾਂਤਕ ਨੁਕਸਾਨ ਕੀਤਾ, ਓਥੇ ਬ੍ਰਾਂਹਮਣਵਾਦ ਦੁਆਰਾ ਫੈਲਾਏ ਜਾ ਰਹੇ ਫੋਕਟ ਕਰਮਕਾਂਡਾਂ ਨੂੰ ਉਤਸਾਹਤ ਕਰਨ ਵਿੱਚ ਵੀ ਉਹਨਾਂ ਦੀ ਮਦਦ ਕੀਤੀ। ਸਿੱਖਾਂ ਨੇ ਭਾਂਵੇਂ ਲੰਮੀ ਜੱਦੋਜਹਿਦ ਨਾਲ ਗੁਰਦੁਆਰੇ ਤਾਂ ਅਜਾਦ ਕਰਵਾ ਲਏ, ਪ੍ਰੰਤੂ ਰਲਗੱਡ ਹੋ ਚੁੱਕੀ ਸਿੱਖ ਮਰਿਯਾਦਾ ਚੋਂ ਬ੍ਰਾਂਹਮਣੀ ਕਰਮਕਾਂਡ ਨੂੰ ਪੂਰੀ ਤਰਾਂ ਅਲੱਗ ਕਰਵਾਉਣ ਵਿੱਚ ਕਾਮਯਾਬ ਨਾ ਹੋ ਸਕੇ। ਇਹੋ ਕਾਰਨ ਹੈ ਕਿ ਅਜਾਦੀ ਤੋਂ ਬਾਅਦ ਆਰ ਐਸ ਐਸ ਗੁਰਦੁਆਰਾ ਪ੍ਰਬੰਧ ਤੇ ਬਹੁਤ ਸੌਖਿਆਂ ਹੀ ਭਾਰੂ ਪੈ ਗਈ। ਜਿਸ ਦਾ ਖਮਿਆਜਾ ਸਿੱਖ ਅੱਜ ਤੱਕ ਭੁਗਤਦੇ ਆ ਰਹੇ ਹਨ। ਅਜਾਦੀ ਤੋਂ ਬਾਅਦ ਮੁਸਲਮਾਨਾਂ ਨੂੰ ਅਪਣਾ ਮੁਲਕ ਪਾਕਿਸਤਾਨ ਮਿਲ ਗਿਆ ਤੇ ਹਿੰਦੂਆਂ ਨੂੰ ਭਾਰਤ,ਜਦੋਂ ਕਿ ਸਿੱਖ ਕੌਂਮ ਬਾਦਸਾਹੀ ਤੇ ਪਾਤਸਾਹੀ ਦੋਨੋ ਹੀ ਖੋ ਬੈਠੀ। ਅੰਗਰੇਜਾਂ ਤੋ ਗੁਰਦੁਆਰੇ ਅਜਾਦ ਕਰਵਾਉਣ ਲਈ ਗੁਰਦੁਆਰਾ ਪ੍ਰਬੰਧ ਦੀ ਲੜਾਈ ਲੜਦੇ ਲੜਦੇ ਸਿੱਖ, ਵਿਸਾਲ ਖਾਲਸਾ ਰਾਜ ਨੂੰ ਚੇਤਿਆਂ ਚੋਂ ਵਿਸਾਰ ਬੈਠੇ,ਜਿਸ ਦਾ ਫਾਇਦਾ ਚਲਾਕ ਬ੍ਰਾਂਹਮਣੀ ਸੋਚ ਨੇ ਖੂਬ ਉਠਾਇਆ ਤੇ ਸਿੱਖਾਂ ਨੂੰ ਅਜਾਦੀ ਦੀ ਲੜਾਈ ਚ ਦੱਬ ਕੇ ਵਰਤਿਆ। ਨਤੀਜੇ ਵਜੋਂ ਅਜਾਦੀ ਦੀ ਲੜਾਈ ਚ ਸਿੱਖਾਂ ਦਾ ਯੋਗਦਾਨ 93 ਫੀਸਦੀ ਰਿਹਾ, ਪਰ ਦੇਸ ਅਜਾਦ ਹੁੰਦਿਆਂ ਹੀ ਸਿੱਖਾਂ ਨੂੰ ਬਦਲੇ ਚ ਮਿਲਿਆ ਮੁਜਰਮਾਨਾ ਬਿਰਤੀ ਦਾ ਤੋਹਫਾ। (ਅਕਤੂਬਰ 1947 ਵਿੱਚ ਪੰਜਾਬ ਦੇ ਗਵਰਨਰ ਨੇ ਸੂਬੇ ਦੇ ਡਿਪਟੀ ਕਮਿਸਨਰਾਂ ਨੂੰ ਇੱਕ ਗਸਤੀ ਪੱਤਰ ਜਾਰੀ ਕੀਤਾ, ਜਿਸ ਵਿੱਚ ਸਿੱਖਾਂ ਨੂੰ ਮੁਜਰਮਾਨਾਂ ਬਿਰਤੀ ਵਾਲੇ ਕਰਾਰ ਦਿੰਦਿਆਂ ਉਹਨਾਂ ਤੇ ਨਜਰ ਰੱਖਣ ਦੇ ਹੁਕਮ ਦਿੱਤੇ ਗਏ ਸਨ) ਰਾਜ ਭਾਗ ਸਿੱਖ ਪਹਿਲਾਂ ਅੰਗਰੇਜਾਂ ਨੂੰ ਹਾਰ ਗਏ ਤੇ 1947 ਤੋ ਬਾਅਦ ਗੁਰਦੁਆਰਾ ਪਰਬੰਧ ਤੇ ਨਾਗਪੁਰੀ ਸੋਚ ਭਾਰੂ ਪੈ ਗਈ। ਇਹ ਕੌੜਾ ਸੱਚ ਹੈ ਕਿ ਦੇਸ ਵੰਡ ਤੋਂ ਬਾਅਦ ਵੀ ਜੋ ਸਿੱਖ ਆਗੂਆਂ ਦੀ ਵਾਰਸ ਵਜੋਂ ਸਿੱਖ ਲੀਡਰਸ਼ਿਪ ਉੱਭਰ ਕੇ ਸਾਹਮਣੇ ਆਈ,ਉਹ ਵੀ ਸਿੱਖੀ ਸਿਧਾਂਤਾਂ ਤੇ ਖਰੀ ਨਹੀ ਉੱਤਰ ਸਕੀ। ਸਿੱਖੀ ਸਿਧਾਤਾਂ ਤੇ ਹੀ ਨਹੀ,ਬਲਕਿ ਲੋਕ ਕਸਵੱਟੀ ਤੇ ਵੀ ਖਰੀ ਨਾ ਉੱਤਰ ਸਕੀ। ਇਸ ਦਾ ਕਾਰਨ ਇਹ ਸੀ ਕਿ ਇਸ ਕੱਟੜਵਾਦੀ ਨਾਗਪੁਰੀ ਸੋਚ ਨੇ ਸਿੱਖਾਂ ਨੂੰ ਆਪਸ ਵਿੱਚ ਵੰਡ ਦਿੱਤਾ।ਸਰਮਾਏਦਾਰ ਸਿੱਖ ਨੂੰ ਕਾਰੋਬਾਰਾਂ ਦੀ ਬੁਰਕੀ ਪਾ ਕੇ ਆਪਣੇ ਵਫਾਦਾਰ ਬਣਾ ਲਿਆ ਅਤੇ ਸਿੱਖ ਕੰਮ ਦੇ ਆਗੂਆਂ ਵਜੋਂ ਸਥਾਪਤ ਕਰ ਦਿੱਤਾ। ਆਮ ਸਿੱਖ ਧੜੇਬੰਦੀਆਂ ਚ ਉਲਝ ਕੇ ਆਪਸ ਵਿੱਚ ਲੜਨ ਜੋਗੇ ਰਹਿ ਗਏ। ਅਜਾਦੀ ਤੋਂ ਬਾਅਦ ਜਿਵੇਂ ਜਿਵੇਂ ਗੁਰਦੁਆਰਾ ਪਰਬੰਧ ਚ ਨਿਘਾਰ ਆਉਂਦਾ ਗਿਆ,ਤਿਵੇਂ ਤਿਵੇਂ ਸਿੱਖੀ ਸਰੂਪ ਤੇ ਹਮਲੇ ਵੱਧਦੇ ਗਏ ਅਤੇ ਲੀਡਰਸ਼ਿਪ ਵੀ ਨਿਘਾਰ ਚ ਹੋਰ ਗਰਕਦੀ ਚਲੀ ਗਈ,ਜਿਸ ਦਾ ਨੁਕਸਾਨ ਕੌਂਮ ਨੇ ਹੱਕ ਲੈਣ ਲਈ ਲਾਏ ਹਰ ਮੋਰਚੇ ਦੀ ਨਾਕਾਮਯਾਬੀ ਨਾਲ ਝੱਲਿਆ। ਨਿੱਜੀ ਲੋਭ ਲਾਲਸਾ ਕਾਰਨ ਖੋਟੀ ਹੋ ਚੁਕੀ ਸਿੱਖ ਲੀਡਰਸ਼ਿਪ ਕਰਕੇ ਕੋਈ ਪਰਾਪਤੀ ਕੀਤੇ ਬਗੈਰ ਹੀ ਮੋਰਚੇ ਸਮਾਪਤ ਹੁੰਦੇ ਰਹੇ। ਲਗਾਤਾਰ 18 ਸਾਲ ਤੱਕ ਪੰਜਾਬੀ ਸੂਬੇ ਲਈ ਲੜਦੇ ਸਿੱਖਾਂ ਨੇ ਸੂਬਾ ਵੀ ਲੰਗੜਾ ਕਰਵਾ ਲਿਆ,ਪਾਣੀ ਵੀ ਗੁਆ ਲਏ,ਬਿਜਲੀ ਵੀ ਖੋਹੀ ਗਈ, ਪਰ ਇਸ ਦੇ ਬਾਵਜੂਦ ਵੀ ਸਬਕ ਕਿਸੇ ਨੇ ਵੀ ਨਹੀ ਸਿੱਖਿਆ।ਅਕਤੂਬਰ 1973 ਚ ਸ੍ਰੀ ਅਨੰਦਪੁਰ ਦਾ ਮਤਾ ਹੋਂਦ ਚ ਆਇਆ, ਜਿਸ ਨੂੰ ਮਤੇ ਵਜੋਂ ਪ੍ਰਵਾਨਗੀ ਤੇ ਅਕਾਲੀ ਲੀਡਰਸ਼ਿਪ ਨੇ ਅਕਤੂਬਰ 1978 ਚ ਦਸਤਖਤ ਕੀਤੇ। ਉਸ ਤੋਂ ਬਾਅਦ 1982 ਵਿੱਚ ਸਰੋਮਣੀ ਅਕਾਲੀ ਦਲ ਅਤੇ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਪਰਾਪਤੀ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੋਰਚੇ ਦਾ ਐਲਾਨ ਕੀਤਾ, ਸੰਤ ਭਿੰਡਰਾਂ ਵਾਲਿਆਂ ਨੇ ਅਕਾਲੀ ਲੀਡਰਾਂ ਦੀ ਕਮਜੋਰ ਮਾਨਸਿਕਤਾ ਨੂੰ ਝੰਜੋੜਨ ਲਈ ਇਹ ਸਪੱਸਟ ਕਿਹਾ ਕਿ ਹੁਣ ਜਾਂ ਤਾਂ ਮੰਗਾਂ ਮਨਵਾਈਆਂ ਜਾਂਣਗੀਆਂ ਜਾਂ ਸਹਾਦਤਾਂ ਹੋਣਗੀਆਂ, ਇਸ ਤੋ ਵਿੱਚ ਵਿਚਾਲੇ ਦੇ ਹੋਰ ਕਿਸੇ ਰਸਤੇ ਦੀ ਕੋਈ ਗੁੰਜਾਇਸ ਨਹੀ ਹੈ,ਇਹ ਮੋਰਚਾ ਹੁਣ ਬਿਨਾਂ ਕੁੱਝ ਪਰਾਪਤ ਕੀਤੇ ਸਮਾਪਤ ਨਹੀ ਹੋਵੇਗਾ। ਇਸ ਤੇ ਦੱਬਵੀਂ ਅਵਾਜ ਵਿੱਚ ਅਕਾਲੀਆਂ ਨੇ ਵੀ ਇਹ ਕਹਿੰਦਿਆਂ ਸਹੀ ਪਾਈ ਕਿ ਜੇਕਰ ਭਾਰਤੀ ਫੌਜ ਸ੍ਰੀ ਦਰਬਾਰ ਸਾਹਿਬ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰੇਗੀ ਤਾਂ ਉਹਨਾਂ ਨੂੰ ਸਾਡੀਆਂ ਲਾਸਾਂ ਉੱਤੋਂ ਦੀ ਗੁਜਰਨਾ ਪਵੇਗਾ। ਸੋ ਧਰਮ ਯੁੱਧ ਮੋਰਚਾ ਲੱਗਿਆ, ਵੱਧ ਅਧਿਕਾਰਾਂ ਦੀ ਗੱਲ ਹੋਈ, ਰਾਜਧਾਨੀ ਦੀ ਗੱਲ ਹੋਈ, ਪਾਣੀਆਂ ਦੇ ਅਧਿਕਾਰਾਂ ਦੀ ਗੱਲ ਹੋਈ, ਸਿੱਖ ਇੱਕ ਵੱਖਰੀ ਕੌਂਮ ਦੀ ਗੱਲ ਹੋਈ, ਪੰਜਾਬੀ ਬੋਲਦੇ ਇਲਾਕਿਆਂ ਦੀ ਗੱਲ ਹੋਈ, ਭਾਵ ਹਰ ਉਹ


ਬਘੇਲ ਸਿੰਘ ਧਾਲੀਵਾਲ

99142-58142




ਪਹਿਲੂ ਜਿਹੜਾ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਵਿੱਚ ਸਾਮਿਲ ਸੀ ਉਹਦਾ ਜਿਕਰ ਹੋਣਾ ਸੁਭਾਵਿਕ ਸੀ, ਪ੍ਰੰਤੂ ਹੋਇਆ ਕੀ ਉਹ ਕਿਸੇ ਤੋ ਲੁਕਿਆ ਛੁਪਿਆ ਨਹੀ ਰਿਹਾ। ਸ੍ਰੀ ਦਰਬਾਰ ਸਾਹਿਬ ਅੰਦਰ ਫੌਜ ਦਾਖਲ ਹੋਈ, ਪ੍ਰੰਤੂ ਫੌਜ ਨੂੰ ਅਕਾਲੀ ਦਲ ਦੇ ਆਗੂਆਂ ਦੀਆਂ ਲਾਸਾਂ ਤੋ ਦੀ ਹੋ ਕੇ ਨਹੀ ਜਾਣਾ ਪਿਆ, ਸਗੋਂ ਫੌਜ ਉਹਨਾਂ ਹਜਾਰਾਂ ਨਿਹੱਥੇ ਸਰਧਾਲੂਆਂ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਮੁੱਠੀ ਭਰ ਮਰਜੀਵੜਿਆਂ ਦੀਆਂ ਲਾਸਾਂ ਦੇ ਉੱਤੋਂ ਦੀ ਸ੍ਰੀ ਦਰਬਾਰ ਸਾਹਿਬ ਵਿੱਚ ਦਾਖਲ ਹੋਈ, ਜਿੰਨਾਂ ਨੇ ਅਕਾਲੀਆਂ ਦੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਦੀ ਸਹੁੰ ਚੁੱਕੀ ਸੀ। ਇਹ ਕਹਿਣ ਵਾਲੇ ਸਾਰੇ ਸਿੱਖ ਆਗੂ ਹੱਥ ਖੜੇ ਕਰਕੇ ਬਾਹਰ ਆ ਗਏ ਤੇ ਬਾਅਦ ਵਿੱਚ ਫਿਰ ਇੱਕ ਬਹੁਤ ਹੀ ਸੋਚੀ ਸਮਝੀ ਸਾਜਿਸ ਤਹਿਤ ਪੰਜਾਬ ਦੇ ਵਾਰਿਸ ਬਣ ਬੈਠੇ। ਸ੍ਰੀ ਦਰਬਾਰ ਸਾਹਿਬ ਤੇ ਹੋਏ ਫੌਜੀ ਹਮਲੇ ਤੋਂ ਮਹਿਜ ਇੱਕ ਸਾਲ ਬਾਅਦ 24 ਜੁਲਾਈ 1985 ਨੂੰ ਕੀਤੇ ਰਜੀਵ ਲੌਂਗੋਵਾਲ ਸਮਝੌਤੇ ਨੇ ਸਿੱਖ ਨੌਜਵਾਨਾਂ ਚੋ ਅਕਾਲੀ ਆਗੂਆਂ ਦੀ ਭਰੋਸੇਯੋਗਤਾ ਨੂੰ ਅਸਲੋਂ ਹੀ ਖਤਮ ਕਰ ਦਿੱਤਾ।

ਬੇਸ਼ੱਕ ਸੰਤ ਹਰਚੰਦ ਸਿੰਘ ਲੌਂਗੋਵਾਲ ਹਥਿਆਰਬੰਦ ਸਿੱਖ ਨੌਜਵਾਨਾਂ ਦੇ ਗੁੱਸੇ ਦਾ ਸ਼ਿਕਾਰ ਹੋ ਗਿਆ, ਪ੍ਰੰਤੂ ਪ੍ਰਕਾਸ ਸਿੰਘ ਬਾਦਲ ਜਿੱਥੇ ਖਾੜਕੂ ਨੌਜੁਆਨਾਂ ਨਾਲ ਨੇੜਤਾ ਰੱਖਦਾ ਰਿਹਾ, ਓਥੇ ਸਿੱਖ ਨਸਲਕੁਸੀ ਲਈ ਤਿਆਰ ਕੀਤੇ ਪੰਜਾਬ ਪੁਲਿਸ ਦੇ ਤਤਕਾਲੀ ਮੁਖੀ ਕੇ ਪੀ ਐਸ ਗਿੱਲ ਨਾਲ ਵੀ ਖਾੜਕੂ ਸਿੱਖ ਸੰਘਰਸ ਨੂੰ ਕੁਚਲਣ ਲਈ ਰਾਤ ਦੇ ਹਨੇਰਿਆਂ ਵਿੱਚ ਬੈਠਕਾਂ ਕਰਦਾ ਰਿਹਾ ਹੈ।ਸੋ ਕਹਿਣ ਤੋ ਭਾਵ ਹੈ ਕਿ ਸਿੱਖ ਨਸਲਕੁਸੀ ਸਮੇਤ ਸਿੱਖਾਂ ਨਾਲ ਹੁੰਦੇ ਆਏ ਧੱਕਿਆਂ ਲਈ ਸਿਰਫ ਕੇਂਦਰ ਹੀ ਜੁੰਮੇਵਾਰ ਨਹੀ ਰਿਹਾ, ਬਲਕਿ ਉਹਨਾਂ ਦੇ ਨਾਲ ਅਕਾਲੀ ਆਗੂ ਵੀ ਭਾਈਵਾਲ ਰਹੇ ਹਨ। ਇਹ ਵੀ ਸੱਚ ਹੈ ਕਿ ਜਿਸ ਤਰਾਂ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਰਾਜਨੀਤੀ ਵਿੱਚ ਸਫਲ ਹੋਣ ਦਾ ਜਰੀਆਂ ਬਣਾਇਆ ਹੈ, ਠੀਕ ਉਸੇ ਤਰ੍ਹਾਂ ਹੀ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਵੀ ਅਕਾਲੀਆਂ ਨੇ ਰਾਜ ਭਾਗ ਤੋਂ ਬਾਹਰ ਹੁੰਦੇ ਹੋਏ ਸਿਰਫ ਵੋਟਾਂ ਹਾਸਲ ਕਰਨ ਵੇਲੇ ਹੀ ਯਾਦ ਕੀਤਾ ਹੈ,ਰਾਜ ਭਾਗ ਪਰਾਪਤ ਕਰਨ ਤੋ ਬਾਅਦ ਕਦੇ ਵੀ ਅਕਾਲੀਆਂ ਨੇ ਦਿੱਲੀ ਕਤਲੇਆਮ ਦੀ ਗੱਲ ਤੱਕ ਵੀ ਨਹੀ ਕੀਤੀ। ਇਸ ਦਾ ਜਿਉਂਦਾ ਜਾਗਦਾ ਸਬੂਤ ਤਤਕਾਲੀ ਬਾਦਲ ਸਰਕਾਰ ਵੱਲੋਂ ਕਰਵਾਏ ਜਾਂਦੇ ਰਹੇ ਕਬੱਡੀ ਕੱਪ ਤੋ ਦੇਖਿਆ ਜਾ ਸਕਦਾ ਹੈ, ਜਦੋ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਅਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇੱਕ ਨਵੰਬਰ ਨੂੰ ਦਿੱਲੀ ਕਤਲੇਆਮ ਨੂੰ ਭੁੱਲ ਕੇ ਕਬੱਡੀ ਕੱਪ ਮੌਕੇ ਕਰੋੜਾਂ ਰੁਪਏ ਖਰਚ ਕਰਕੇ ਫਿਲਮੀ ਸਿਤਾਰਿਆਂ ਦੇ ਠੁਮਕਿਆਂ ਦਾ ਅਨੰਦ ਲੈਂਦੇ ਰਹੇ ਹਨ। ਇਹੋ ਕਾਰਨ ਹੈ ਕਿ ਹਜਾਰਾਂ ਅਭਾਗੇ ਪੀੜਤ ਅੱਜ ਵੀ ਇਨਸਾਫ ਲਈ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ ਤੇ ਬਹੁਤ ਸਾਰੇ ਅਦਾਲਤਾਂ ਦੇ ਚੱਕਰ ਕੱਟਦੇ ਕੱਟਦੇ ਜਹਾਂਨ ਤੋ ਕੂਚ ਕਰ ਗਏ, ਅਦਾਲਤਾਂ ਬਦਮਾਸ ਰਾਜਨੀਤੀ ਦੇ ਸਾਹਮਣੇ ਬੇਬੱਸ ਹੋ ਗਈਆਂ, ਕੌਮੀ ਆਗੂਆਂ ਲਈ ਇਹ ਮੁੱਦਾ ਵੋਟ ਰਾਜਨੀਤੀ ਤੋਂ ਵੱਧ ਕੁੱਝ ਵੀ ਨਾ ਸਮਝਿਆ ਜਾਣ ਕਰਕੇ ਅਪਣਿਆਂ ਤੋ ਮਦਦ ਦੀ ਆਸ ਰੱਖਣ ਵਾਲੇ ਪੀੜਤ ਮਾਯੂਸ ਹੋ ਕੇ ਬੈਠ ਗਏ। ਇਹ ਵੀ ਸੱਚ ਹੈ ਕਿ ਆਮ ਸਿੱਖ ਭਾਂਵੇ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਵਸਦੇ ਹਨ,ਉਹਨਾਂ ਦੇ ਮਨਾਂ ਵਿੱਚ ਇਸ ਦੁਖਾਂਤ ਦਾ ਦਰਦ ਹੈ, ਉਹ ਹਰ ਸਾਲ ਵਿਦੇਸਾਂ ਵਿੱਚ ਇਸ ਦੁਖਾਂਤ ਦੀ ਯਾਦ ਵਿੱਚ ਭਾਰਤੀ ਸਫਾਰਤਖਾਨਿਆਂ ਸਾਹਮਣੇ ਰੋਸ ਪ੍ਰਦਰਸਣ ਵੀ ਕਰਦੇ ਹਨ, ਪੰਜਾਬ ਅੰਦਰ ਵੀ ਇਸ ਨਸਲਕੁਸੀ ਦੇ ਖਿਲਾਫ ਰੋਸ ਪਰਦਰਸਣ ਤੇ ਰੋਸ ਮਾਰਚ ਕੀਤੇ ਜਾਂਦੇ ਹਨ, ਪ੍ਰੰਤੂ ਇਹ ਸੱਚ ਤੋ ਵੀ ਮੁਨਕਰ ਨਹੀ ਹੋਇਆ ਜਾ ਸਕਦਾ ਕਿ ਬੇਈਮਾਨ ਲੀਡਰਸ਼ਿਪ ਕਾਰਨ ਇਸ ਦੁਖਾਂਤ ਨੂੰ ਕੇਂਦਰ ਨੇ ਸਿੱਖ ਕਤਲੇਆਮ ਵਜੋਂ ਵੀ ਪ੍ਰਵਾਂਨ ਨਹੀ ਕੀਤਾ, ਜਾਂ ਇਹ ਕਹਿਣਾ ਵੀ ਗਲਤ ਨਹੀ ਹੋਵੇਗਾ ਕਿ ਯੋਗ ਲੀਡਰਸ਼ਿਪ ਦੀ ਅਣਹੋਂਦ ਕਾਰਨ ਸਿੱਖ ਕੌਮ ਇਸ ਨਸਲਕੁਸੀ ਦਾ ਇਨਸਾਫ ਲੈਣ ਵਿੱਚ ਨਾਕਾਮ ਰਹਿ ਗਈ ਹੈ। ਸੋ ਸਿੱਖ ਕਤਲੇਆਮ ਦੀ ਬੇ-ਇਨਸਾਫੀ ਦਾ ਇਹ ਨਾ ਭਰਨਯੋਗ ਗਹਿਰਾ ਜਖਮ ਨਸੂਰ ਬਣ ਕੇ ਹਮੇਸਾਂ ਅਸਿਹ ਦਰਦ ਦਿੰਦਾ ਰਹੇਗਾ। ਨਵੰਬਰ ਮਹੀਨੇ ਦੇ ਪਹਿਲੇ ਹਫਤੇ ਦੇ ਆਉਣ ਵਾਲੇ ਦਿਨ ਉਸ ਮਨਹੂਸ ਸਮੇ ਦੀ ਯਾਦ ਦਿਵਾਉਂਦੇ ਹੋਏ ਸਿੱਖ ਮਨਾਂ ਤੇ ਨਸੂਰ ਬਣੇ ਜਖਮਾਂ ਨੂੰ ਕੁਰੇਦ ਜਾਂਦੇ ਹਨ।



## ਨਵੰਬਰ 1984 ਦਾ ਸਿੱਖ ਕਤਲੇਆਮ

# ਕਮਿਸ਼ਨਾਂ ਤੇ ਕਮੇਟੀਆਂ 'ਚ ਗੁਆਚ ਕੇ ਰਹਿ ਗਈ ਇਨਸਾਫ਼ ਦੀ ਲੜਾਈ




ਇਤਿਹਾਸਕ ਪ੍ਰਸੰਗ 'ਚ ਨਵੰਬਰ 1984 ਦਾ ਸਿੱਖ ਵਿਰੋਧੀ ਕਤਲੇਆਮ ਵੀ ਉਸੇ ਤਰ੍ਹਾਂ ਸਿੱਖ ਮਾਨਸਿਕਤਾ 'ਚ ਘੱਲੂਘਾਰਾ ਬਣ ਕੇ ਵੱਸ ਚੁੱਕਾ ਹੈ, ਜਿਵੇਂ 1919 ਦੇ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੂੰ ਨਹੀਂ ਭੁਲਾਇਆ ਜਾ ਸਕਦਾ। 31 ਅਕਤੂਬਰ, 1984 ਨੂੰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਦੇ ਖ਼ਿਲਾਫ਼ ਸੋਚਿਆ-ਸਮਝਿਆ ਕਤਲੇਆਮ ਹੋਇਆ। ਰਾਜਧਾਨੀ ਦਿੱਲੀ ਸਮੇਤ ਭਾਰਤ ਭਰ ਦੇ 18 ਸੂਬਿਆਂ ਵਿਚਲੇ 110 ਮੁੱਖ ਸ਼ਹਿਰਾਂ ਵਿਚ ਗਿਣੀ-ਮਿੱਥੀ ਅਤੇ ਇਕੋ-ਜਿਹੀ ਯੋਜਨਾ ਤਹਿਤ ਸਿੱਖਾਂ ਦਾ ਭਿਆਨਕ ਕਤਲੇਆਮ ਹੋਇਆ। ਰਾਜੀਵ ਗਾਂਧੀ ਨੇ 19 ਨਵੰਬਰ, 1984 ਨੂੰ ਬੋਟ ਕਲੱਬ ਨਵੀਂ ਦਿੱਲੀ ਵਿਖੇ ਇੰਦਰਾ ਗਾਂਧੀ ਦੇ ਜਨਮ ਦਿਨ 'ਤੇ ਕਿਹਾ ਸੀ, 'ਇੰਦਰਾ ਜੀ ਦੇ ਕਤਲ ਤੋਂ ਬਾਅਦ ਦੇਸ਼ ਵਿਚ ਕੁਝ ਦੰਗੇ ਹੋਏ। ਸਾਨੂੰ ਪਤਾ ਹੈ ਕਿ ਲੋਕੀਂ ਕਾਫ਼ੀ ਗੁੱਸੇ ਵਿਚ ਸਨ, ਲੱਗਦਾ ਸੀ ਪੂਰਾ ਭਾਰਤ ਹਿੱਲ ਗਿਆ ਹੈ, ਪਰ ਜਦੋਂ ਇਕ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੀ ਹੈ।' 31 ਅਕਤੂਬਰ, 1984 ਨੂੰ ਸਵੇਰੇ ਲਗਪਗ 9.20 ਵਜੇ ਇੰਦਰਾ ਗਾਂਧੀ ਨੂੰ ਉਸ ਦੇ ਦੋ ਅੰਗ ਰੱਖਿਅਕਾਂ ਨੇ ਗੋਲੀਆਂ ਮਾਰੀਆਂ ਅਤੇ ਕਰੀਬ 10.50 ਵਜੇ ਇੰਦਰਾ ਗਾਂਧੀ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਸ) ਵਿਖੇ ਮ੍ਰਿਤਕ ਕਰਾਰ ਦਿੱਤਾ ਗਿਆ। ਸ਼ਾਮੀਂ 4 ਵਜੇ ਰਾਜੀਵ ਗਾਂਧੀ ਪੱਛਮੀ ਬੰਗਾਲ ਤੋਂ ਆ ਕੇ 'ਏਮਸ' ਹਸਪਤਾਲ ਪਹੁੰਚਦਾ ਹੈ ਅਤੇ ਉਸ ਇਲਾਕੇ ਨੇੜੇ ਸਿੱਖਾਂ ਨਾਲ ਛੋਟੀਆਂ-ਮੋਟੀਆਂ ਹਿੰਸਕ ਘਟਨਾਵਾਂ ਹੁੰਦੀਆਂ ਹਨ। ਸ਼ਾਮੀਂ 5.30 ਵਜੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਦੇਸ਼ ਯਾਤਰਾ ਤੋਂ ਵਾਪਸ ਆਏ ਤਾਂ 'ਏਮਸ' ਦੇ ਬਾਹਰ ਉਨ੍ਹਾਂ ਦੇ ਕਾਫ਼ਲੇ 'ਤੇ ਵੀ ਪਥਰਾਅ ਹੁੰਦਾ ਹੈ। ਸਿੱਖ ਕਤਲੇਆਮ ਦੀ ਪਹਿਲੀ ਘਟਨਾ 1 ਨਵੰਬਰ ਨੂੰ ਪੂਰਬੀ ਦਿੱਲੀ ਵਿਚ ਸਵੇਰੇ ਵਾਪਰੀ। ਬਸ ਫਿਰ ਕੀ ਸੀ, 5 ਨਵੰਬਰ ਤੱਕ ਦਿੱਲੀ, ਕਾਨਪੁਰ, ਬੋਕਾਰੋ ਸਮੇਤ ਦੇਸ਼ ਦੇ ਲਗਭਗ 110 ਸ਼ਹਿਰਾਂ 'ਚ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਦੇ ਹੋਏ ਕਤਲੇਆਮ 'ਚ 7 ਹਜ਼ਾਰ ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਜਿਊਂਦੇ ਸਾੜਿਆ ਤੇ ਕੋਹ-ਕੋਹ ਕੇ ਮਾਰ ਦਿੱਤਾ ਗਿਆ। ਸੈਂਕੜੇ ਔਰਤਾਂ ਦੀ ਬੇਪਤੀ ਹੋਈ, ਕਰੋੜਾਂ ਦੀ ਸੰਪਤੀ ਲੁੱਟੀ ਅਤੇ ਸਾੜ ਦਿੱਤੀ ਗਈ।

ਇਕੱਲੇ ਦਿੱਲੀ ਵਿਚ ਹੀ ਸਰਕਾਰੀ ਰਿਕਾਰਡ ਅਨੁਸਾਰ 2733 ਕਤਲ ਹੋਏ। ਜ਼ਖ਼ਮੀਆਂ ਦੀ ਗਿਣਤੀ 2966 ਅਤੇ ਜਾਇਦਾਦ ਦੀ ਲੁੱਟ-ਖਸੁੱਟ ਅਤੇ ਸਾੜ-ਫੂਕ ਦੀਆਂ ਘਟਨਾਵਾਂ 10,897 ਵਾਪਰੀਆਂ। ਇਸੇ ਦੌਰਾਨ ਦਿੱਲੀ ਵਿਚ ਫ਼ਿਰਕੂ ਕਤਲੇਆਮ ਨੂੰ ਰੋਕਣ ਲਈ ਸੀਨੀਅਰ ਵਕੀਲ ਤੇ ਵਿਰੋਧੀ ਧਿਰ ਦੇ ਨੇਤਾ ਰਾਮ ਜੇਠਮਲਾਨੀ ਗ੍ਰਹਿ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਨੂੰ ਮਿਲੇ। ਕਈ ਹੋਰ ਧਰਮ-ਨਿਰਪੱਖ ਆਗੂਆਂ ਨੇ ਵੀ ਸਰਕਾਰ ਨੂੰ ਹਾਲਾਤ 'ਤੇ ਕਾਬੂ ਪਾਉਣ ਲਈ ਆਖਿਆ, ਪਰ ਸਰਕਾਰੀ ਤੌਰ 'ਤੇ ਕੋਈ ਵੀ ਅਜਿਹੀ ਕਾਰਵਾਈ ਨਹੀਂ ਕੀਤੀ ਗਈ, ਜਿਸ ਨਾਲ ਹਾਲਾਤ ਨੂੰ ਮੁਢਲੇ ਪੜਾਅ 'ਤੇ ਹੀ ਕਾਬੂ ਕਰ ਲਿਆ ਜਾਂਦਾ।

ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਅੱਜ 34 ਸਾਲ ਬੀਤ ਚੁੱਕੇ ਹਨ, ਪਰ ਇਸ ਦੇ ਪੀੜਤਾਂ ਦੇ ਜ਼ਖ਼ਮ ਹਾਲੇ ਵੀ ਤਾਜ਼ਾ ਹਨ। 34 ਸਾਲਾਂ 'ਚ ਇਨ੍ਹਾਂ ਦੇ ਜ਼ਖ਼ਮਾਂ 'ਤੇ ਨਾ ਕਿਸੇ ਨੇ ਮਰਹੱਮ ਲਗਾਈ, ਨਾ ਅਦਾਲਤਾਂ ਨੇ ਇਨਸਾਫ਼ ਦਿੱਤਾ ਤੇ ਨਾ ਹੀ ਪੁਕਾਰ ਸੁਣੀ। ਦੋਸ਼ੀ ਸੱਤਾ ਸੁੱਖ ਮਾਣਦੇ ਰਹੇ ਪਰ ਪੀੜਤਾਂ ਦੇ ਪੱਲੇ ਜੇ ਕੁਝ ਪਿਆ ਤਾਂ ਕੇਵਲ ਖੱਜਲ-ਖੁਆਰੀ ਤੇ ਨਿਰਾਸ਼ਾ। ਦੁਨੀਆ ਦੇ ਸਭ ਤੋਂ ਵੱਡੇ ਜਮਹੂਰੀ ਦੇਸ਼ ਕਹਾਉਂਦੇ ਭਾਰਤ ਦੀ ਮੁੱਖ ਧਾਰਾ ਦੀ ਲੀਡਰਸ਼ਿਪ ਵਲੋਂ ਸਿੱਖ ਕਤਲੇਆਮ ਦਾ ਇਨਸਾਫ਼ ਦਿੱਤੇ ਬਗ਼ੈਰ ਹੀ ਵਾਰ-ਵਾਰ ਸਿੱਖਾਂ ਨੂੰ ਬੀਤੇ ਨੂੰ ਭੁੱਲ ਕੇ ਦੇਸ਼ ਦੀ ਉੱਨਤੀ 'ਚ ਭਾਈਵਾਲ ਬਣਨ ਦੀਆਂ ਨਸੀਹਤਾਂ ਦਿੱਤੀਆਂ ਜਾਂਦੀਆਂ ਹਨ।

**ਜਾਂਚ ਕਮਿਸ਼ਨ/ ਕਮੇਟੀਆਂ ਦਾ ਵੇਰਵਾ** ਨਵੰਬਰ 1984 ਦੇ ਸਿੱਖ ਕਤਲੇਆਮ ਦੀ ਪੜਤਾਲ ਲਈ ਹੁਣ ਤੱਕ 10 ਜਾਂਚ ਕਮੇਟੀਆਂ/ਕਮਿਸ਼ਨ ਅਤੇ ਇਕ ਵਿਸ਼ੇਸ਼ ਜਾਂਚ ਟੀਮ ਬਿਠਾਏ ਗਏ, ਪਰ ਇਨ੍ਹਾਂ ਨੇ ਕਈ ਮੁੱਖ ਦੋਸ਼ੀ ਜਾਂ ਤਾਂ ਬਰੀ ਕਰ ਦਿੱਤੇ ਜਾਂ ਉਨ੍ਹਾਂ ਨੂੰ ਕਦੇ ਵੀ ਦੋਸ਼ੀ ਨਹੀਂ ਮੰਨਿਆ। ਸਭ ਤੋਂ ਅਖ਼ੀਰਲਾ ਕਮਿਸ਼ਨ 'ਨਾਨਾਵਤੀ ਕਮਿਸ਼ਨ' ਸੀ, ਜਿਸ ਦੇ ਮੁਖੀ ਜਸਟਿਸ ਜੀ.ਟੀ. ਨਾਨਾਵਤੀ ਸਨ। ਇਸ ਕਮਿਸ਼ਨ ਦੀ 185 ਸਫ਼ਿਆਂ ਦੀ ਰਿਪੋਰਟ 9 ਫ਼ਰਵਰੀ, 2005 ਨੂੰ ਤਤਕਾਲੀ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੂੰ ਦਿੱਤੀ ਗਈ ਅਤੇ ਇਹ ਰਿਪੋਰਟ 8 ਅਗਸਤ 2005 ਨੂੰ ਸੰਸਦ ਵਿਚ ਪੇਸ਼ ਕੀਤੀ ਗਈ। ਸਾਲ 2015 'ਚ ਕੇਂਦਰ ਦੀ ਮੋਦੀ ਸਰਕਾਰ ਵਲੋਂ ਸਿੱਖ ਕਤਲੇਆਮ ਦੇ ਅਣਸੁਲਝੇ ਅਤੇ ਬੰਦ ਪਏ ਪੁਲਿਸ ਮਾਮਲਿਆਂ ਨੂੰ ਮੁੜ ਖੋਲ੍ਹਣ ਲਈ 'ਵਿਸ਼ੇਸ਼ ਜਾਂਚ ਟੀਮ' ਦਾ ਗਠਨ ਕੀਤਾ ਗਿਆ ਸੀ, ਪਰ ਪੌਣੇ ਚਾਰ ਸਾਲ ਬਾਅਦ ਵੀ ਇਸ ਜਾਂਚ ਟੀਮ ਦੀ ਰਿਪੋਰਟ ਨਹੀਂ ਆ ਸਕੀ।

**ਮਰਵਾਹ ਕਮਿਸ਼ਨ** : ਉਸ ਵੇਲੇ ਦੇ ਐਡੀਸ਼ਨਲ ਕਮਿਸ਼ਨਰ ਪੁਲਿਸ ਵੇਦ ਮਰਵਾਹਾ ਦੀ ਅਗਵਾਈ 'ਚ ਨਵੰਬਰ 1984 'ਚ ਬਣਾਏ ਇਸ ਪਹਿਲੇ ਕਮਿਸ਼ਨ ਨੂੰ ਸਿੱਖ ਵਿਰੋਧੀ ਕਤਲੇਆਮ ਦੌਰਾਨ ਪੁਲਿਸ ਦੀ ਭੂਮਿਕਾ ਤੇ ਡਿਊਟੀਆਂ ਦੀ ਪੜਤਾਲ ਕਰਨ ਲਈ ਕਿਹਾ ਗਿਆ ਸੀ। ਬਹੁਤ ਸਾਰੇ ਦਿੱਲੀ ਪੁਲਿਸ ਦੇ ਅਫ਼ਸਰ ਦਿੱਲੀ ਹਾਈ ਕੋਰਟ ਦੀ ਸ਼ਰਨ ਵਿਚ ਚਲੇ ਗਏ ਅਤੇ ਵੇਦ ਮਰਵਾਹਾ ਨੇ ਆਪਣੀ ਪੜਤਾਲ 1985 ਦੇ ਮੱਧ ਵਿਚ ਪੂਰੀ ਕੀਤੀ। ਉਨ੍ਹਾਂ ਨੂੰ ਗ੍ਰਹਿ ਮੰਤਰੀ ਵਲੋਂ ਅਗਾਂਹ ਨਾ ਵਧਣ ਦੇ ਨਿਰਦੇਸ਼ ਦਿੱਤੇ ਗਏ।

ਤਲਵਿੰਦਰ ਸਿੰਘ ਬੁੱਟਰ

**ਮਿਸ਼ਰਾ ਕਮਿਸ਼ਨ** : ਮਈ 1985 ਵਿਚ ਸੁਪਰੀਮ ਕੋਰਟ ਦੇ ਤਤਕਾਲੀ ਜੱਜ ਜਸਟਿਸ ਰੰਗ ਨਾਥ ਮਿਸ਼ਰਾ 'ਤੇ ਆਧਾਰਿਤ ਸਥਾਪਤ ਕੀਤੇ ਗਏ ਇਸ ਕਮਿਸ਼ਨ ਨੇ ਆਪਣੀ ਰਿਪੋਰਟ ਅਗਸਤ 1986 ਵਿਚ ਪੇਸ਼ ਕੀਤੀ। ਛੇ ਮਹੀਨੇ ਬਾਅਦ ਫ਼ਰਵਰੀ 1987 ਵਿਚ ਇਹ ਰਿਪੋਰਟ ਜਨਤਕ ਕੀਤੀ ਗਈ। ਇਸ ਕਮਿਸ਼ਨ ਦੀ ਜਾਂਚ ਨੂੰ ਸਿੱਖ ਕਤਲੇਆਮ ਦੀ ਜਾਂਚ ਕਰ ਰਹੀਆਂ ਦੋ ਸਮਾਜ ਸੇਵੀ ਸੰਸਥਾਵਾਂ 'ਪੀਪਲ ਯੂਨੀਅਨ ਫਾਰ ਡੈਮੋਕਰੇਟਿਵ ਰਾਈਟ' ਅਤੇ 'ਪੀਪਲ ਯੂਨੀਅਨ ਫਾਰ ਸਿਵਲ ਲਿਬਰਟੀ' ਨੇ ਦੋਸ਼ੀਆਂ ਨੂੰ ਬਚਾਉਣ ਦਾ ਦੋਸ਼ ਲਾਉਂਦੇ ਹੋਏ ਠੁਕਰਾ ਦਿੱਤਾ ਸੀ।

**ਕਪੂਰ-ਮਿੱਤਲ ਕਮੇਟੀ** : ਜਸਟਿਸ ਦਲੀਪ ਕਪੂਰ ਅਤੇ ਉੱਤਰ ਪ੍ਰਦੇਸ਼ ਦੇ ਸੇਵਾਮੁਕਤ ਸਕੱਤਰ ਸ੍ਰੀਮਤੀ ਕੁਸਮ ਮਿੱਤਲ ਦੀ ਅਗਵਾਈ ਹੇਠ ਇਸ ਕਮੇਟੀ ਦਾ ਗਠਨ ਫ਼ਰਵਰੀ 1987 ਵਿਚ ਮਿਸ਼ਰਾ ਕਮਿਸ਼ਨ ਦੀ ਸਿਫ਼ਾਰਿਸ਼ 'ਤੇ ਪੁਲਿਸ ਦੀ ਭੂਮਿਕਾ ਦੀ ਜਾਂਚ ਲਈ ਕੀਤਾ ਗਿਆ ਸੀ। ਇਸ ਕਮੇਟੀ ਨੇ 1990 ਵਿਚ ਆਪਣੀ ਜਾਂਚ ਪੂਰੀ ਕੀਤੀ ਅਤੇ 72 ਪੁਲਿਸ ਅਫ਼ਸਰਾਂ ਦੀ ਪਛਾਣ ਕੀਤੀ, ਜਿਨ੍ਹਾਂ ਨੇ ਜਾਂ ਤਾਂ ਕਤਲੇਆਮ ਵੇਲੇ ਆਪਣੀ ਬਣਦੀ ਡਿਊਟੀ ਨਿਭਾਉਣ ਵਿਚ ਭਾਰੀ ਕੁਤਾਹੀ ਕੀਤੀ ਜਾਂ ਫਿਰ ਦੰਗਾਕਾਰੀਆਂ ਦੀ ਸ਼ਰੇਆਮ ਮਦਦ ਕੀਤੀ। ਕਮੇਟੀ ਨੇ 72 ਅਫ਼ਸਰਾਂ ਵਿਚੋਂ 30 ਪੁਲਿਸ ਅਫ਼ਸਰਾਂ ਨੂੰ ਤਾਂ ਨੌਕਰੀ ਤੋਂ ਤੁਰੰਤ ਬਰਖ਼ਾਸਤ ਕਰਨ ਦੀਆਂ ਸਿਫ਼ਾਰਿਸ਼ਾਂ ਵੀ ਕੀਤੀਆਂ ਸਨ ਪਰ ਅੱਜ ਤੱਕ ਇਨ੍ਹਾਂ ਵਿਚੋਂ ਕਿਸੇ ਪੁਲਿਸ ਅਧਿਕਾਰੀ ਨੂੰ ਕਿਸੇ ਤਰ੍ਹਾਂ ਦੀ ਕੋਈ ਸਜ਼ਾ ਨਹੀਂ ਹੋਈ। ਉਲਟਾ ਪੁਲਿਸ ਅਧਿਕਾਰੀਆਂ ਨੂੰ ਕਈ-ਕਈ ਤਰੱਕੀਆਂ ਵੀ ਦਿੱਤੀਆਂ ਗਈਆਂ।

**ਜੈਨ ਬੈਨਰਜੀ ਕਮੇਟੀ** : ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਐਮ.ਐਲ. ਜੈਨ ਅਤੇ ਸੇਵਾਮੁਕਤ ਆਈ.ਜੀ. ਏ.ਕੇ. ਬੈਨਰਜੀ ਦੀ ਅਗਵਾਈ ਵਾਲੀ ਜੈਨ ਬੈਨਰਜੀ ਕਮੇਟੀ ਨੇ ਅਗਸਤ 1987 'ਚ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਮਾਮਲਾ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ ਸੀ। ਨਵੰਬਰ 1987 ਵਿਚ ਸਾਰੀਆਂ ਪ੍ਰੈੱਸ ਰਿਪੋਰਟਾਂ ਵਿਚ ਲਿਖਿਆ ਗਿਆ ਕਿ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ। ਦਸੰਬਰ 1987 ਵਿਚ ਕਾਂਗਰਸੀ ਆਗੂ ਅਤੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੇ ਇਕ ਸਾਥੀ ਬ੍ਰਹਮਾਨੰਦ ਗੁਪਤਾ ਨੇ ਦਿੱਲੀ ਹਾਈ ਕੋਰਟ ਵਿਚ ਕੇਸ ਕਰਕੇ ਇਸ ਕਮੇਟੀ ਖ਼ਿਲਾਫ਼ ਸਟੇਅ ਆਰਡਰ ਪ੍ਰਾਪਤ ਕਰ ਲਿਆ। ਆਖ਼ਰਕਾਰ ਅਗਸਤ 1989 ਵਿਚ ਇਸ ਕਮੇਟੀ ਨੂੰ ਖ਼ਾਰਜ ਕਰ ਦਿੱਤਾ ਗਿਆ।

**ਪੋਟਾ ਰੋਸ਼ਾ ਕਮੇਟੀ** : ਪੋਟਾ ਰੋਸ਼ਾ ਕਮੇਟੀ ਦਾ ਗਠਨ ਮਾਰਚ 1990 ਵਿਚ ਵੀ.ਪੀ. ਸਿੰਘ ਦੀ ਸਰਕਾਰ ਸਮੇਂ ਜੈਨ-ਬੈਨਰਜੀ ਕਮੇਟੀ ਦੇ ਕੰਮ ਨੂੰ ਅੱਗੇ ਵਧਾਉਣ ਲਈ ਕੀਤਾ ਗਿਆ। ਅਗਸਤ 1990 ਵਿਚ ਪੋਟਾ ਰੋਸ਼ਾ ਦੀ ਸਿਫ਼ਾਰਿਸ਼ 'ਤੇ ਪੀੜਤਾਂ ਦੇ ਹਲਫ਼ੀਆ ਬਿਆਨ ਲੈ ਕੇ ਕੇਸ ਦਰਜ ਕਰਨ ਲਈ ਆਖਿਆ ਗਿਆ। ਇਨ੍ਹਾਂ ਵਿਚੋਂ ਇਕ ਸੱਜਣ ਕੁਮਾਰ ਦੇ ਖ਼ਿਲਾਫ਼ ਸੀ। ਇਕ ਸੀ.ਬੀ.ਆਈ. ਦੀ ਟੀਮ ਸੱਜਣ ਕੁਮਾਰ ਦੇ ਘਰ ਗਈ, ਉਸ ਦੇ ਸਮਰਥਕਾਂ ਨੇ ਟੀਮ ਨੂੰ ਬੰਦੀ ਬਣਾ ਕੇ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਦੇ ਆਗੂ ਖ਼ਿਲਾਫ਼ ਕੋਈ ਕਦਮ ਚੁੱਕਿਆ ਤਾਂ ਟੀਮ ਦਾ ਨੁਕਸਾਨ ਕੀਤਾ ਜਾਵੇਗਾ। ਨਤੀਜੇ ਵਜੋਂ ਸਤੰਬਰ 1990 ਵਿਚ ਆਪਣਾ ਕਾਰਜਕਾਲ ਪੂਰਾ ਹੋਣ 'ਤੇ ਵੀ ਪੋਟਾ ਰੋਸ਼ਾ ਨੇ ਆਪਣੀ ਜਾਂਚ ਰਿਪੋਰਟ ਪੇਸ਼ ਨਹੀਂ ਕੀਤੀ।

**ਜੈਨ-ਅਗਰਵਾਲ ਕਮੇਟੀ** : ਦਸੰਬਰ 1990 ਵਿਚ ਗਠਿਤ ਕੀਤੀ ਇਸ ਕਮੇਟੀ ਦੇ ਮੈਂਬਰ ਦਿੱਲੀ ਹਾਈ ਕੋਰਟ ਦੇ ਸੇਵਾ ਮੁਕਤ ਜੱਜ



ਜਸਟਿਸ ਜੇ.ਡੀ. ਜੈਨ ਅਤੇ ਉੱਤਰ ਪ੍ਰਦੇਸ਼ ਦੇ ਸੇਵਾ-ਮੁਕਤ ਡੀ.ਜੀ.ਪੀ. ਡੀ.ਕੇ. ਅਗਰਵਾਲ ਸਨ। ਇਸ ਕਮੇਟੀ ਨੇ ਕਾਂਗਰਸੀ ਆਗੂ ਐੱਚ.ਕੇ. ਐਲ. ਭਗਤ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਅਤੇ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ। ਇਸ ਕਮੇਟੀ ਦੀਆਂ ਸਿਫ਼ਾਰਿਸ਼ਾਂ 'ਤੇ ਇਕ ਵੀ ਕੇਸ ਦਰਜ ਨਹੀਂ ਹੋਇਆ ਅਤੇ ਇਸ ਕਮੇਟੀ ਦੀ ਮਿਆਦ ਅਗਸਤ 1993 ਵਿਚ ਸਮਾਪਤ ਹੋ ਗਈ।

**ਆਹੂਜਾ ਕਮੇਟੀ :** ਆਹੂਜਾ ਕਮੇਟੀ ਦਾ ਮਕਸਦ ਦਿੱਲੀ ਵਿਚ ਮਾਰੇ ਗਏ ਸਿੱਖਾਂ ਦੀ ਗਿਣਤੀ ਪਤਾ ਕਰਨਾ ਸੀ। ਇਸ ਕਮੇਟੀ ਨੇ ਆਪਣੀ ਜਾਂਚ ਰਿਪੋਰਟ ਅਗਸਤ 1987 ਵਿਚ ਪੇਸ਼ ਕੀਤੀ ਅਤੇ ਇਕੱਲੀ ਦਿੱਲੀ ਵਿਚ 2733 ਸਿੱਖਾਂ ਦੇ ਮਾਰੇ ਜਾਣ ਦੀ ਸਰਕਾਰੀ ਰਿਕਾਰਡ ਅਨੁਸਾਰ ਪੁਸ਼ਟੀ ਕੀਤੀ।

**ਢਿੱਲੋਂ ਕਮੇਟੀ :** ਢਿੱਲੋਂ ਕਮੇਟੀ ਦਾ ਗਠਨ ਗੁਰਦਿਆਲ ਸਿੰਘ ਢਿੱਲੋਂ ਦੀ ਅਗਵਾਈ ਹੇਠ 1985 ਵਿਚ ਕੀਤਾ ਗਿਆ ਅਤੇ ਇਸ ਦਾ ਮੁੱਖ ਉਦੇਸ਼ ਪੀੜਤਾਂ ਦਾ ਮੁੜ ਵਸੇਬਾ ਅਤੇ ਸਹਾਇਤਾ ਕਰਨਾ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ 1985 ਦੇ ਅਖ਼ੀਰ ਵਿਚ ਪੇਸ਼ ਕੀਤੀ। ਇਸ ਕਮੇਟੀ ਦੀ ਸਭ ਤੋਂ ਮਹੱਤਵਪੂਰਨ ਸਿਫ਼ਾਰਸ਼ ਸੀ ਕਿ ਸਿੱਖ ਕਤਲੇਆਮ ਦੌਰਾਨ ਸਿੱਖਾਂ ਦੇ ਜਿਹੜੇ ਇੰਸ਼ੋਰੈਂਸ ਹੋਏ ਵਪਾਰਕ ਅਦਾਰਿਆਂ ਦੀ ਸਾੜ-ਫੂਕ ਅਤੇ ਨੁਕਸਾਨ ਦਾ ਮੁਆਵਜ਼ਾ ਦੇਣ ਤੋਂ ਇੰਸ਼ੋਰੈਂਸ ਕੰਪਨੀਆਂ ਵਾਲੇ ਇਨਕਾਰ ਕਰ ਰਹੇ ਸਨ, ਉਨ੍ਹਾਂ ਅਦਾਰਿਆਂ ਦੇ ਨੁਕਸਾਨ ਦਾ ਮੁਆਵਜ਼ਾ ਇੰਸ਼ੋਰੈਂਸ ਕੰਪਨੀਆਂ ਵਲੋਂ ਸਰਕਾਰ ਦੇ ਹੁਕਮਾਂ ਅਨੁਸਾਰ ਜਲਦ ਤੋਂ ਜਲਦ ਦਿੱਤਾ ਜਾਵੇ। ਸਰਕਾਰ ਨੇ ਇਸ ਕਮੇਟੀ ਦੀਆਂ ਸਿਫ਼ਾਰਸ਼ਾਂ ਨਹੀਂ ਮੰਨੀਆਂ ਅਤੇ ਜਿਸ ਦੇ ਨਤੀਜੇ ਵਜੋਂ ਸਾਰੇ ਦੇਸ਼ ਵਿਚ ਇੰਸ਼ੋਰੈਂਸ ਕੰਪਨੀਆਂ ਨੇ ਇੰਸ਼ੋਰੈਂਸ ਕਲੇਮ ਦੇਣ ਤੋਂ ਨਾਂਹ ਕਰ ਦਿੱਤੀ।

**ਨਰੂਲਾ ਕਮੇਟੀ :** ਨਰੂਲਾ ਕਮੇਟੀ ਦਾ ਗਠਨ ਦਸੰਬਰ 1993 ਵਿਚ ਦਿੱਲੀ ਦੇ ਮੁੱਖ ਮੰਤਰੀ ਮਦਨ ਲਾਲ ਖੁਰਾਣਾ ਦੀ ਸਰਕਾਰ ਸਮੇਂ ਹੋਇਆ। ਕਮੇਟੀ ਨੇ ਆਪਣੀ ਜਾਂਚ ਰਿਪੋਰਟ ਜਨਵਰੀ 1994 ਵਿਚ ਪੇਸ਼ ਕੀਤੀ, ਜਿਸ ਦੀ ਮੁੱਖ ਸਿਫਾਰਸ਼ ਕੇਂਦਰ ਸਰਕਾਰ ਨੂੰ ਇਸ ਮਸਲੇ ਵਿਚ ਗਰਾਂਟ ਮਨਜ਼ੂਰ ਕਰਨ ਲਈ ਕਹਿਣਾ ਸੀ। ਇਸ ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਕਿ ਐੱਚ.ਕੇ. ਐਲ. ਭਗਤ, ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਦੇ ਖ਼ਿਲਾਫ਼ ਕੇਸ ਦਰਜ ਕੀਤੇ ਜਾਣ।

**ਨਾਨਾਵਤੀ ਕਮਿਸ਼ਨ :** ਨਾਨਾਵਤੀ ਕਮਿਸ਼ਨ ਦੀ ਸਥਾਪਨਾ ਕੇਂਦਰ 'ਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੇ 'ਕੌਮੀ ਜਮਹੂਰੀ ਗੱਠਜੋੜ' ਦੀ ਸਰਕਾਰ ਬਣਨ ਤੋਂ ਬਾਅਦ 8 ਮਈ, 2000 ਨੂੰ ਰਾਜ ਸਭਾ ਦੇ ਇਕ ਸਰਬਸੰਮਤੀ ਵਾਲੇ ਫ਼ੈਸਲੇ ਵਿਚ ਕੀਤੀ ਗਈ। ਇਸ ਕਮਿਸ਼ਨ ਦੇ ਮੁਖੀ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਜੀ.ਟੀ. ਨਾਨਾਵਤੀ ਸਨ। ਕਮਿਸ਼ਨ ਨੇ ਆਪਣੀ ਜਾਂਚ ਰਿਪੋਰਟ ਫ਼ਰਵਰੀ 2005 ਵਿਚ ਪੇਸ਼ ਕੀਤੀ। ਕਮਿਸ਼ਨ ਨੇ ਕਿਹਾ ਕਿ ਉਸ ਕੋਲ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਕਮਲ ਨਾਥ, ਧਰਮਦਾਸ ਸ਼ਾਸਤਰੀ ਅਤੇ ਐੱਚ.ਕੇ.ਐਲ. ਭਗਤ ਖ਼ਿਲਾਫ਼ ਪੁਖਤਾ ਸਬੂਤ ਹਨ ਕਿ ਉਨ੍ਹਾਂ ਨੇ ਭੀੜ ਨੂੰ ਹਿੰਸਾ ਲਈ ਉਕਸਾਇਆ ਸੀ। ਕਮਿਸ਼ਨ ਨੇ ਇਸ ਦੇ ਨਾਲ ਹੀ ਸਿੱਖ ਕਤਲੇਆਮ ਵੇਲੇ ਦੇ ਦਿੱਲੀ ਪੁਲਿਸ ਕਮਿਸ਼ਨਰ ਐਸ.ਸੀ. ਟੰਡਨ ਨੂੰ ਸਿੱਧੇ ਤੌਰ 'ਤੇ ਇਸ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਇਆ। ਜਦੋਂ ਇਹ ਰਿਪੋਰਟ ਪੇਸ਼ ਹੋਈ ਤਾਂ ਉਸ ਵੇਲੇ ਕੇਂਦਰ 'ਚ ਕਾਂਗਰਸ ਦੀ ਸਰਕਾਰ ਬਣ ਚੁੱਕੀ ਸੀ ਅਤੇ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ, ਜੋ ਕਿ ਇਕ ਸਿੱਖ ਹਨ, ਨੂੰ ਵੀ ਇਸ ਕਤਲੇਆਮ ਲਈ ਸੰਸਦ ਵਿਚ ਸਿੱਖਾਂ ਕੋਲੋਂ ਮੁਆਫ਼ੀ ਮੰਗਣੀ ਪਈ।

**ਮੋਦੀ ਸਰਕਾਰ ਦੀ ਵਿਸ਼ੇਸ਼ ਜਾਂਚ ਟੀਮ :** ਭਾਜਪਾ ਨੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਇਹ ਵਾਅਦਾ ਕੀਤਾ ਸੀ ਕਿ ਉਸ ਦੀ ਸਰਕਾਰ ਬਣਨ ਤੋਂ ਬਾਅਦ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਜਾਵੇਗਾ। ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਬਣਨ ਤੋਂ ਬਾਅਦ 12 ਫ਼ਰਵਰੀ, 2015 ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਸੀ, ਜਿਸ ਵਿਚ ਸਾਬਕਾ ਆਈ.ਪੀ.ਐਸ. ਅਧਿਕਾਰੀ ਪ੍ਰਮੋਦ ਅਸਥਾਨਾ, ਦਿੱਲੀ ਪੁਲਿਸ ਦੇ ਏ.ਡੀ.ਸੀ. ਕੁਮਾਰ ਗਿਆਨੇਸ਼ ਤੇ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਕੇਸ਼ ਕਪੂਰ ਸ਼ਾਮਿਲ ਹਨ। ਇਸ ਟੀਮ ਨੂੰ ਛੇ ਮਹੀਨੇ ਦੇ ਅੰਦਰ ਆਪਣੀ ਰਿਪੋਰਟ ਸਰਕਾਰ ਨੂੰ ਸੌਂਪਣ ਲਈ ਆਖਿਆ ਗਿਆ ਸੀ, ਪਰ ਅਜੇ ਤੱਕ ਜਾਂਚ ਮੁਕੰਮਲ ਨਹੀਂ ਹੋ ਸਕੀ। ਇਕ ਦਰਜਨ ਦੇ ਕਰੀਬ ਜਾਂਚ ਕਮਿਸ਼ਨ/ ਕਮੇਟੀਆਂ/ ਵਿਸ਼ੇਸ਼ ਜਾਂਚ ਟੀਮਾਂ, 3600 ਤੋਂ ਵਧੇਰੇ ਗਵਾਹ, 32 ਸਾਲ ਦਾ ਵਕਫ਼ਾ ਅਤੇ ਅਦਾਲਤਾਂ 'ਚ ਇਨਸਾਫ਼ ਲਈ ਪੀੜਤਾਂ ਦੀਆਂ ਪੁਕਾਰਾਂ ਵੀ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਨਹੀਂ ਕਰ ਸਕੀਆਂ। ਨਿਆਂਪਾਲਿਕਾ ਨੇ ਵੀ ਸਿੱਖਾਂ ਨਾਲ ਇਨਸਾਫ਼ ਕਰਨ ਦੀ ਥਾਂ ਸਿਰਫ਼



ਖੱਜਲ-ਖੁਆਰੀ ਅਤੇ ਬੇਗਾਨੇਪਣ ਦਾ ਦਰਦ ਹੀ ਦਿੱਤਾ ਹੈ। ਇਕੱਲੇ ਨਵੀਂ ਦਿੱਲੀ 'ਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਸਿਰਫ਼ 11 ਮਾਮਲਿਆਂ ਵਿਚ 30 ਵਿਅਕਤੀਆਂ ਨੂੰ ਹੀ ਸਾਧਾਰਨ ਉਮਰ ਕੈਦ ਦੀ ਸਜ਼ਾ ਹੋਈ, ਜਿਨ੍ਹਾਂ ਵਿਚ ਕਤਲੇਆਮ ਦੇ ਕਿਸੇ ਵੀ ਮੁੱਖ ਸਾਜਿਸ਼ਕਾਰ ਅਤੇ ਅਗਵਾਈ ਕਰਨ ਵਾਲੇ ਵੱਡੇ ਆਗੂ ਨੂੰ ਸਜ਼ਾ ਨਹੀਂ ਮਿਲੀ। ਸਰਕਾਰੀ ਅੰਕੜਿਆਂ ਮੁਤਾਬਿਕ ਹਮਲੇ ਕਰਨ, ਸੱਟਾਂ ਮਾਰਨ ਦੇ ਅਤੇ ਹੋਰ 450 ਮਾਮਲਿਆਂ ਵਿਚੋਂ ਵੀ ਮਾਮੂਲੀ ਜਿਹੀ ਸਜ਼ਾ ਸਿਰਫ਼ 200 ਵਿਅਕਤੀਆਂ ਨੂੰ ਹੀ ਹੋਈ। ਇਸ ਦੀ ਨਿਸਬਤ ਦੇਖਿਆ ਜਾਵੇ ਤਾਂ ਸਾਲ 2002 'ਚ ਗੁਜਰਾਤ ਕਤਲੇਆਮ ਦੌਰਾਨ 1100 ਦੇ ਲਗਭਗ ਮੁਸਲਮਾਨਾਂ ਦੇ ਕਤਲੇਆਮ ਦੇ ਦੋਸ਼ ਵਿਚ ਹੁਣ ਤੱਕ 130 ਦੋਸ਼ੀਆਂ ਨੂੰ ਉਮਰ ਕੈਦ, 10 ਦੋਸ਼ੀਆਂ ਨੂੰ ਫਾਂਸੀ ਅਤੇ ਇਕ ਤਤਕਾਲੀ ਮੰਤਰੀ ਮਾਇਆ ਕੋਡਨਾਨੀ ਨੂੰ 28 ਸਾਲ ਦੀ ਸਜ਼ਾ ਸੁਣਾਈ ਗਈ। ਸਿੱਖ ਕਤਲੇਆਮ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ 'ਚ ਅਜਿਹੀ ਸ਼ਿੱਦਤ ਕਿਉਂ ਨਹੀਂ ਦਿਖਾਈ ਗਈ? ਇਹ ਸਵਾਲ ਸਾਡੇ ਦੇਸ਼ ਦੀ ਜਮਹੂਰੀਅਤ, ਧਰਮ-ਨਿਰਪੱਖਤਾ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਸੋਚ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਉਂਦੇ ਹਨ।



ਕਾਂਗਰਸ ਵਲੋਂ ਅਕਸਰ 1984 ਦੇ ਸਿੱਖ ਕਤਲੇਆਮ ਲਈ ਪ੍ਰਗਟ ਕੀਤੇ ਜਾਂਦੇ ਅਫ਼ਸੋਸ 'ਚੋਂ 'ਦੰਭ' ਦੀ ਬੋਅ ਵੀ ਆਉਂਦੀ ਹੈ। ਸਿੱਖ ਕਤਲੇਆਮ ਦੀਆਂ ਜਾਂਚ-ਰਿਪੋਰਟਾਂ ਹੀ ਇਹ ਗੱਲ ਸਾਬਤ ਕਰਦੀਆਂ ਹਨ ਕਿ ਇਹ ਕਤਲੇਆਮ ਇਕ ਯੋਜਨਾਬੱਧ, ਸਰਕਾਰੀ ਅਤੇ ਪ੍ਰਸ਼ਾਸਨਿਕ ਸਰਪ੍ਰਸਤੀ ਹੇਠ ਹੋਇਆ ਸੀ। ਇਸ ਕਤਲੇਆਮ ਲਈ ਸਰਕਾਰ ਸਿੱਧੇ ਤੌਰ 'ਤੇ ਦੋਸ਼ੀ ਹੈ। ਸਰਕਾਰ ਵਲੋਂ ਸਿੱਖ ਕਤਲੇਆਮ ਦੀ ਪਹਿਲੀ ਵਾਰ ਮੁਆਫ਼ੀ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਹੀ ਮੰਗੀ ਸੀ, ਜਿਹੜੇ ਖ਼ੁਦ ਪੀੜਤ ਭਾਈਚਾਰੇ ਨਾਲ ਸਬੰਧਿਤ ਹਨ। ਕਾਂਗਰਸ ਹਮੇਸ਼ਾ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ 'ਕਤਲੇਆਮ' ਵਜੋਂ ਕਬੂਲ ਕਰਨ ਤੋਂ ਵੀ ਭੱਜਦੀ ਰਹੀ ਹੈ। ਕਾਂਗਰਸ ਆਗੂ ਅਕਸਰ ਸਿੱਖ ਕਤਲੇਆਮ ਲਈ 'ਟਰੈਜ਼ਿਟੀ' ਸ਼ਬਦ ਦੀ ਵਰਤੋਂ ਕਰਦੇ ਹਨ, ਜਿਹੜਾ ਸਿਧਾਂਤਕ ਤੌਰ 'ਤੇ ਸਾਬਤ ਕਰਦਾ ਹੈ ਕਿ ਕਾਂਗਰਸ ਹਾਲੇ ਤੱਕ ਸਿੱਖਾਂ ਦੀ ਯੋਜਨਾਬੱਧ ਨਸਲਕੁਸ਼ੀ ਨੂੰ 'ਟਰੈਜ਼ਿਟੀ', 'ਦੁਖਾਂਤ' ਜਾਂ 'ਹਾਦਸਾ' ਆਖ ਕੇ 'ਕਤਲੇਆਮ' ਮੰਨਣ ਤੋਂ ਭੱਜ ਰਹੀ ਹੈ। ਕਾਂਗਰਸ ਵਲੋਂ ਜਦੋਂ ਵੀ ਸਿੱਖ ਭਾਈਚਾਰੇ ਨੂੰ 1984 ਦੇ ਕਤਲੇਆਮ ਨੂੰ ਭੁੱਲ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਉਸ ਦਾ ਅੰਦਾਜ਼ ਕਤਲੇਆਮ ਨੂੰ ਨਿਆਂਸੰਗਤ ਠਹਿਰਾਉਣ ਵਾਲਾ ਹੁੰਦਾ ਹੈ। ਕਾਂਗਰਸ ਦੇ 125 ਸਾਲਾ ਇਤਿਹਾਸ ਦੀ ਪੁਸਤਕ 'ਸੈਂਟੇਨੇਰੀ ਹਿਸਟਰੀ ਆਫ਼ ਦ ਇੰਡੀਅਨ ਨੈਸ਼ਨਲ ਕਾਂਗਰਸ' ਵਿਚ ਵੀ ਸਿੱਖਾਂ ਨੂੰ 1984 ਦੇ ਘੱਲੂਘਾਰੇ ਨੂੰ ਭੁੱਲਣ ਲਈ ਆਖਿਆ ਗਿਆ ਹੈ। ਪੁਸਤਕ ਦੇ ਅਧਿਆਏ 'ਹਿੰਦੂ ਕਮਿਊਨਲ ਚੈਲੇਂਜ 1964, 1984' ਵਿਚ ਇਹ ਤਾਂ ਮੰਨਿਆ ਹੈ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਭਰ 'ਚ ਸਿੱਖਾਂ ਦੇ ਵੱਡੇ ਪੱਧਰ 'ਤੇ ਹਮਲੇ ਹੋਏ ਅਤੇ ਜ਼ਿਆਦਾਤਰ ਮਾਮਲਿਆਂ 'ਚ ਇਨ੍ਹਾਂ ਹਮਲਿਆਂ ਦੀ ਅਗਵਾਈ ਕਾਂਗਰਸ ਦੇ ਆਗੂਆਂ ਨੇ ਕੀਤੀ। ਪੁਸਤਕ 'ਚ ਕਿਹਾ ਗਿਆ ਹੈ ਕਿ, 'ਹੁਣ ਇਤਿਹਾਸ ਸਮੇਂ ਦਾ ਪੂਰਾ ਚੱਕਾ ਕੱਟ ਚੁੱਕਿਆ ਹੈ। ਕਦੇ ਨਵੰਬਰ 1984 'ਚ ਸਿੱਖ ਆਪਣੀ ਪਛਾਣ ਲੁਕਾਉਣ ਲਈ ਮਜਬੂਰ ਸਨ, ਪਰ ਮਈ, 2004 'ਚ ਸਿੱਖ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੂੰ ਸਭ ਤੋਂ ਵੱਡੇ ਲੋਕਤੰਤਰ ਦੀ ਕਾਰਜਪਾਲਿਕਾ ਦੇ ਸਰਬਉੱਚ ਅਹੁਦੇ ਲਈ ਚੁਣਿਆ ਗਿਆ ਹੈ, ਤਾਂ ਅਜਿਹੇ 'ਚ ਸਿੱਖਾਂ ਨੂੰ ਅਤੀਤ ਨਾਲ ਬੱਝੇ ਨਾ ਰਹਿ ਕੇ ਭਵਿੱਖ ਵੱਲ ਦੇਖਣਾ ਚਾਹੀਦਾ ਹੈ।' ਪੁਸਤਕ ਦੀ ਇਹ ਇਬਾਰਤ ਬਿਨਾਂ ਇਨਸਾਫ਼ ਦਿੱਤਿਆਂ ਹੀ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਬੜੇ ਸਾਜਿਸ਼ੀ ਤਰੀਕੇ ਨਾਲ ਕਹਿ ਰਹੀ ਹੈ ਕਿ ਉਸ ਸਾਕੇ ਨੂੰ ਭੁੱਲ ਜਾਓ। ਵਿਰੋਧੀ ਧਿਰ 'ਚ ਹੁੰਦਿਆਂ ਭਾਜਪਾ ਵਲੋਂ ਕਾਂਗਰਸ ਨੂੰ ਸਿੱਖ ਵਿਰੋਧੀ ਕਤਲੇਆਮ ਲਈ ਸਿਆਸੀ ਫਰੰਟ 'ਤੇ ਘੇਰਿਆ ਜਾਂਦਾ ਰਿਹਾ ਹੈ ਪਰ ਹੁਣ ਭਾਰਤ ਦੀ ਕੇਂਦਰ 'ਚ ਭਾਜਪਾ ਦੇ ਬਹੁਮਤ ਵਾਲੀ ਸਰਕਾਰ ਹੈ ਤਾਂ ਭਾਜਪਾ ਨੂੰ ਇਨਸਾਫ਼ ਲਈ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਕਰਕੇ ਮਿਸਾਲੀ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਦੇ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਰਣਨੀਤੀ 'ਤੇ ਵੀ ਸਵਾਲ ਉੱਠਦੇ ਹਨ ਕਿ ਜਦੋਂ ਉਹ ਸੱਤਾ 'ਚ ਹੁੰਦਾ ਹੈ ਤਾਂ ਉਦੋਂ ਉਹ ਚੁੱਪ ਕਰ ਜਾਂਦਾ ਹੈ ਪਰ ਸੱਤਾ ਤੋਂ ਬਾਹਰ ਹੋ ਕੇ ਉਹ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਧਰਨੇ-ਸੰਘਰਸ਼ ਵਿੱਢ ਲੈਂਦਾ ਹੈ। ਨਵੰਬਰ 1984 ਤੋਂ ਬਾਅਦ ਪੰਜਾਬ 'ਚ ਤਿੰਨ ਵਾਰ ਸੱਤਾ 'ਚ ਹੁੰਦਿਆਂ ਅਤੇ ਕੇਂਦਰ 'ਚ ਆਪਣੀ ਭਾਈਵਾਲ ਭਾਰਤੀ ਜਨਤਾ ਪਾਰਟੀ ਦੀ ਦੋ ਵਾਰ ਸਰਕਾਰ ਰਹਿਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਪੂਰਨ ਇਨਸਾਫ਼ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦੁਆ ਸਕਿਆ। ਅਜੇ ਵੀ ਸਮਾਂ ਹੈ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਫਾਸਟ ਟਰੈਕ ਅਦਾਲਤਾਂ ਰਾਹੀਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਏ ਅਤੇ ਪੀੜਤਾਂ ਦੇ ਪੂਰਨ ਮੁੜ-ਵਸੇਬੇ ਲਈ ਵੱਡੀ ਪਹਿਲਕਦਮੀ ਕਰਨ ਲਈ ਅੱਗੇ ਆਵੇ। ਅਜਿਹਾ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਕੇਂਦਰ ਵਿਚ ਆਪਣੀ ਭਾਈਵਾਲ ਪਾਰਟੀ 'ਤੇ ਦਬਾਅ ਪਾਉਣਾ ਚਾਹੀਦਾ ਹੈ। ਸਿੱਖ ਕੌਮ ਨੂੰ 1984 ਦੇ ਦਰਦ ਵਿਚੋਂ ਬਾਹਰ ਕੱਢਣ ਅਤੇ ਭਾਰਤ ਦੀ ਬਹੁਪੱਖੀ ਤਰੱਕੀ 'ਚ ਬਰਾਬਰ ਦਾ ਭਾਈਵਾਲ ਬਣਾਉਣ ਲਈ ਸਿੱਖਾਂ ਅਤੇ ਪੰਜਾਬ ਦੇ ਉਨ੍ਹਾਂ ਚਿਰੋਕਣੇ ਮਸਲਿਆਂ ਨੂੰ ਵੀ ਫ਼ੌਰੀ ਤੌਰ 'ਤੇ ਹੱਲ ਕਰਨਾ ਚਾਹੀਦਾ ਹੈ, ਜਿਹੜੇ 1984 ਦੇ ਘੱਲੂਘਾਰੇ ਦੀ ਪਿੱਠਭੂਮੀ ਨਾਲ ਜੁੜੇ ਹੋਏ ਹਨ।



# ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ 24ਵਾਂ ਮਹਾਨ ਕੀਰਤਨ ਦਰਬਾਰ ਅਮਿੱਟ ਯਾਦਾਂ ਨਾਲ ਹੋਇਆ ਸਮਾਪਤ

## ਸਤਿਗੁਰੂ ਰਵਿਦਾਸ ਮਹਾਰਾਜ, ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣਾ ਹੀ ਮਕਸਦ : ਸੰਧੂ, ਸਿੱਧੂ, ਬੱਧਣ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਸਭਾ ਪੰਜਾਬ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਮਰਪਿਤ 24ਵਾਂ ਮਹਾਨ ਕੀਰਤਨ ਦਰਬਾਰ ਪਿੰਡ ਸੈਂਚਾਂ ਮਹਿੰਗਰੋਵਾਲ ਰੋਡ ਹੁਸ਼ਿਆਰਪੁਰ ਵਿਖੇ ਅਮਿੱਟ ਯਾਦਾਂ ਨਾਲ ਸਮਾਪਤ ਹੋਇਆ। ਜਿਸ ਵਿੱਚ ਦੇਸ਼ ਵਿਦੇਸ਼ ਦੀ ਸੰਗਤ ਨੇ ਸ਼ਰਧਾ ਪੂਰਵਕ ਹਾਜ਼ਰੀ ਭਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਹੇਠ ਚੇਅਰਮੈਨ ਸੁਰਿੰਦਰ ਸੰਧੂ, ਰਿਟਾ. ਐਕਸੀਅਨ, ਜਗਦੀਸ਼ ਬੱਧਣ ਪ੍ਰਧਾਨ, ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ, ਓਮ ਲਾਲ ਸੰਧੂ, ਸਰਬਜੀਤ ਸਿੰਘ ਵਿਰਦੀ, ਐਡਵੋਕੇਟ ਕਮਲਜੀਤ ਸਿੰਘ ਸਰੋਆ ਅਤੇ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਖੁੱਲ੍ਹੇ ਸੁੰਦਰ ਸਜਾਏ ਪੰਡਾਲਾਂ ਵਿਚ ਕੀਰਤਨ ਦੇ ਦੀਵਾਨਾਂ ਦੀ ਆਰੰਭਤਾ ਹੋਈ। ਰਾਗੀ ਜਥੇ ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ, ਭਾਈ ਘਰਜੋਤ ਸਿੰਘ ਖਾਲਸਾ, ਸੰਤ ਨਿਰਮਲ ਸਿੰਘ ਆਬਾਦਾਨ, ਭਾਈ ਗੁਰਪ੍ਰੀਤ ਸਿੰਘ ਰਾੜਾ ਸਾਹਿਬ ਵਾਲੇ, ਸੰਤ ਸਤਨਾਮ ਦਾਸ ਗੱਜਰ ਮਹਿਦੂਦ, ਬਾਬਾ ਹਰਭਜਨ ਸਿੰਘ ਖਾਲਸਾ ਚੱਕ ਸੋਤਲਾ, ਸੰਤ ਗੁਰਮੁੱਖ ਦਾਸ ਸਾਹਰੀ, ਰਿਸ਼ੀ ਰਾਜ ਨਵਾਂ ਸ਼ਹਿਰ, ਸੰਤ ਗੁਰਮੇਲ ਦਾਸ ਰਹੀਮਪੁਰ, ਸੰਤ ਜਸਵਿੰਦਰ ਸਿੰਘ ਡਾਂਡੀਆਂ, ਓਮ ਪ੍ਰਕਾਸ਼ ਰਾਣਾ, ਮਨਜਿੰਦਰ ਬਸਰਾ, ਅਮਰੀਕ ਸਿੰਘ, ਹਰਿੰਦਰ ਸਿੰਘ, ਸ੍ਰੀ ਗੁਰੂ ਰਵਿਦਾਸ ਜੀ ਸਭਾ ਆਦਮਵਾਲ ਦੇ ਸਿਖਿਆਰਥੀਆਂ, ਵਿਕਰਾਂਤ ਸਿੰਘਪੁਰਾ ਆਦਿ ਨੇ ਰਸਭਿੰਨਾ ਕੀਰਤਨ, ਕਥਾ, ਗੁਰਮਤਿ ਵਿਚਾਰਾਂ ਰਾਹੀਂ ਹਾਜ਼ਰ ਸੰਗਤ ਨੂੰ ਨਿਹਾਲ ਕੀਤਾ।

ਇਸ ਮੌਕੇ ਇੰਜੀ. ਸੁਰਿੰਦਰ ਸੰਧੂ, ਐਕਸੀਅਨ ਜਗਦੀਸ਼ ਲਾਲ ਬੱਧਣ, ਠੇਕੇਦਾਰ ਭਗਵਾਨ ਦਾਸ ਸਿੱਧੂ ਅਤੇ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਸੰਤਾਂ ਮਹਾਂਪੁਰਸ਼ਾਂ, ਸਮਾਜਿਕ, ਰਾਜਨੀਤਕ ਸਖਸ਼ੀਅਤਾਂ ਨੂੰ ਸਿਰਪਾਓ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਵਿਜੇ ਸਵੈਨ ਯੂ ਐਸ ਏ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਇੰਜੀ.ਜਗਦੀਸ਼ ਬੱਧਣ ਪ੍ਰਧਾਨ ਨੂੰ ਉਨ੍ਹਾਂ ਦੀਆਂ ਸਮਾਜ ਦੀ ਬਿਹਤਰੀ ਲਈ ਕੀਤੇ ਜਾ ਰਹੇ ਯਤਨਾਂ ਨੂੰ ਦੇਖਦੇ ਹੋਏ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲੇ, ਚੇਅਰਮੈਨ ਸੁਰਿੰਦਰ ਸੰਧੂ, ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ, ਓਮ ਲਾਲ ਸੰਧੂ, ਸਰਬਜੀਤ ਸਿੰਘ ਵਿਰਦੀ, ਡਾਕਟਰ ਐੱਸ ਕੇ ਹੀਰਾ, ਡਾਕਟਰ ਮਨੋਹਰ ਲਾਲ, ਸੰਤ ਮਹਾਂਪੁਰਸ਼ਾਂ ਅਤੇ ਸਮਾਜ ਦੇ ਵੱਖ ਵੱਖ ਖੇਤਰਾਂ ਨਾਲ ਜੁੜੀਆਂ ਸਖਸ਼ੀਅਤਾਂ ਵਲੋਂ ਕੀਤਾ ਗਿਆ।

**ਕੀਰਤਨ ਦਰਬਾਰ ਦੀ ਸਮਾਪਤੀ ਦੀ ਅਰਦਾਸ ਉਪਰੰਤ** : ਸੰਗਤਾਂ ਦਾ ਧੰਨਵਾਦ ਕਰਦਿਆਂ ਐਕਸੀਅਨ ਜਗਦੀਸ਼ ਲਾਲ ਬੱਧਣ ਨੇ ਕਿਹਾ ਕਿ ਕੀਰਤਨ ਦਰਬਾਰ ਦਾ ਮੁੱਖ ਮਕਸਦ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ, ਕ੍ਰਾਂਤੀਕਾਰੀ ਵਿਚਾਰਧਾਰਾ ਦਾ ਪ੍ਰਚਾਰ, ਪ੍ਰਸਾਰ ਕਰਨਾ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣਾ ਹੈ।

ਇਸ ਮੌਕੇ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਸਭਾ ਪੰਜਾਬ ਦੇ ਮੈਂਬਰ ਇੰਜ.ਸੰਤੋਖ ਸਿੰਘ, ਐੱਸਡੀਓ ਅਜੀਤ ਸਿੰਘ, ਸਰਬਜੀਤ ਸਿੰਘ ਵਿਰਦੀ, ਬਲਵਿੰਦਰ ਸਿੰਘ ਆਦਮਵਾਲ, ਕਸ਼ਮੀਰਾ ਸਿੰਘ, ਇੰਜ.ਹਰਭਜਨ ਸਿੰਘ, ਡਾ. ਮਨੋਹਰ ਲਾਲ ਰਿਟਾ. ਐੱਸ ਐਮ ਓ, ਕੈਪਟਨ ਗਿਆਨ ਚੰਦ, ਜਗਦੀਪ ਸਿੰਘ ਕੰਗ, ਕੈਪਟਨ ਨਿਰਵੈਰ ਸਿੰਘ, ਮੈਨੇਜਰ ਕੁਲਵਿੰਦਰ ਰਾਮ, ਡਾ. ਜਗਤਾਰ ਸਿੰਘ, ਰਾਮਜੀ ਵਸੀਕਾ ਨਵੀਸ, ਡਾ. ਐਸ ਕੇ ਹੀਰਾ, ਐਡਵੋਕੇਟ ਕਮਲਜੀਤ ਸਿੰਘ, ਐਡਵੋਕੇਟ ਸੁਨੀਲ ਕੁਮਾਰ, ਐਡਵੋਕੇਟ ਬੀ ਆਰ ਬੱਧਣ, ਐਡਵੋਕੇਟ ਧਰਮਿੰਦਰ ਦਾਦਰਾ, ਐਡਵੋਕੇਟ ਪਲਵਿੰਦਰ ਮਾਨਾ, ਐਡਵੋਕੇਟ ਹਨੀ ਅਜ਼ਾਦ, ਸੇਵਾ ਮੁਕਤ ਐੱਸਈ ਅਸ਼ੋਕ ਕੁਮਾਰ ਕਲਸੀ, ਹਰੀ ਸਿੰਘ ਫਗਵਾੜਾ, ਮਨਜੀਤ ਸਿੰਘ ਫਗਵਾੜਾ, ਰੂਪ ਸਿੰਘ ਜੌਹਲ, ਕੁਲਵੀਰ ਸਿੰਘ ਯੂ ਐਸ ਏ, ਅਵਤਾਰ ਸਿੰਘ ਹੀਰ, ਅਮਨਦੀਪ ਹੀਰ ਆਸਟ੍ਰੇਲੀਆ, ਅਵਤਾਰ ਸਿੰਘ ਨਲੋਈਆਂ, ਅਜੇ ਵਿਰਦੀ ਪ੍ਰੇਮਗੜ, ਲਹਿੰਬਰ ਰਾਮ ਝੰਮਟ ਬਲਵੀਰ ਸਿੰਘ ਪ੍ਰੇਮਗੜ, ਸਤਨਾਮ ਸਿੰਘ ਸੁਭਾਸ਼ ਨਗਰ, ਪ੍ਰੇਮ ਸਿੰਘ ਖਾਨਪੁਰ ਥਿਆੜਾ, ਇੰਜੀ. ਸੋਹਣ ਲਾਲ, ਮਾਸਟਰ ਸੰਤੋਖ ਸਿੰਘ ਵੀ ਹਾਜ਼ਰ ਸਨ।

ਸਟੇਜ ਸਕੱਤਰ ਦੀ ਸੇਵਾ ਮੋਹਣ ਸਿੰਘ ਬਸੀ ਮਰੂਫ, ਰਜਿੰਦਰ ਸਿੰਘ ਹਰਗੜੀਆ ਤੇ ਪ੍ਰੋਫੈਸਰ ਲਖਵਿੰਦਰ ਸਿੰਘ ਨੇ ਨਿਭਾਈ।

ਇਸ ਮੌਕੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ, ਸਰਪੰਚ ਮਹਿੰਦਰ ਪਾਲ ਸੈਂਚਾਂ, ਭਗਤ ਰਾਮ ਸ਼ਰਨ, ਇੰਜ. ਅਮਿਤ ਕੁਮਾਰ, ਸਰਵਣ ਕੁਮਾਰ, ਸੂਬੇਦਾਰ ਰਜੇਸ਼ ਕੁਮਾਰ, ਰਾਜ ਕੁਮਾਰ, ਮੈਨੇਜਰ ਰਾਮ ਚੰਦ, ਸੁਰਜੀਤ ਸਿੰਘ, ਸੱਤਪਾਲ ਸਿੰਘ, ਲਾਲੀ ਮਾਨ, ਵੇਦ ਪ੍ਰਕਾਸ਼, ਰਵਿੰਦਰ ਕੁਮਾਰ, ਵਿਜੇ ਕੁਮਾਰ, ਕੁਲਦੀਪ ਕੁਮਾਰ, ਨਰੇਸ਼ ਕੁਮਾਰ, ਰਾਹੁਲ ਬੱਧਣ, ਸੰਤੋਖ ਸਿੰਘ, ਸੁਰਜੀਤ ਕੁਮਾਰ ਤੇ ਸਮੂਹ ਮੈਂਬਰ ਪੰਚਾਇਤ, ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਸੰਗਤਾਂ ਹਾਜਰ ਸਨ।

### ਹੁਸ਼ਿਆਰਪੁਰ/ਜ਼ੂਲਰੀ ਦੀ ਦੁਕਾਨ ਤੇ ਗੋਲੀਬਾਰੀ ਮਾਮਲਾ

# ਹਮਲੇ ਤੋਂ ਬਾਅਦ ਦੁਕਾਨਦਾਰ ਨੂੰ ਮਿਲੀ 20 ਲੱਖ ਰੁਪਏ ਦੀ ਫਿਰੌਤੀ ਦੀ ਧਮਕੀ ਕਾਲ : ਡੀਜੀਪੀ ਗੌਰਵ ਯਾਦਵ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਮੁਤਾਬਕ ਪੰਜਾਬ ਨੂੰ ਸੁਰੱਖਿਅਤ ਰਾਜ ਬਣਾਉਣ ਦੇ ਉਦੇਸ਼ ਹੇਠ, ਐਂਟੀ ਗੈਂਗਸਟਰ ਟਾਸਕ ਫੋਰਸ (AGTF) ਪੰਜਾਬ ਨੇ ਹੁਸ਼ਿਆਰਪੁਰ ਪੁਲਿਸ ਨਾਲ ਸਾਂਝੀ ਕਾਰਵਾਈ ਕਰਦਿਆਂ ਇਕ ਵੱਡੀ ਪ੍ਰਾਪਤੀ ਹਾਸਲ ਕੀਤੀ। ਪੁਲਿਸ ਨੇ ਪਿੰਡ ਬੈਂਚਾਂ, ਹੁਸ਼ਿਆਰਪੁਰ ਦੇ ਵਸਨੀਕ ਕ੍ਰਿਸ਼ਨ ਗੋਪਾਲ ਅਤੇ ਉਸਦੇ ਪੁੱਤਰ ਕੇਸ਼ਵ ਨੂੰ ਹੁਸ਼ਿਆਰਪੁਰ ਵਿਚ ਜ਼ੂਲਰੀ ਦੀ ਦੁਕਾਨ 'ਤੇ ਹੋਈ ਨਿਸ਼ਾਨਾ ਬਣਾਈ ਗਈ ਗੋਲੀਬਾਰੀ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਹੈ, ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਵੀਰਵਾਰ ਨੂੰ ਦਿੱਤੀ। ਪੁਲਿਸ ਟੀਮਾਂ ਨੇ ਮੁਲਜ਼ਮਾਂ ਕੋਲੋਂ .32 ਬੋਰ ਦਾ ਪਿਸਤੌਲ, ਕੁਝ ਜ਼ਿੰਦਾ ਕਾਰਤੂਸ ਅਤੇ ਉਹਨਾਂ ਦੀ ਵਰਤਿਆ ਗਿਆ ਮੋਟਰਸਾਈਕਲ ਨੂੰ ਵੀ ਬਰਾਮਦ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫਤਾਰ ਦੋਵੇਂ ਮੁਲਜ਼ਮ 18 ਅਕਤੂਬਰ 2025 ਨੂੰ ਹੁਸ਼ਿਆਰਪੁਰ ਦੀ 'ਗਣਪਤੀ ਜ਼ੂਲਰਜ਼' ਦੁਕਾਨ 'ਤੇ ਹੋਈ ਫਾਇਰਿੰਗ ਮਾਮਲੇ ਵਿਚ ਸਿੱਧੇ ਤੌਰ 'ਤੇ ਸ਼ਾਮਲ ਸਨ। ਉਸ ਦਿਨ ਦੋ ਹਥਿਆਰਬੰਦ ਮੁਲਜ਼ਮ ਮੋਟਰਸਾਈਕਲ 'ਤੇ ਆਏ ਸਨ ਤੇ ਦੁਕਾਨ ਉੱਤੇ ਗੋਲੀਆਂ ਚਲਾਈਆਂ ਸਨ। ਹਮਲੇ ਤੋਂ ਤੁਰੰਤ ਬਾਅਦ ਦੁਕਾਨ ਮਾਲਕ ਨੂੰ ਇਕ ਵਿਦੇਸ਼ੀ ਨੰਬਰ ਤੋਂ ਫੋਨ ਆਇਆ ਤੇ ਉਸ ਤੋਂ 20 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ। ਇਸ ਸਬੰਧੀ ਪੁਲਿਸ ਸਟੇਸ਼ਨ ਮਹਿਲਪੁਰ ਵਿਖੇ ਕੇਸ ਐਫਆਈਆਰ ਨੰਬਰ 170 ਅਧੀਨ ਭਾਰਤੀ ਨਿਆਯ ਸੰਹਿਤਾ (BNS) ਦੀਆਂ ਧਾਰਾਵਾਂ 336, 324(4), 3(5) ਅਤੇ ਆਰਮਜ਼ ਐਕਟ ਦੀ ਧਾਰਾ 25 ਦੇ ਤਹਿਤ ਦਰਜ ਕੀਤਾ ਗਿਆ। ਡੀਜੀਪੀ ਨੇ ਕਿਹਾ ਕਿ ਮਾਮਲੇ ਦੀ ਅਗਲੀ ਜਾਂਚ ਜਾਰੀ ਹੈ ਤਾਂ ਜੋ ਇਸਦੇ ਫਾਰਵਰਡ ਤੇ ਬੈਕਵਰਡ ਲਿੰਕੇਜ ਦੀ ਪੜਤਾਲ ਕੀਤੀ ਜਾ ਸਕੇ। ਕਾਰਵਾਈ ਦੇ ਵੇਰਵੇ ਦਿੰਦਿਆਂ ਐਡੀਸ਼ਨਲ ਡਾਇਰੈਕਟਰ ਜਨਰਲ ਆਫ ਪੁਲਿਸ (ਐਡੀਜੀਪੀ) ਏਜੀਟੀਐਫ ਪ੍ਰਮੋਦ ਬੈਨ ਨੇ ਕਿਹਾ ਕਿ ਹਮਲੇ ਤੋਂ ਬਾਅਦ ਏਜੀਟੀਐਫ ਅਤੇ ਹੋਸ਼ਿਆਰਪੁਰ ਪੁਲਿਸ ਦੀਆਂ ਟੀਮਾਂ ਨੇ ਡੀਆਈਜੀ ਏਜੀਟੀਐਫ ਸੰਦੀਪ ਗੋਇਲ ਅਤੇ ਐੱਸਐੱਸਪੀ ਹੁਸ਼ਿਆਰਪੁਰ ਸੰਦੀਪ ਮਲਿਕ ਦੀ ਅਗਵਾਈ ਹੇਠ ਮਨੁੱਖੀ ਅਤੇ ਤਕਨੀਕੀ ਤਰੀਕਿਆਂ ਨਾਲ ਜਾਂਚ ਸ਼ੁਰੂ ਕੀਤੀ, ਜਿਸ ਤੋਂ ਬਾਅਦ ਸ਼ੱਕੀ ਲੋਕਾਂ ਦੀ ਪਛਾਣ ਕੀਤੀ ਗਈ। ਕਾਰਵਾਈ ਦੌਰਾਨ ਪੁਲਿਸ ਨੇ ਕ੍ਰਿਸ਼ਨ ਗੋਪਾਲ ਅਤੇ ਕੇਸ਼ਵ ਨੂੰ ਪਿੰਡ ਮਹਦੂਦ, ਹੁਸ਼ਿਆਰਪੁਰ ਵਿਖੇ ਰੋਕਿਆ ਜਿੱਥੇ ਉਨ੍ਹਾਂ ਨੇ ਭੱਜਣ ਲਈ ਪੁਲਿਸ 'ਤੇ ਗੋਲੀਆਂ ਚਲਾਈਆਂ। ਪੁਲਿਸ ਨੇ ਉਨ੍ਹਾਂ ਨੂੰ ਮੁਕਾਬਲੇ ਤੋਂ ਬਾਅਦ ਕਾਬੂ ਕਰ ਲਿਆ। ਕਾਰਵਾਈ ਦੀ ਅਗਵਾਈ ਐੱਸਪੀ (ਇਨਵੇਸਟਿਗੇਸ਼ਨ) ਪਰਮਿੰਦਰ ਸਿੰਘ, ਇਨਚਾਰਜ ਸੀਆਈਏ ਗੁਰਪ੍ਰੀਤ ਸਿੰਘ ਅਤੇ ਇਨਚਾਰਜ ਏਜੀਟੀਐਫ ਚੰਦਰ ਮੋਹਨ ਨੇ ਕੀਤੀ। ਇਸ ਸਬੰਧੀ ਨਵਾਂ ਕੇਸ ਐਫਆਈਆਰ ਨੰਬਰ 172 ਅਧੀਨ ਧਾਰਾਵਾਂ 109, 221, 132 ਅਤੇ 3(5) ਭਾਰਤੀ ਨਿਆਯ ਸੰਹਿਤਾ ਅਧੀਨ ਤੇ ਆਰਮਜ਼ ਐਕਟ ਦੀ ਧਾਰਾ 25 ਦੇ ਤਹਿਤ ਪੁਲਿਸ ਸਟੇਸ਼ਨ ਮਹਿਲਪੁਰ ਵਿਖੇ ਦਰਜ ਕੀਤਾ ਗਿਆ ਹੈ।

# ਪੰਜਾਬ ਦੇ ਜਗਮੋਹਨ ਵਿੱਜ ਨੇ ਵਰਲਡ ਕਰਾਟੇ ਫੈਡਰੇਸ਼ਨ ਦੀ ਰੈਫਰੀ ਏ ਪ੍ਰੀਖਿਆ ਪਾਸ ਕਰਨ ਦਾ ਮਾਣ ਕੀਤਾ ਹਾਸਲ

## ਇਹ ਟੈਸਟ ਪਾਸ ਕਰਨ ਵਾਲੇ ਉੱਤਰ ਭਾਰਤ ਦੇ ਪਹਿਲੇ ਕਰਾਟੇ ਰੈਫਰੀ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬ ਦੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰਾਟੇ ਰੈਫਰੀ ਅਤੇ ਕੋਚ ਸੈਂਸਈ ਜਗਮੋਹਨ ਵਿਜ ਨੇ ਇੱਕ ਵਾਰ ਫਿਰ ਭਾਰਤ ਦਾ ਨਾਮ ਕੌਮਾਂਤਰੀ ਪੱਧਰ 'ਤੇ ਰੌਸ਼ਨ ਕੀਤਾ ਹੈ। ਉਨ੍ਹਾਂ ਨੇ ਵਰਲਡ ਕਰਾਟੇ ਫੈਡਰੇਸ਼ਨ (ਡਬਲਯੂ.ਕੇ.ਐਫ.) ਵੱਲੋਂ ਆਯੋਜਿਤ ਰੈਫਰੀ '1' ਏ ਦੀ ਪ੍ਰੀਖਿਆ ਪੈਰਿਸ (ਫਰਾਂਸ) ਵਿੱਚ 2025 ਵਰਲਡ ਕਰਾਟੇ ਚੈਂਪੀਅਨਸ਼ਿਪ ਕਵਾਲੀਫਾਇੰਗ ਇਵੈਂਟ ਤੋਂ ਪਹਿਲਾਂ ਹੋਏ ਰੈਫਰੀ ਕੋਰਸ ਦੌਰਾਨ ਸਫਲਤਾਪੂਰਵਕ ਪਾਸ ਕੀਤੀ।

ਗੌਰ ਕਰਨਯੋਗ ਹੈ ਕਿ ਜਗਮੋਹਨ ਵਿਜ ਉੱਤਰੀ ਅਤੇ ਮੱਧ ਭਾਰਤ ਤੋਂ ਇਸ ਸਭ ਤੋਂ ਉੱਚੀ ਅੰਤਰਰਾਸ਼ਟਰੀ ਰੈਫਰੀ ਯੋਗਤਾ ਪ੍ਰਾਪਤ ਕਰਨ ਵਾਲੇ ਪਹਿਲੇ ਪੰਜਾਬੀ ਕਰਾਟੇ ਰੈਫਰੀ ਹਨ।

ਚਾਰ ਦਿਨਾਂ ਤੱਕ ਚੱਲੀ ਇਹ ਪ੍ਰੀਖਿਆ ਵਰਲਡ ਕਰਾਟੇ ਫੈਡਰੇਸ਼ਨ ਦੀ ਸਭ ਤੋਂ ਮੁਸ਼ਕਲ ਪ੍ਰੀਖਿਆਵਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਇਹ ਪ੍ਰੀਖਿਆ ਵਰਲਡ ਕਰਾਟੇ ਫੈਡਰੇਸ਼ਨ ਦੇ ਰੈਫਰੀ ਕਮਿਸ਼ਨ ਦੇ ਚੇਅਰਮੈਨ ਜੇਵਿਯਰ ਐਸਕਲਾਂਤੇ (ਸਵੀਡਨ) ਅਤੇ ਸਕੱਤਰ ਈਵਾ ਮੋਨਾ ਆਲਟਮੈਨ (ਜਰਮਨੀ) ਦੀ ਅਗਵਾਈ ਹੇਠ 8 ਮੈਂਬਰੀ ਏਗਜ਼ਾਮੀਨੇਸ਼ਨ ਪੈਨਲ ਵੱਲੋਂ ਕਰਾਈ ਗਈ। ਇਸ ਪੈਨਲ ਵਿੱਚ ਮੰਸੂਰ ਅਲ ਸੁਲਤਾਨ (ਕੁਵੈਤ), ਫਰੀਬਾ ਮਦਾਨੀ (ਅਮਰੀਕਾ), ਗੀਦੋ ਅਬਦਾਲਾ (ਗੁਆਟੇਮਾਲਾ), ਲੈਲਵਿਨ ਰੋਡਾ (ਦੱਖਣੀ ਅਫਰੀਕਾ), ਯਾਸੁਹਿੰਸਾ ਆਬੇ (ਜਾਪਾਨ), ਮਾਂ ਜੂਨਟਿੰਗ (ਚੀਨ), ਜਾਬਰ (ਸੰਯੁਕਤ ਅਰਬ ਅਮੀਰਾਤ) ਅਤੇ ਤੁਰਕੀ ਦੀ ਪੀਨਾਰ ਗੁਜ਼ੈਲ ਸ਼ਾਮਲ ਸਨ, ਜਿਨ੍ਹਾਂ ਨੇ ਦੁਨੀਆਂ ਭਰ ਦੇ 142 ਦੇਸ਼ਾਂ ਤੋਂ ਆਏ ਰੈਫਰੀਜ਼ ਦੀ ਕਾਬਲੀਅਤ ਦੀ ਜਾਂਚ ਕੀਤੀ।

ਰੈਫਰੀ ਕੋਰਸ ਦੌਰਾਨ ਭਾਗ ਲੈਣ ਵਾਲੇ ਰੈਫਰੀਆਂ ਨੂੰ ਥਿਊਰੀ ਅਤੇ ਪ੍ਰੈਕਟੀਕਲ ਦੋਵੇਂ ਪ੍ਰੀਖਿਆਵਾਂ ਦੇਣੀਆਂ ਹੁੰਦੀਆ ਹਨ, ਜਿਨ੍ਹਾਂ ਵਿੱਚ ਉਨ੍ਹਾਂ ਦੀ ਰੈਫਰੀ, ਜੱਜ ਅਤੇ ਮੈਚ ਸੁਪਰਵਾਈਜ਼ਰ ਵਜੋਂ ਪ੍ਰਦਰਸ਼ਨ ਦੀ ਪੜਤਾਲ ਕੀਤੀ ਗਈ। ਸੈਂਸਈ ਵਿਜ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਉਨ੍ਹਾਂ ਨੂੰ ਡਬਲਯੂ ਕੇ ਐਫ ਕੁਮਿਤੇ ਰੈਫਰੀ '1' ਲਾਇਸੈਂਸ ਦਿਵਾਇਆ — ਜੋ ਉਨ੍ਹਾਂ ਦੀ ਡੂੰਘੀ ਸਮਝ, ਨਿਰੰਤਰਤਾ ਅਤੇ ਦਬਾਅ ਹੇਠ ਸਹੀ ਫ਼ੈਸਲਾ ਲੈਣ ਦੀ ਸਮਰੱਥਾ ਦਾ ਪ੍ਰਮਾਣ ਹੈ।



ਪ੍ਰੀਖਿਆ ਵਿੱਚ ਸਫਲਤਾ ਪ੍ਰਾਪਤ ਕਰਨ ਤੋਂ ਬਾਅਦ ਸੈਂਸਈ ਜਗਮੋਹਨ ਵਿਜ ਨੂੰ ਵਰਲਡ ਕਰਾਟੇ ਚੈਂਪੀਅਨਸ਼ਿਪ 2025 ਵਿੱਚ ਵੀਡੀਓ ਰਿਵਿਊ ਸੁਪਰਵਾਈਜ਼ਰ, ਮੈਚ ਸੁਪਰਵਾਈਜ਼ਰ, ਜੱਜ ਅਤੇ ਰੈਫਰੀ ਵਜੋਂ ਭਾਰਤ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ। ਸੈਂਸਈ ਵਿਜ 2021 ਤੋਂ ਲਗਾਤਾਰ ਵਰਲਡ ਕਰਾਟੇ ਫੈਡਰੇਸ਼ਨ ਦੇ ਰੈਫਰੀ ਕੋਰਸ ਵਿੱਚ ਭਾਗ ਲੈ ਰਹੇ ਹਨ ਅਤੇ ਹੁਣ ਤੱਕ ਤਿੰਨ ਵਰਲਡ ਕਰਾਟੇ ਚੈਂਪੀਅਨਸ਼ਿਪ — ਕੋਨਿਆ (ਤੁਰਕੀ), ਜੈਸੋਲੋ, ਵੇਨਿਸ (ਇਟਲੀ) ਅਤੇ ਪੈਰਿਸ (ਫਰਾਂਸ) — ਵਿੱਚ ਰੈਫਰੀ ਵਜੋਂ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ। ਉਨ੍ਹਾਂ ਦੀ ਨਿਰਪੱਖਤਾ, ਅਨੁਸ਼ਾਸਨ ਅਤੇ ਇਮਾਨਦਾਰੀ ਲਈ ਉਹ ਅੰਤਰਰਾਸ਼ਟਰੀ ਕਰਾਟੇ ਭਾਈਚਾਰੇ ਵਿੱਚ ਬਹੁਤ ਆਦਰਿਤ ਹਨ।

ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਕਰਾਟੇ ਇੰਡੀਆ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਹੰਸ਼ੀ ਭਾਰਤ ਸ਼ਰਮਾ, ਸੈਂਸਈ ਸ਼ਾਹੀਨ ਅਖ਼ਤਰ (ਚੇਅਰਪਰਸਨ, ਸਾਊਥ ਏਸ਼ੀਅਨ ਕਰਾਟੇ ਫੈਡਰੇਸ਼ਨ ਰੈਫਰੀ ਕਮਿਸ਼ਨ), ਸੈਂਸਈ ਪ੍ਰੇਮਜੀਤ ਸੇਨ (ਚੇਅਰਮੈਨ, ਕੀਓ ਰੈਫਰੀ ਕਮਿਸ਼ਨ) ਅਤੇ ਸੀਨੀਅਰ ਰੈਫਰੀਜ਼ ਸੈਂਸਈ ਪਰਮਜੀਤ ਸਿੰਘ, ਸੈਂਸਈ ਹਰਿਦਾਸ ਗੋਵਿੰਦ, ਸੈਂਸਈ ਅਨੁਪ ਅਸ਼ੋਕ ਦੇਠੇ, ਸੈਂਸਈ ਵਿਜੈ ਕੁਮਾਰ ਡੂਗਰੂ, ਸੈਂਸਈ ਜਿਤੇਸ਼ ਨਾਇਰ ਅਤੇ ਸੈਂਸਈ ਸ਼ਾਜੀ ਕੋਟਾਰਮ ਨੇ ਉਨ੍ਹਾਂ ਨੂੰ ਦਿਲੋਂ ਵਧਾਈ ਦਿੱਤੀ।

ਰੈਫਰੀ ਕੋਰਸ ਅਤੇ ਵਰਲਡ ਕਰਾਟੇ ਚੈਂਪੀਅਨਸ਼ਿਪ ਦੇ ਕਵਾਲੀਫਾਇੰਗ ਪੜਾਅ ਵਿੱਚ ਆਫ਼ਿਸੀਏਟ ਕਰਨ ਤੋਂ ਬਾਅਦ ਭਾਰਤ ਵਾਪਸੀ 'ਤੇ ਸੈਂਸਈ ਜਗਮੋਹਨ ਵਿਜ ਨੇ ਕਿਹਾ ਇਹ ਪ੍ਰਾਪਤੀ ਸਿਰਫ ਮੇਰੀ ਵਿਅਕਤੀਗਤ ਪ੍ਰਾਪਤੀ ਨਹੀਂ ਹੈ, ਸਗੋਂ ਪੂਰੇ ਭਾਰਤੀ ਕਰਾਟੇ ਪਰਿਵਾਰ ਦੀ ਮਹਿਨਤ, ਸਮਰਪਣ ਅਤੇ ਜਜ਼ਬੇ ਦਾ ਨਤੀਜਾ ਹੈ। ਮੈਂ ਆਪਣੇ ਸੀਨੀਅਰਾਜ ਦੇ ਵਿਸ਼ਵਾਸ ਅਤੇ ਮਾਰਗਦਰਸ਼ਨ ਲਈ ਖ਼ਾਸ ਤੌਰ 'ਤੇ ਕਰਾਟੇ ਇੰਡੀਆ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਸ਼ੀਹਾਨ ਭਾਰਤ ਸ਼ਰਮਾ ਅਤੇ ਸਕੱਤਰ ਸੰਜੀਵ ਕੁਮਾਰ ਜੰਗੜਾ ਦੇ ਨਿਰੰਤਰ ਸਹਿਯੋਗ ਅਤੇ ਪ੍ਰੇਰਨਾ ਲਈ ਧੰਨਵਾਦੀ ਹਾਂ,

ਮੇਰਾ ਸੰਕਲਪ ਹੈ ਕਿ ਮੈਂ ਹਰ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਨਿਰਪੱਖਤਾ, ਸਤਿਕਾਰ ਅਤੇ ਉਤਕ੍ਰਿਸ਼ਟਤਾ ਦੇ ਮੁੱਲਾਂ ਨੂੰ ਸਰਵੋਚ ਰੱਖਾਂ।

ਕਰਾਟੇ ਇੰਡੀਆ ਆਰਗੇਨਾਈਜ਼ੇਸ਼ਨ — ਜੋ ਭਾਰਤ ਵਿੱਚ ਵਰਲਡ ਕਰਾਟੇ ਫੈਡਰੇਸ਼ਨ ਅਤੇ ਏਸ਼ੀਆਈ ਕਰਾਟੇ ਫੈਡਰੇਸ਼ਨ ਵੱਲੋਂ ਮਾਨਤਾ ਪ੍ਰਾਪਤ ਇੱਕੋ ਇਕ ਨੇਸ਼ਨਲ ਫੈਡਰੇਸ਼ਨ ਹੈ — ਨੇ ਸੈਂਸਈ ਜਗਮੋਹਨ ਵਿਜ ਨੂੰ ਇਸ ਉਪਲਬਧੀ 'ਤੇ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਕਾਮਯਾਬੀ ਨੇ ਦੇਸ਼ ਭਰ ਦੇ ਨੌਜਵਾਨ ਰੈਫਰੀਆਂ ਅਤੇ ਖਿਡਾਰੀਆਂ ਨੂੰ ਨਵੀਂ ਪ੍ਰੇਰਣਾ ਦਿੱਤੀ ਹੈ

# ਚਾਰ ਟੀਮਾਂ ਦੇ ਵਿਚਕਾਰ ਹੋਵੇਗਾ ਅੰਤਰਰਾਜੀ ਬਲਾਇੰਡ T- 20 ਕ੍ਰਿਕਟ ਟੂਰਨਾਮੈਂਟ : ਸੰਦੀਪ ਸ਼ਰਮਾ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਡਿਸੇਬਲਡ ਪਰਸਨ ਵੈਲਫੇਅਰ ਸੋਸਾਇਟੀ ਰਜਿਸਟਰਡ ਹੁਸ਼ਿਆਰਪੁਰ ਪਿਛਲੇ ਲੰਬੇ ਸਮੇਂ ਦਿਵਿਆਂਗ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ! ਦਿਵਿਆਗ ਲੋਕਾਂ ਨੂੰ ਬਰਾਬਰਤਾ ਦਾ ਅਧਿਕਾਰ ਦਵਾਉਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ ਤੇ ਉਹਨਾਂ ਦੇ ਹੁਨਰ ਨੂੰ ਸਮਾਜ ਅੱਗੇ ਪੇਸ਼ ਕਰਨ ਲਈ ਨਿਵੇਕਲੇ ਉਪਰਾਲੇ ਵੀ ਸਮੇਂ ਸਮੇਂ ਤੇ ਕੀਤੇ ਜਾਂਦੇ ਹਨ ਸੋਸਾਇਟੀ ਦੀ ਇੱਕ ਮੀਟਿੰਗ ਪ੍ਰਧਾਨ ਸੰਦੀਪ ਸ਼ਰਮਾ ਅਤੇ ਜਨਰਲ ਸਕੱਤਰ ਰਾਜਕੁਮਾਰ ਦੀ ਅਗਵਾਈ ਵਿੱਚ ਕੀਤੀ ਗਈ ਇਸ ਮੀਟਿੰਗ ਵਿੱਚ ਸੋਸਾਇਟੀ ਵੱਲੋਂ ਨਵੰਬਰ ਮਹੀਨੇ ਵਿੱਚ ਹੋਣ ਵਾਲੇ ਅੰਤਰਰਾਜੀ ਬਲਾਇੰਡ ਟੀਟ ਕ੍ਰਿਕਟ ਟੂਨਾਮੈਂਟ ਵਿੱਚ 4 ਟੀਮਾਂ ਨੂੰ ਬੁਲਾਣ ਦਾ ਫੈਸਲਾ ਲਿਆ ਗਿਆ ਹੈ ਇਸ ਵਾਰ ਟੂਰਨਾਮੈਂਟ ਵਿੱਚ ਪੰਜਾਬ ਹਰਿਆਣਾ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੀਆਂ ਟੀਮਾਂ ਭਾਗ ਲੈਣਗੀਆਂ!

2024 ਵਿੱਚ ਕਿਰਾਏ ਗਏ ਟੂਰਨਾਮੈਂਟ ਵਿੱਚ ਤਿੰਨ ਟੀਮਾਂ ਨੂੰ ਬੁਲਾਈਆਂ ਗਈਆਂ ਸੀ। ਜਿਨਾਂ ਵਿੱਚ ਪੰਜਾਬ ਦਿੱਲੀ ਅਤੇ ਉੱਤਰ ਪ੍ਰਦੇਸ਼ ਸ਼ਾਮਿਲ ਸਨ।

ਸੋਸਾਇਟੀ ਦੇ ਕਾਰਜਕਾਰੀ ਮੈਂਬਰ ਦੀਪਕ ਸ਼ਰਮਾ ਅਤੇ ਪਵਨ ਕੁਮਾਰ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਬਹੁਤ ਸਾਰੀਆਂ ਟੀਮਾਂ ਨਾਲ ਸੰਪਰਕ ਕੀਤਾ ਗਿਆ ਸੀ ਪਰ ਵੱਖ ਵੱਖ ਰਾਜਾਂ ਵਿੱਚ ਵਹਲ ਰਹੇ ਟੂਨਾਮੈਂਟ ਕਾਰਨ ਇਸ ਵਾਰ ਚਾਰ ਟੀਮਾਂ ਹੀ ਭਾਗ ਲੈਣਗੀਆਂ!

**ਇਹਨਾਂ ਚਾਰ ਟੀਮਾਂ ਵੱਲੋਂ 6 ਮੈਚ :** ਖੇਡੇ ਜਾਣਗੇ ਲਗਾਤਾਰ ਦੋ ਮੈਚ ਜਿੱਤਣ ਵਾਲੀ ਟੀਮ ਨੂੰ ਫਾਈਨਲ ਮੈਚ ਖੜਾਇਆ ਜਾਵੇਗਾ।

ਮੀਟਿੰਗ ਵਿੱਚ ਸਾਰੇ ਮੈਂਬਰਾ ਵਲੋਂ ਜਾਣਕਾਰੀ ਦਿੱਤੀ ਗਈ ਹੈ ਕੀ ਚਾਰਾਂ ਟੀਮਾਂ ਦੇ ਰਹਿਣ ਅਤੇ ਉਨਾਂ ਦੇ ਖਾਣ ਪੀਣ ਦੀ ਵਿਵਸਥਾ ਪੂਰੀ ਕਰ ਲਈ ਗਈ ਹੈ ਲੈਕਚਰਾਰ ਪ੍ਰਭਜੋਤ ਸਿੰਘ ਵੱਲੋਂ ਸਕੂਲਾਂ ਵਿੱਚ ਕੰਮ ਕਰਦੇ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਡਿਊਟੀਆਂ ਸਬੰਧੀ ਵੀ ਜਾਣਕਾਰੀ ਦਿੱਤੀ ਗਈ ਉਹਨਾ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਸ਼ਹਿਰ ਦੀਆਂ ਨਾਮੀ ਹਸਤੀਆਂ ਤੋਂ ਇਲਾਵਾ ਮਸ਼ਹੂਰ ਸ਼ਖਸ਼ੀਅਤਾਂ ਵੀ ਪਹੁੰਚ ਰਹੀਆਂ ਹਨ ਮੀਟਿੰਗ ਵਿੱਚ ਹਾਜ਼ਰ ਰਾਜਕੁਮਾਰ ਕੈਸ਼ੀਅਰ ਕਮ ਜਨਸ ਸਕੱਤਰ ਅਮਰੀਕ ਸਿੰਘ ਪਵਨ ਕੁਮਾਰ ਰਾਜਦੀਪ ਸਿੰਘ ਕੇਵਲ ਤੱਖੀ ਪ੍ਰਭਜੋਤ ਸਿੰਘ ਅਤੇ ਕੁਲਜੀਤ ਬੰਗੜ ਹਾਜਰ ਸਨ।

# ਪੈਗਾਮ ਏ ਜਗਤ ਰੋਜ਼ਾਨਾ ਅਖ਼ਬਾਰ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਪਾਲ ਸਿੰਘ ਝੱਲ ਹੋਰਾਂ ਵਲੋਂ ਵੱਖ ਵੱਖ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਿਆ

## ਸੰਤ ਮਹਾਂਪੁਰਸ਼ਾਂ ਵਲੋ ਕੀਤਾ ਸਨਮਾਨ ਤੇ ਅਸ਼ੀਰਵਾਦ ਦਿੱਤਾ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਜਿਲ੍ਹਾ ਹੁਸ਼ਿਆਰਪੁਰ ਦੇ ਇਲਾਕਾ ਮਾਹਿਲਪੁਰ ਦੇ ਵੱਖ ਵੱਖ ਧਾਰਮਿਕ ਧਾਰਮਿਕ ਸਥਾਨਾਂ 'ਤੇ ਪੈਗਾਮ ਏ ਜਗਤ ਰੋਜ਼ਾਨਾ ਅਖ਼ਵਾਰ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਪਾਲ ਸਿੰਘ ਝੱਲ ਹੋਰਾਂ ਵਲੋਂ ਵਿਸ਼ਵਕਰਮਾ ਦਿਵਸ ਦੇ ਮੌਕੇ ਵਿਸ਼ੇਸ਼ ਤੌਰ 'ਤੇ ਮੱਥਾ ਟੇਕਿਆ। ਇਸ ਮੌਕੇ ਦਰਬਾਰ ਬਾਪੂ ਗੰਗਾ ਦਾਸ ਜੀ ਵਿਖੇ ਮੁੱਖ ਸੇਵਾਦਾਰ ਮਨਦੀਪ ਸਿੰਘ ਬੈਂਸ ਮੰਗ, ਪ੍ਰਾਚੀਨ ਜਵਾਲਾ ਪੁਰੀ ਮੰਦਰ ਵਿੱਚ ਮਹੰਤ ਕਮਲੇਸ਼ ਪੁਰੀ , ਡੇਰਾ ਬਾਬਾ ਜੀ ਢਾਗੂ ਵਾਲੇ ਜੇਜੋਂ ਵਿਚ ਸੰਤ ਰਤਨ ਪ੍ਰਕਾਸ਼ ਤੇ ਬੀਬੀ ਰਾਮਪਰੀਤ ਨੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ।

ਇਸ ਦੇ ਨਾਲ ਹੀ ਦਰਬਾਰ ਬਾਬਾ ਜੀ ਦੋ ਗੁਤਾ ਵਾਲੇ ਵਿਖੇ ਮਦਨ ਜੀ ਹੋਰਾਂ ਵਲੋਂ ਵੀ ਸੁਰਿੰਦਰ ਪਾਲ ਸਿੰਘ ਝੱਲ ਹੋਰਾਂ ਦਾ ਸਤਿਕਾਰ ਕੀਤਾ ਅਤੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ।

**ਬਰਸੀ 'ਤੇ ਵਿਸ਼ੇਸ਼**

# ਸ੍ਰੀਮਾਨ 108 ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ




ਪੰਜਾਬ ਗੁਰੂਆਂ, ਪੀਰਾਂ ਫਕੀਰਾਂ ਅਤੇ ਸੰਤਾਂ ਮਹਾਂਪੁਰਸ਼ਾਂ ਦੀ ਵਰੋਸਾਈ ਧਰਤੀ ਹੈ। ਇਸ ਧਰਤੀ 'ਤੇ ਜਿੱਥੇ ਵੱਖ ਵੱਖ ਧਰਮਾਂ ਦੇ ਪਵਿੱਤਰ ਗ੍ਰੰਥ ਰਚੇ ਗਏ ਉੱਥੇ ਹੀ ਸੰਤਾਂ ਮਹਾਂਪੁਰਸ਼ਾਂ ਨੇ ਆਪਣੀ ਜੀਵਨ ਸਾਧਨਾ ਅਤੇ ਸਮਾਜ ਸੇਵਾ ਨਾਲ ਲੋਕਾਈ ਨੂੰ ਪ੍ਰਭੂ ਸਿਮਰਨ ਅਤੇ ਪਰਉਪਕਾਰੀ ਕਾਰਜਾਂ ਨਾਲ ਜੋੜਿਆ। ਅਜਿਹੇ ਹੀ ਮਹਾਨ ਤਪੱਸਵੀ ਸ੍ਰੀਮਾਨ 108 ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ (ਕੁਟੀਆ ਕਹਾਰਪੁਰ, ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ) ਹੋਏ ਹਨ ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਸਿੱਖ ਧਰਮ ਦੇ ਪ੍ਰਚਾਰ, ਗੁਰਧਾਮਾਂ ਦੇ ਨਿਰਮਾਣ ਅਤੇ ਸਿੱਖਿਆ ਦੇ ਪ੍ਰਸਾਰ ਵਿੱਚ ਲਗਾਇਆ।

ਸ੍ਰੀਮਾਨ 108 ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਦਾ ਜਨਮ 1877 ਈ ਵਿੱਚ ਪਿਤਾ ਸਰਦਾਰ ਅਤਰ ਸਿੰਘ ਅਤੇ ਮਾਤਾ ਅਤਰ ਕੌਰ ਜੀ ਦੀ ਕੁੱਖੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜਿਆਣ ਵਿੱਚ ਹੋਇਆ। ਆਪ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਦੇ ਮਾਲਕ ਸਨ ਅਤੇ ਪਰਮਾਤਮਾ ਦੀ ਬੰਦਗੀ ਵਿੱਚ ਲੀਨ ਰਹਿੰਦੇ ਸਨ। ਚੜ੍ਹਦੀ ਉਮਰੇ ਹੀ ਆਪ ਜੀ ਪੰਜਾਬ ਵਿੱਚ ਸਿੱਖ ਧਰਮ ਦੀ ਪੁਨਰ ਸੁਰਜੀਤੀ ਲਈ ਉੱਠੀ ਸਿੰਘ ਸਭਾ ਲਹਿਰ ਦੇ ਪ੍ਰਚਾਰ ਵਿੱਚ ਜੁੱਟ ਗਏ। ਅੰਗਰੇਜ਼ੀ ਰਾਜ ਦੌਰਾਨ ਸਿੱਖ ਧਰਮ ਦੀਆਂ ਕਦਰਾਂ ਕੀਮਤਾਂ, ਸ਼ਹਾਦਤ ਦੀ ਪਰੰਪਰਾ ਅਤੇ ਸਿੱਖ ਵਿਰਸੇ ਦੀ ਸਾਂਭ ਸੰਭਾਲ ਦੇ ਯਤਨਾਂ ਵਿੱਚ ਆਪਣਾ ਯੋਗਦਾਨ ਪਾਇਆ। ਆਪ ਜੀ ਨੇ ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਪਿੰਡ ਜਿਆਣ ਦੀ ਧਰਤੀ 'ਤੇ ਪ੍ਰਭੂ ਸਿਮਰਨ ਅਤੇ ਸੰਗਤ ਦੀ ਸੇਵਾ ਵਿੱਚ ਜੁੱਟ ਪਏ। ਪਿੰਡ ਜਿਆਣ ਵਿੱਚ ਕਰੀਬ ਚਾਰ ਸਾਲ ਦੀ ਸੇਵਾ ਉਪਰੰਤ ਸੰਤ ਬਾਬਾ ਹਰਨਾਮ ਸਿੰਘ ਜੀ ਦੀ ਪ੍ਰੇਰਨਾ ਤੇ ਹੁਕਮਾਂ ਅਨੁਸਾਰ ਪਿੰਡ ਕਹਾਰਪੁਰ ਵਿਖੇ ਆ ਗਏ ਅਤੇ ਇੱਥੇ ਪੁੱਜ ਕੇ ਸਿੱਖ ਧਰਮ ਪ੍ਰਤੀ ਅਤੇ ਸਮਾਜ ਦੀ ਸੇਵਾ ਲਈ ਨਿਸ਼ਕਾਮ ਸੇਵਾਵਾਂ ਦੇਣੀਆਂ ਆਰੰਭ ਕਰ ਦਿੱਤੀਆਂ। 1925 ਈ ਤੱਕ ਆਪ ਨੇ ਜਪ, ਤਪ, ਭਜਨ ਸਿਮਰਨ ਅਤੇ ਸੰਗਤ ਦੀ ਸੇਵਾ ਲਈ ਲਗਾਤਾਰ ਘਾਲਣਾ ਘਾਲੀ ਅਤੇ ਕੰਢੀ ਦੇ ਇਸ ਇਲਾਕੇ ਦੇ ਲੋਕਾਂ ਵਿੱਚ ਆਪਣੀ ਧਾਰਮਿਕ ਤੇ ਸਮਾਜ ਸੇਵੀ ਸ਼ਖ਼ਸੀਅਤ ਦੀ ਵੱਡੀ ਛਾਪ ਛੱਡੀ। ਆਪ ਜੀ ਨੇ ਸਿੱਖੀ ਦੇ ਪ੍ਰਚਾਰ ਹਿੱਤ ਪਿੰਡ ਜਿਆਣ ਵਿੱਚ ਸੰਤ ਬਾਬਾ ਹਰਨਾਮ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ 1929 ਈ ਨੂੰ ਗੁਰਦੁਆਰਾ ਅੰਗੀਠਾ ਸਾਹਿਬ ਦਾ ਨਿਰਮਾਣ ਕਰਵਾਇਆ। ਪਿੰਡ ਕੋਠੀ, ਮਹਿੰਗਰਵਾਲ ਵਿੱਚ ਵੀ ਗੁਰਦੁਆਰਾ ਸਾਹਿਬਾਨ ਦੇ ਨਿਰਮਾਣ ਕਾਰਜ ਸੰਪੰਨ ਕਰਵਾਏ। 1923 ਈ. ਵਿੱਚ ਆਪ ਜੀ ਨੇ ਖਾਲਸੇ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਸੇਵਾ ਹਿੱਤ ਅਨੇਕਾਂ ਕਾਰਜ ਕਰਵਾਏ। 1936 ਈ. ਵਿੱਚ ਗੁਰਦੁਆਰਾ ਦਮਾਲਗੜ੍ਹ ਸਾਹਿਬ ਦੀ ਸੇਵਾ ਅਤੇ ਕਲਗੀਧਰ ਸਰੋਵਰ, ਸ੍ਰੀ ਆਨੰਦਪੁਰ ਸਾਹਿਬ ਦੀ ਸੇਵਾ ਕਰਵਾਈ। ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਅਤੇ ਗੁਰਧਾਮਾਂ ਦੀ ਸੇਵਾ ਸੰਭਾਲ ਤੋਂ ਇਲਾਵਾ ਆਪ ਜੀ ਨੇ ਸਿੱਖਿਆ ਦੇ ਖੇਤਰ ਵਿੱਚ ਯਾਦਗਾਰੀ ਕਾਰਜ ਕੀਤੇ। ਉਸ ਸਮੇਂ ਸਮਾਜ ਵਿੱਚ ਅਗਿਆਨਤਾ ਅਤੇ ਅਨਪੜ੍ਹਤਾ ਦਾ ਵੱਡਾ ਬੋਲਬਾਲਾ ਸੀ। ਇਸ ਗੁਲਾਮੀ ਦੀਆਂ ਬੇੜੀਆਂ ਕੱਟਣ ਲਈ ਆਪ ਜੀ ਨੇ ਅਨੇਕਾਂ ਸਿੱਖਿਅਕ ਸੰਸਥਾਵਾਂ ਦਾ ਨਿਰਮਾਣ ਕਰਵਾਇਆ। ਆਪ ਜੀ ਨੇ ਆਪਣੇ ਜਨਮ ਅਸਥਾਨ ਪਿੰਡ ਜਿਆਣ ਵਿਖੇ ਕੰਨਿਆ ਪਾਠਸ਼ਾਲਾ ਸ਼ੁਰੂ ਕਰਕੇ ਸਿੱਖਿਆ ਦੇ ਖੇਤਰ ਵਿੱਚ ਵੱਡਾ ਪਰਉਪਕਾਰ ਕੀਤਾ। ਇਸ ਉਪਰੰਤ ਖਾਲਸਾ ਹਾਈ ਸਕੂਲ ਸ੍ਰੀ ਆਨੰਦਪੁਰ ਸਾਹਿਬ, ਖਾਲਸਾ ਹਾਈ ਸਕੂਲ, ਪੱਖੋਵਾਲ, ਨੈਸ਼ਨਲ ਹਾਈ ਸਕੂਲ, ਨਸਰਾਲਾ, ਖਾਲਸਾ ਹਾਈ ਸਕੂਲ ਗੁਰੂਸਰ, (ਜ਼ਿਲ੍ਹਾ ਸਰਗੋਧਾ, ਮੌਜੂਦਾ ਪਾਕਿਸਤਾਨ) ਅਤੇ ਸੰਤ ਹਰੀ ਸਿੰਘ ਖਾਲਸਾ ਹਾਈ ਸਕੂਲ ਜਿਆਣ (ਚੱਬੇਵਾਲ) ਦੀ ਸਥਾਪਨਾ ਕਰਵਾਈ। ਕੰਢੀ ਇਲਾਕੇ ਦੀ ਚੋਆਂ, ਖੱਡਾਂ ਵਾਲੀ ਧਰਤੀ ਵਿੱਚ ਆਪ ਜੀ ਨੇ 1946 ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਦੀ ਸਥਾਪਨਾ ਵਿੱਚ ਮੋਢੀ ਭੂਮਿਕਾ ਨਿਭਾਈ। ਆਪ ਜੀ ਇਸ ਕਾਲਜ ਦੀ ਸੰਚਾਲਕ ਸੰਸਥਾ ਸਿੱਖ ਐਜੂਕੇਸ਼ਨਲ ਕੌਂਸਲ, ਮਾਹਿਲਪੁਰ ਦੇ ਜੀਵਨ ਭਰ ਪ੍ਰਧਾਨ ਵਜੋਂ ਕਾਰਜਸ਼ੀਲ ਰਹੇ। ਦੁਆਬੇ ਦੀ ਧਰਤੀ 'ਤੇ ਇਸ ਕਾਲਜ ਦੀ ਸਥਾਪਨਾ ਨਾਲ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿੱਚ ਉਨ੍ਹਾਂ ਵਲੋਂ ਲਾਏ ਇਸ ਬੂਟੇ ਨੇ ਸ਼ਾਨਦਾਰ ਬਿਰਖ ਦਾ ਰੂਪ ਧਾਰਿਆ ਹੈ ਜਿੱਥੋਂ ਪੜ੍ਹ ਕੇ ਦੇਸ਼ਾਂ ਵਿਦੇਸ਼ਾਂ ਵਿੱਚ ਵੱਖ ਵੱਖ ਖੇਤਰਾਂ ਵਿੱਚ ਸਥਾਪਿਤ ਹੋਏ ਹਜ਼ਾਰਾਂ ਵਿਦਿਆਰਥੀਆਂ ਦੇ ਮਨਾਂ ਵਿੱਚ ਇਹ ਸੰਸਥਾ ਕਿਸੇ ਧਾਰਮਿਕ ਸਥਾਨ ਜਿੰਨੀ ਮਹੱਤਤਾ ਰੱਖਦੀ ਹੈ। ਇਸੇ ਕਾਲਜ ਦੇ ਕੈਂਪਸ ਵਿੱਚ ਸੰਤ ਬਾਬਾ ਹਰੀ ਸਿੰਘ ਮੈਮੋਰੀਅਲ ਖਾਲਸਾ ਕਾਲਜ ਆਫ ਐਜੂਕੇਸ਼ਨ ਅਤੇ ਸੰਤ ਬਾਬਾ ਹਰੀ ਸਿੰਘ ਮਾਡਲ ਸਕੂਲ, ਮਾਹਿਲਪੁਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜੀਏਟ ਸਕੂਲ, ਮਾਹਿਲਪੁਰ ਸਫਲਤਾਪੂਰਵਕ ਚੱਲ ਰਹੇ ਹਨ। ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਜੀ ਦੇ ਆਸ਼ੀਰਵਾਦ ਸਦਕਾ ਇਹ ਸੰਸਥਾਵਾਂ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਦੀਆਂ ਮੋਹਰੀ ਸੰਸਥਾਵਾਂ ਵੱਜੋਂ ਕਾਰਜਸ਼ੀਲ ਹਨ। ਸਿੱਖ ਧਰਮ ਦੇ ਪ੍ਰਚਾਰ ਪਾਸਾਰ ਲਈ ਆਪ ਜੀ ਨੇ 1909 ਤੋਂ 1973 ਤੱਕ ਭਾਰਤ ਦੇ ਵੱਖ ਵੱਖ ਸੂਬਿਆਂ ਦਾ ਰਟਨ ਕੀਤਾ ਅਤੇ ਅਨੇਕਾਂ ਪਰਉਪਕਾਰੀ ਕਾਰਜ ਕੀਤੇ। 21 ਅਕਤੂਬਰ 1973 ਨੂੰ ਸਵੇਰੇ ਤਿੰਨ ਵਜੇ ਆਪ ਜੀ ਕੁਟੀਆ ਕਹਾਰਪੁਰ ਵਿਖੇ ਗੁਰਪੁਰੀ ਸਿਧਾਰ ਗਏ। ਉਨ੍ਹਾਂ ਦੇ ਪਵਿੱਤਰ ਅਸਥਾਨ ਕੁਟੀਆ ਕਹਾਰਪੁਰ ਵਿਖੇ ਤੀਜੇ ਗੱਦੀ ਨਸ਼ੀਨ ਸ੍ਰੀਮਾਨ ਸੰਤ ਬਾਬਾ ਸਾਧੂ ਸਿੰਘ ਜੀ ਕਹਾਰਪੁਰੀ ਸੇਵਾ ਨਿਭਾਅ ਰਹੇ ਹਨ ਜਿਨ੍ਹਾਂ ਦੀ ਰਹਿਨੁਮਾਈ ਅਧੀਨ ਸ੍ਰੀਮਾਨ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਅਤੇ ਉਨ੍ਹਾਂ ਦੇ ਵਰੋਸਾਏ ਗਿਆਨੀ ਸ਼ੇਰ ਸਿੰਘ ਜੀ ਦੀ ਸਾਲਾਨਾ ਬਰਸੀ ਮਿਤੀ 22 ਅਕਤੂਬਰ 2025 ਨੂੰ ਕੁਟੀਆ ਕਹਾਰਪੁਰ ਵਿਖੇ ਪੂਰੀ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਪੰਥ ਦੇ ਮਹਾਨ ਕੀਰਤਨੀਏ, ਢਾਡੀ ਜਥੇ ਅਤੇ ਕਥਾ ਵਾਚਕ ਹਾਜ਼ਰ ਸੰਗਤਾਂ ਨੂੰ ਗੁਰਬਾਣੀ, ਸ਼ਬਦ ਕੀਰਤਨ ਅਤੇ ਸਿੱਖ ਇਤਿਹਾਸ ਦੀ ਸ਼ਾਨਮੱਤੀ ਪਰੰਪਰਾ ਨਾਲ ਨਿਹਾਲ ਕਰਨਗੇ।

**ਲੇਖਕ : ਪ੍ਰਿੰਸੀਪਲ ਡਾ ਪਰਵਿੰਦਰ ਸਿੰਘ**
**ਖਾਲਸਾ ਕਾਲਜ, ਮਾਹਿਲਪੁਰ**
**ਰਾਹੀਂ/ਦਲਜੀਤ ਅਜਨੋਹਾ**
**ਬਿਊਰੋ ਚੀਫ, ਹੁਸ਼ਿਆਰਪੁਰ**
**98721/83601**

# ਸ਼ਾਂਤੀ ਅਤੇ ਭਾਈਚਾਰਕ ਸਾਂਝ ਕਾਇਮ ਰੱਖਣ 'ਚ ਪੰਜਾਬ ਪੁਲਿਸ ਦਾ ਯੋਗਦਾਨ ਬੇਮਿਸਾਲ : ਐਸ.ਐਸ.ਪੀ ਸੰਦੀਪ ਕੁਮਾਰ ਮਲਿਕ

## 66ਵੇਂ ਪੁਲਿਸ ਯਾਦਗਾਰੀ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਬਹਾਦਰ ਪੁਲਿਸ ਮੁਲਾਜ਼ਮਾਂ ਦੇ ਸਨਮਾਨ ਵਿਚ ਬੀਤੇ ਦਿਨ ਪੁਲਿਸ ਲਾਈਨ ਹੁਸ਼ਿਆਰਪੁਰ ਵਿਖੇ 66ਵਾਂ ਪੁਲਿਸ ਯਾਦਗਾਰੀ ਦਿਵਸ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਐਸ.ਐਸ.ਪੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਨੇ ਸ਼ਰਧਾਂਜਲੀ ਸਮਾਗਮ ਦੌਰਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਪੰਜਾਬ ਪੁਲਿਸ ਨੂੰ ਇਕ ਬੇਮਿਸਾਲ ਫੋਰਸ ਦੱਸਿਆ, ਜਿਸ ਨੇ ਸ਼ਾਂਤੀ ਅਤੇ ਸੰਕਟ ਦੋਵਾਂ ਦੌਰਾਨ ਬੇਜੋੜ ਸਮਰਪਣ ਨਾਲ ਦੇਸ਼ ਦੀ ਸੇਵਾ ਕੀਤੀ। ਉਨ੍ਹਾਂ ਦੱਸਿਆ ਕਿ ਸਤੰਬਰ 1981 ਤੋਂ ਲੈ ਕੇ ਹੁਣ ਤੱਕ ਪੰਜਾਬ ਪੁਲਿਸ ਨੇ ਡਿਊਟੀ ਦੌਰਾਨ 1,802 ਅਧਿਕਾਰੀਆਂ ਦਾ ਬਲੀਦਾਨ ਦਿੱਤਾ ਹੈ, ਜਿਸ ਵਿਚ ਇਕੱਲੇ ਇਸ ਸਾਲ ਦੇ ਹੀ ਤਿੰਨ ਪੁਲਿਸ ਕਰਮਚਾਰੀ ਸ਼ਾਮਿਲ ਹਨ। ਪੁਲਿਸ ਸ਼ਹੀਦ ਸਮਾਰਕ 'ਤੇ ਸ਼ਰਧਾਂਜਲੀ ਭੇਟ ਕਰਨ



ਉਪਰੰਤ ਸੰਬੋਧਨ ਕਰਦਿਆਂ ਐਸ.ਐਸ.ਪੀ ਮਲਿਕ ਨੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਕਾਰਨ ਹੀ ਅੱਜ ਅਸੀਂ ਚੈਨ ਦੀ ਨੀਂਦ ਸੌਂ ਰਹੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੀ ਬਹਾਦਰੀ, ਹਿੰਮਤ ਅਤੇ ਅੱਤਵਾਦ ਨੂੰ ਜੜ੍ਹੋਂ ਪੁੱਟ ਸੁੱਟਣ ਦੀ ਵਚਨਬੱਧਤਾ ਦੀ ਮਾਣਮੱਤੀ ਵਿਰਾਸਤ ਹੈ ਅਤੇ ਸੂਬੇ ਵਿਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਕਾਇਮ ਰੱਖਣ 'ਚ ਪੰਜਾਬ ਪੁਲਿਸ ਦਾ ਯੋਗਦਾਨ ਬੇਮਿਸਾਲ ਹੈ। ਇਸ ਦੌਰਾਨ ਪੁਲਿਸ ਸ਼ਹੀਦਾਂ ਦੇ ਸਮਾਰਕ ਵਿਖੇ ਯਾਦਗਾਰੀ ਪਰੇਡ ਹੋਈ, ਜਿਥੇ ਪੁਲਿਸ ਸ਼ਹੀਦਾਂ ਦੇ ਨਾਮ ਪੜ੍ਹੇ ਗਏ, ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਤੋਂ ਬਾਅਦ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਨੇ ਪੁਲਿਸ ਸ਼ਹੀਦਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ, ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਪੰਜਾਬ ਸਰਕਾਰ ਅਤੇ ਪੁਲਿਸ ਵਿਭਾਗ ਵੱਲੋਂ ਨਿਰੰਤਰ ਸਹਿਯੋਗ ਦਾ ਭਰੋਸਾ ਦਿੱਤਾ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ ਤੋਂ ਇਲਾਵਾ ਜ਼ਿਲ੍ਹੇ ਦੇ ਸਮੂਹ ਪੁਲਿਸ ਅਧਿਕਾਰੀ ਹਾਜ਼ਰ ਸਨ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। – ਸਤਨਾਮ ਸਿੰਘ ਖਾਲਸਾ।



ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

2-ਕਈ ਲੋਕਾਂ ਦਾ ਤਰਕ ਹੈ ਕਿ ਦਰਬਾਰ ਸਾਹਿਬ ਦੀ ਇਮਾਰਤ ਉੱਪਰ ੫ ਜਾਂ ੬ ਫੁੱਟ ਦਾ ਨਿਸ਼ਾਨ ਸਾਹਿਬ ਹੈ। ਇਹ ਝੰਡੇ ਦੀ ਸ਼ਕਲ ਦਾ ਨਿਸ਼ਾਨ ਭੰਗੂ ਮਿਸਲ ਦੇ ਭਾਈ ਝੰਡਾ ਸਿੰਘ ਜੀ ਨੇ ਸੰਨ 1771 ਈਸਵੀ ਵਿੱਚ ਲਹਿਰਾਇਆ ਸੀ। ਇਹ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਗਾਹ ਜਾਣ ਤੋ 63 ਸਾਲ ਬਾਦ ਭੰਗੀ ਮਿਸਲ ਦੇ ਜਥੇਦਾਰ ਝੰਡਾ ਸਿੰਘ ਜੀ ਨੇ ਇੱਕ ਨਿਸ਼ਾਨ ਵਜੋ ਲਗਾਇਆ ਸੀ ( ਜੋ ਸੰਪੂਰਨ ਨਿਸ਼ਾਨ ਸਾਹਿਬ ਨਹੀਂ ਹੈ )

3- ਕਈ ਗੁਰਮੁਖ ਪਿਆਰੇ ਕਹਿੰਦੇ ਹਨ ਕਿ ਜੋ ਦੋ ਨਿਸ਼ਾਨ ਮੀਰੀ ਤੇ ਪੀਰੀ ਦੇ ਹਨ, ਉਹ ਵੀ ਦਰਬਾਰ ਸਾਹਿਬ ਨੂੰ ਸੇਧ ਦਿੰਦੇ ਹਨ, ਇਹਨਾਂ ਵਾਰੇ ਇਤਿਹਾਸਿਕ ਪੱਖ ਜਾਨਣੇ ਬਹੁਤ ਜ਼ਰੂਰ ਹਨ।

ਇਹ ਨਿਸ਼ਾਨ ਸਾਹਿਬ 1783 ਈਸਵੀ ਨੂੰ (ਗੁਰੂ ਗੋਬਿੰਦ ਸਿੰਘ ਜੀ ਦੇ ਦਰਗਾਹ ਜਾਣ ਤੋਂ 75 ਸਾਲ ਬਾਦ) ਦੇਹਰਾਦੂਨ ਦੇ ਦੋ ਉਦਾਸੀ ਪੰਥ ਦੇ ਮੁਖੀ ਮਹੰਤ ਪ੍ਰੀਤਮ ਦਾਸ ਨਿਰਬਾਣ ਤੇ ਮਹੰਤ ਸੰਤੋਖ ਦਾਸ ਨਿਰਬਾਣ (ਜੋ ਕਿ ਉਦਾਸੀ ਪੰਥ ਦੇ ਮੁਖੀ ਸਨ) ਇਕ ਵਾਰ ਗੁਰਧਾਮਾਂ ਦੀ ਯਾਤਰਾ ਤੇ ਧਰਮ ਪ੍ਰਚਾਰ ਕਰਦੇ ਹੋਏ ਹਰਿਦੁਆਰ ਤੋ ਅਗੇ ਦੇਹਰਾ ਰਾਮ ਰਾਇ (ਜਿਸ ਨੂੰ ਹੁਣ ਦੇਹਰਾਦੂਨ ਕਹਿੰਦੇ ਹਨ) ਵਿਖੇ ਪਹੁੰਚੇ। ਸਾਹਲ ਦੇ ਦਰਖ਼ਤ ਦਾ ਇਕ ਲੰਮਾ ਛੜ ( ਵੱਲਾ) ਝੰਡਾ ਸਾਹਿਬ ਵਾਸਤੇ ਬੜੇ ਤਰੱਦਦ ਨਾਲ ਲੈ ਕੇ ਅੰਮ੍ਰਿਤਸਰ ਆਏ ਤੇ ਲੱਕੜ ਦਾ ਝੰਡਾ ਖੜ੍ਹਾ ਕੀਤਾ।

(Ref. ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ) ਲੇਖਕ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ)

ਮਹੰਤ ਸ਼੍ਰੀ ਸੰਤੋਖ ਦਾਸ ਨਿਰਬਾਣ ਨੇ ਆਪ ਨੇ ਲੱਕੜੀ ਦੇ ਰੂਪ ਵਿਚ ਲੈ ਕੇ ਖੜ੍ਹੇ ਕੀਤੇ ਸਨ।

ਇਨ੍ਹਾਂ ਦੋ ਉਪਰੋਕਤ ਝੰਡਿਆਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਦੀ ਤੀਸਰੀ ਮੰਜ਼ਲ ਦੇ ਬਰਾਬਰ ਪਹਿਲਾਂ ਇੱਕ ਲਕੜ ਦਾ ਜੋ ਚੋਬੀ ਝੰਡਾ ਸੀ ਪਰ ਸੰਮਤ 1833 ਬਿਕਰਮੀ ਨੂੰ ਲਾਲਾ ਰਾਮ ਕ੍ਰਿਸ਼ਨ ਤੇ ਲਾਲ ਚੰਦ ਖਤ੍ਰੀ ਨੇ ਚੋਬੀ ਝੰਡੇ ਉਪਰ ਸੁਨਹਿਰੀ ਰੰਗ ਕਰਵਾ ਦਿੱਤਾ। ਇਹ ਨਿਸ਼ਾਨ ਝੰਡਾ ਹੁਣ ਵੀ ਝੂਲ ਰਿਹਾ ਹੈ। (ਦੇਖੋ ਤਵਾਰੀਖ ਅੰਮ੍ਰਿਤਸਰ ਪੰਨਾ ੨੭)

ਇਨ੍ਹਾਂ ਵਿਚ ਜੋ ਹਰਮਿੰਦਰ ਸਾਹਿਬ ਦੀ ਨੇੜਤਾ ਕਰਦਾ ਹੈ। ਉਹ PIRI signifies spiritual and divine aspects. MIRI represents ….getting political directions from SRI AKAL TAKHAT SAHIB ( ਇਹ ਨਿਸ਼ਾਨ ਸਾਹਿਬ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਭਾਣਾ ਵਰਤਾਉਣ ਤੋ 75 ਸਾਲ ਬਾਦ ਲਗਾਏ ਗਏ ਸਨ।

ਕੋਈ ਵੀ ਪੱਖ ਦਰਬਾਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਨੂੰ ਨਹੀ ਦਰਸਾ ਰਿਹਾ।

ਨਾਨਕਸਰ ਦੀ ਉਸਾਰੀ ਮੌਕੇ ਧੰਨ ਬਾਬਾ ਈਸ਼ਰ ਸਿੰਘ ਜੀ ਨੇ ਨਿਸ਼ਾਨ ਸਾਹਿਬ ਦੀ ਥਾਂ ਸੋਨੇ ਦਾ ਗੁੰਬਦ ਲਗਵਾਇਆ। ਅਗਰ ਨਿਸ਼ਾਨ ਸਾਹਿਬ ਵਾਰੇ ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਮਹਾਨ ਕੋਸ਼ ਨੂੰ ਪੜ੍ਹੀਏ ਤਾਂ ਉਹ ਦੱਸਦੇ ਹਨ ਕਿ ਪੁਰਾਤਨ ਸਮੇਂ ਵਿੱਚ ਨਿਸ਼ਾਨ ਸਾਹਿਬ ਉੱਥੇ ਲੱਗਦਾ ਸੀ ਜਿੱਥੇ ਹੇਠ ਲਿਖੀਆਂ ੬ ਨਿਸ਼ਾਨੀਆਂ ਹੋਣ

I ਸੰਗਤੀ ਰੂਪ ਚ ਅਕਾਲ ਦੀ ਉਸਤਤ ਹੋਵੇ ਜਿਸ ਤਰਾਂ ( ਕੀਰਤਨ )

II ਭੁੱਖੇ ਲਈ ਲੰਗਰ (get food for the needy)

III ਰਾਹੀ ਜਾਂ ਨਿਥਾਵੇ ਲਈ ਸਰਾਂ (place to have rest )

IV ਵਿਦਿਆ ਦਾ ਵਿਦਿਆਲਾ ਜਿਸ ਤਰ੍ਹਾਂ ਦਰਬਾਰ ਸਾਹਿਬ ਵਿਖੇ ਵਿੱਦਿਆ ਲਈ ਕਿਸੇ ਸਮੇਂ ੮੪ ਬੁੰਗੇ ਸਨ..ਹੁਣ ਸਿਰਫ਼ ੨ ਹੀ ਰਹਿ ਗਏ ਹਨ। (get all types of education like religious, political etc.

V ਸਫਾਖਾਨਾ (like hospital)

VI ਜਿੱਥੇ ਨਿਤਾਣੇ ਲਈ ਕਿਲੇ ਰੂਪ ਵਿੱਚ ਕਿਲਾ ਹੋਵੇ ਭਾਵ ਜਦੋਂ ਜਰਵਾਣਾਂ ਚੜ੍ਹ ਕੇ ਆਵੇ ਤਾਂ ਨਿਤਾਣਾ ਸ਼ਰਨ ਲੈ ਸਕੇ। ਮਿਸਾਲ ਦੇ ਤੌਰ 'ਤੇ ਅਗਰ ਆਪ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦੌਰਾਨ ਭਾਰਤ ਦੇ ਤੇ ਪਾਕਿਸਤਾਨ ਦੇ ਗੁਰਦੁਆਰਿਆਂ ਦੇ ਦਰਸ਼ਨ ਕਰੋ ਤਾਂ ਸਾਰੇ ਕਿਲੇ ਦੇ ਰੂਪ ਵਿਚ ਸਨ।

੧੯-ਦਰਬਾਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਗੋਲਕ ਨਾ ਰੱਖਣ ਦਾ ਹੁਕਮ ਕੀਤਾ ਸੀ। ਜੋ ਉਹਨਾਂ ਵਲੋ ਲਿਖੀ ਪੁਸਤਕ "ਦਸਤੂਰ-ਉਲ-ਅਮਲ (ਉਰਦੂ ਵਿਚ) ਜੋ ਭਾਈ ਮਨੀ ਸਿੰਘ ਜੀ ਨੇ ਲਿਖਿਆ ਹੈ।

(ਚਲਦਾ)

## 1 ਨਵੰਬਰ ਪੰਜਾਬ ਦਿਵਸ

# ਉਹ ਪੰਜਾਬ ਅਤੇ ਇਹ ਪੰਜਾਬ

ਅੱਜ ਦਾ ਪੰਜਾਬ ਉਸ (ਪੁਰਾਤਨ) ਪੰਜਾਬ ਵਰਗਾ ਨਹੀਂ ਅਤੇ ਨਾ ਹੀ ਉਹੋ ਜਿਹੇ ਜਵਾਨ ਰਹੇ ਹਨ। ਪੰਜ ਦਰਿਆਵਾਂ ਵਾਲੇ ਪੰਜਾਬ ਦਾ ਇਕ ਵੱਖਰਾ ਹੀ ਮਾਣ ਅਤੇ ਤਾਣ ਸੀ ਪਰ ਇੱਕਵੀਂ ਸਦੀ ਦੇ ਪੰਜਾਬ ਵਿਚ ਬਹੁਤ ਕੁੱਝ ਨਿਵੇਕਲਾ ਅਤੇ ਨਿਆਰਾ ਹੈ। ਇਸ ਨਿਵੇਕਲਤਾ ਅਤੇ ਨਿਆਰਤਾ ਨੇ ਗੁਰੂਆਂ-ਪੀਰਾਂ, ਬੀਰ-ਬਹਾਦਰਾਂ ਅਤੇ ਅਣਖੀਲੇ ਪੰਜਾਬੀਆਂ ਦੇ ਪੰਜਾਬ ਕਈ ਪੱਖਾਂ ਢਾਹ ਲਾਈ ਹੈ।

1947 ਦੇ ਸਮੇਂ ਕੁੱਝ ਕੁ ਰਾਜਨੀਤੀਵਾਨਾਂ ਨੇ ਆਪਣੇ ਸੌੜੇ ਸਿਅਸੀ ਹਿੱਤਾਂ ਦੀ ਖ਼ਾਤਿਰ ਪੰਜਾਬ ਦੀ ਧਰਤੀ ਨੂੰ ਲਹੂ ਲੁਹਣ ਕੀਤਾ ਸੀ ਅਤੇ ਆਪਣਿਆਂ ਨੂੰ ਆਪਣਿਆਂ (ਧਰਮ ਅਤੇ ਇਲਾਕੇ ਦੇ ਨਾਂਅ 'ਤੇ) ਤੋਂ ਤੋੜ੍ਹਨ ਅਤੇ ਵਿਛੋੜਨ ਦਾ ਕੋਝਾ ਜਤਨ ਕੀਤਾ ਸੀ। ਇਸ ਸਾਲ ਕ੍ਰਿਸ਼ਨ, ਮੁਹੰਮਦ ਤੇ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਨਜ਼ਰਅੰਦਾਜ਼ ਕਰਕੇ ਇਸ ਦੇ ਪੰਜ ਆਬਾਂ ਵਿਚ ਨਫ਼ਰਤ ਦਾ ਜ਼ਹਿਰ ਘੋਲ ਦਿੱਤਾ ਗਿਆ ਸੀ ਅਤੇ ਪੰਜਾਬ ਦੇ ਭੂਗੋਲਿਕ ਕਲਾਵੇ ਨੂੰ ਛੋਟਾ ਕਰ ਦਿੱਤਾ ਗਿਆ ਸੀ। ਇਸ ਚੰਦਰੀ ਘੜੀ ਮਨੁੱਖਤਾ ਦੇ ਹੋਏ ਘਾਣ ਨੂੰ ਦੇਖ ਕੇ ਪੰਜਾਬ ਲਹੂ ਦੇ ਅਥਰੂ ਰੋ ਰਿਹਾ ਸੀ ਪਰ ਰਾਜਨੀਤਕ ਲੋਕ ਰਾਜਸੀ ਲਾਹਾ ਲੈ ਰਹੇ ਸਨ। ਪੰਜਾਬ ਦੀ ਖੁਸ਼ਹਾਲੀ ਅਤੇ ਹਰਿਆਲੀ ਦਾ ਦਮ ਭਰਨ ਵਾਲੇ ਪੰਜਾਬ ਵਿਚਲੇ ਪੰਜਾਂ ਦਰਿਆਵਾਂ ਦਾ ਪਾਣੀ ਸੁੰਗੜ ਕੇ ਦੋ ਵੱਖਰੀਆਂ ਧਰਾਵਾਂ ਵਿਚ ਵਹਿਣ ਲੱਗਾ। ਇਕ ਧਾਰਾ ਪੱਛਮ ਵਿਚ ਵਹਿਣ ਲੱਗੀ ਅਤੇ ਦੂਸਰੀ ਪੂਰਬ ਵਿਚ।

ਇਸ ਵਖਰੇਵੇਂ ਅਤੇ ਸੁੰਗਰੇਵੇਂ ਨੂੰ ਪੰਜਾਬ ਅਜੇ ਭੁੱਲਿਆ ਨਹੀਂ ਸੀ ਕਿ ਤਕਰੀਬਨ ਦੋ ਦਹਾਕਿਆਂ (1 ਨਵੰਬਰ 1966 ਵਿਚ) ਬਾਅਦ ਇਸ ਨੂੰ ਭਾਸ਼ਾਈ ਆਧਾਰ 'ਤੇ ਹੋਰ ਛਾਂਗ ਦਿੱਤਾ ਗਿਆ। ਪੰਜਾਬੀ ਸੂਬੇ ਦੇ ਨਾਮ 'ਤੇ ਪੰਜਾਬੀਅਤ ਦੇ ਵਿਹੜੇ ਵਿਚ ਵਿੱਥ ਦੀਆਂ ਦੋ ਹੋਰ ਲਕੀਰਾਂ ਖਿੱਚ ਕੇ ਦੋ ਹੋਰ ਸੂਬੇ ਹਰਿਆਣਾ ਅਤੇ ਹਿਮਾਚਲ ਤਿਆਰ ਕਰ ਦਿੱਤੇ ਗਏ। ਇੱਕ ਕੁੱਖ ਵਿਚੋਂ ਜਨਮ ਲੈ ਕੇ ਸਭਿਆਚਾਰਕ ਸਾਂਝ ਰੱਖਣ ਦੇ ਬਾਵਜੂਦ ਵੀ ਇਹ ਸੂਬੇ ਕਈ ਵਾਰ ਆਪਸ ਵਿਚ ਇੱਟ-ਖੜੱਕਾ ਲਗਾਈ ਰੱਖਦੇ ਹਨ।

ਸਿਰਫ਼ ਭੂਗੋਲਿਕ ਦੁਖ ਕਾਰਨ ਹੀ ਨਹੀਂ ਸਗੋਂ ਪੰਜਾਬ ਆਪਣੇ ਰਹਿਤਲ ਵਿਚ ਆਏ ਕੁੱਝ ਨਾਂਹ-ਪੱਖੀ ਰੁਝਾਨਾਂ ਕਾਰਨ ਵੀ ਅੱਖਾਂ ਭਰ ਲੈਂਦਾ ਹੈ। ਦੁੱਧ, ਘਿਓ ਅਤੇ ਮੱਖਣੀਆਂ ਦੇ ਸ਼ੌਕੀਨ ਪੰਜਾਬੀ ਹੁਣ ਛੇਵੇਂ ਦਰਿਆ (ਨਸ਼ਿਆਂ) ਦੇ ਵਹਿਣ ਵਿਚ ਵਹੀ ਜਾ ਰਹੇ ਹਨ। ਨਸ਼ਿਆਂ ਦੇ ਮਾਰੂ ਪ੍ਰਭਾਵਾਂ ਕਾਰਨ ਕਈ ਤਾਂ ਆਪਣੀਆਂ ਬੇਸ਼ਕੀਮਤੀ ਜ਼ਿੰਦਗੀਆਂ ਤੋਂ ਵੀ ਹੱਥ ਧੋਈ ਜਾ ਰਹੇ ਹਨ। ਮੱਲ ਅਖਾੜਿਆਂ ਵਿਚ ਮੱਲਾਂ ਮਾਰਨ ਵਾਲੇ ਪੰਜਾਬੀ ਗੱਭਰੂਆਂ ਦੀ ਦਿਨ-ਬ-ਦਿਨ ਨਿਘਰਦੀ ਜਾ ਰਹੀ ਹਾਲਤ ਨੂੰ ਦੇਖ ਪੰਜਾਬ ਸੱਚ-ਮੁੱਚ ਹੀ ਅੰਦਰੋ-ਬਾਹਰੋਂ ਦੁਖੀ ਹੈ। ਇਕ ਹਾਸੋਹੀਣੀ ਗੱਲ ਹੋਰ ਵੀ ਹੈ ਜਿਹੜੀ ਪੰਜਾਬ ਨੂੰ ਵਧੇਰੇ ਝੰਜੋੜਦੀ ਹੈ, ਕਿ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਮੋੜ-ਚੌਰਾਹਿਆਂ 'ਤੇ ਸ਼ਰਾਬ ਦੀਆਂ ਦੁਕਾਨਾਂ ਖੋਲ੍ਹਣ ਵਾਲੇ ਲੋਕ ਹੀ ਪੰਜਾਬ ਨੂੰ ਨਸ਼ਾ-ਮੁਕਤ ਕਰਨ ਦੀਆਂ ਟਾਹਰਾਂ ਮਾਰਦੇ ਰਹਿੰਦੇ ਹਨ ਅਤੇ ਕੁੱਝ ਝੋਲੀ-ਚੁੱਕ ਕਿਸਮ ਦੇ ਲੋਕ ਉਨ੍ਹਾਂ ਦੀਆਂ ਤੁਗ਼ਲਕੀ ਟਾਹਰਾਂ ਦਾ ਹੁੰਗਾਰਾ (ਉਤਲੇ ਮਨੋਂ) ਭਰੀ ਜਾ ਰਹੇ। ਇਹ ਲੋਕ ਵਿਦਿਆਲਿਆਂ-ਮਹਾਂਵਿਦਿਆਲਿਆਂ ਵਿਚ ਪੜ੍ਹਨ ਵਾਲੇ ਪਾੜ੍ਹੇ-ਪਾੜ੍ਹੀਆਂ ਦੇ ਹੱਥਾਂ ਵਿਚ ਬੈਨਰ ਫੜ੍ਹਾ ਕੇ ਨਸ਼ਿਆਂ ਦੇ ਖਿਲਾਫ਼ ਰੈਲੀਆਂ ਤਾਂ ਕੱਢਵਾਈ ਜਾ ਰਹੇ ਹਨ ਪਰ ਬਿਮਾਰੀ ਦੇ ਅਸਲ ਕਾਰਨਾਂ ਨੂੰ (ਜਾਣ-ਬੁੱਝ ਕੇ) ਅੱਖੋਂ ਉਹਲੇ ਕਰਕੇ ਆਪਣੇ ਨੰਬਰ (ਕਾਗਜ਼ੀ) ਬਣਾਈ ਜਾ ਰਹੇ ਹਨ। ਪੰਜਾਬ ਨੂੰ ਪਤਾ ਹੈ ਕਿ ਚੋਰ ਚੋਰ ਕਹਿ ਕੇ ਬਹੁਤਾ ਰੌਲਾ ਪਾਉਣ ਵਾਲੇ ਇਹ ਲੋਕ ਅੰਦਰੋਂ ਚੋਰ ਦੀ ਮਾਂ ਦੇ ਹੀ ਹਿੱਤ ਪਾਲਦੇ ਹਨ ਅਤੇ ਬੁੱਕ ਭਰ-ਭਰ ਪੰਜਾਬੀਆਂ ਦੇ ਅੱਖੀਂ ਘੱਟਾ ਪਾਉਂਦੇ ਹਨ।



**ਰਮੇਸ਼ ਬੱਗਾ ਚੋਹਲਾ**

ਪੰਜਾਬ ਸਿਰਫ ਆਪਣੇ ਜਾਏ ਗੱਭਰੂਆਂ ਦੇ ਨਸ਼ੀਲੇਪਨ ਦੇ ਰੁਝਾਨ ਕਾਰਨ ਹੀ ਉਦਾਸ ਨਹੀਂ ਸਗੋਂ ਉਹ ਆਪਣੀਆਂ ਮੁਟਿਆਰਾਂ/ਧੀਆਂ ਵਿਚ ਆ ਰਹੇ ਨਾਕਾਰਾਤਮਕ ਬਦਲਾਵਾਂ ਕਾਰਨ ਵੀ ਨੈਣੋਂ ਨੀਰ ਵਹਾ ਰਿਹਾ ਹੈ। ਚਰਖੇ 'ਤੇ ਤੰਦ ਪਾ ਕੇ ਤ੍ਰਿੰਝਣਾਂ ਦੀ ਰੌਣਕ ਵਧਾਉਣ ਵਾਲੀਆਂ ਮੁਟਿਆਰਾਂ ਨਾ ਸਿਰਫ਼ ਕੱਤਣਾ ਹੀ ਭੁੱਲਦੀਆਂ ਜਾ ਰਹੀਆਂ ਹਨ ਸਗੋਂ ਲੁਧਿਆਣੇ ਨੱਚ ਕੇ ਜਲੰਧਰ ਤੱਕ ਧਮਕ ਪਾਉਣ ਦਾ ਹੁਨਰ ਵੀ ਗਵਾਈ ਜਾ ਰਹੀਆਂ ਹਨ। ਇਸ ਹੁਨਰ ਦੀ ਝਲਕ ਯੂਥ-ਫੈਸਟੀਵਲਾਂ ਦੇ ਮੌਕੇ ਕਾਲਜਾਂ-ਯੂਨੀਵਰਸਿਟੀਆਂ ਦੀਆਂ ਸਟੇਜਾਂ ਉਪਰ ਤਾਂ ਦੇਖਣ ਨੂੰ ਮਿਲ ਜਾਂਦੀ ਹੈ ਪਰ ਗਿੱਧੇ ਦੇ ਖੁੱਲ੍ਹਿਆਂ ਪਿੜਾਂ ਵਿਚ ਅਲੋਪ ਹੋ ਗਈ ਹੈ। ਜਿਸ ਪੰਜਾਬ ਵਿਚ ਕਿਸੇ ਕੁੜੀ ਦੇ ਸਿਰ ਤੋਂ ਚੁੰਨੀ ਲਹਿ ਜਾਣ ਨੂੰ ਸਮਾਜਿਕ/ਸਭਿਆਚਾਰਕ ਮਾਣ-ਮਰਯਾਦਾ ਦੀ ਉਲੰਘਣਾ ਸਮਝਿਆ ਜਾਂਦਾ ਸੀ ਉਸੇ ਪੰਜਾਬ ਵਿਚ ਔਰਤਾਂ ਦਾ ਕੱਜਣ ਦਿਨੋਂ ਦਿਨ ਮਨਫ਼ੀ ਹੁੰਦਾ ਜਾ ਰਿਹਾ ਹੈ। ਫ਼ੈਸ਼ਨਪ੍ਰਸਤੀ ਦੇ ਨਾਮ 'ਤੇ ਸ਼ਰਮ-ਹਯਾ ਦੀਆਂ ਹੱਦਾਂ ਮੁਕਾਈਆਂ ਜਾ ਰਹੀਆਂ ਹਨ। ਮਹਿੰਗੇ ਪਹਿਰਾਵੇ ਫ਼ੁਕਰਪੰਥੀਆਂ ਨੂੰ ਫ਼ੁਕਰਪੁਣੇ ਦਾ ਪਾਠ ਪੜ੍ਹਾਉਂਦੇ ਹਨ ਅਤੇ ਇਸ ਪੜ੍ਹਾਈ ਸਦਕਾ ਕਈ ਵਾਰ ਉਹ ਅਨੈਤਿਕ ਵਿਹਾਰ ਨਾਲ ਵੀ ਨੱਥੇ ਜਾਂਦੇ ਹਨ। ਮੁਹੱਬਤਾਂ ਦੇ ਮੌਸਮ ਵਾਲੇ ਪੰਜਾਬ ਵਿਚੋਂ ਮੁਹੱਬਤ ਘਟ ਰਹੀ ਹੈ ਅਤੇ ਬੇਗਾਨਗੀ ਦੀਆਂ ਕੰਧਾਂ ਉੱਚੀਆਂ ਹੋ ਰਹੀਆਂ ਹਨ। ਪਦਾਰਥਵਾਦੀ ਪਹੁੰਚ ਕਾਰਨ ਇਹ ਕੰਧਾਂ ਟੱਪਣੀਆਂ ਹੋਰ ਵੀ ਔਖੀਆਂ ਹੁੰਦੀਆਂ ਜਾ ਰਹੀਆਂ ਹਨ। ਆਪਸੀ ਰਿਸ਼ਤਿਆਂ ਵਿਚਲੀ ਰੂਹ ਮਰ ਰਹੀ ਹੈ ਜਿਸ ਕਾਰਨ ਮੇਲ-ਮਿਲਾਪ ਦੇ ਮੌਕੇ ਘੱਟ ਰਹੇ ਹਨ। ਇਨ੍ਹਾਂ ਮਾਇਨਸ ਹੁੰਦੇ ਜਾ ਰਹੇ ਮੌਕਿਆਂ ਉਪਰ ਜਦੋਂ ਕੋਈ ਗ਼ਿਲਾ-ਸ਼ਿਕਵਾ ਕਰਦਾ ਹੈ ਤਾਂ ਇਸ ਨੂੰ ਸਮੇਂ ਦੀ ਘਾਟ ਕਹਿ ਕੇ ਸੁਰਖ਼ਰੂ ਹੋਇਆ ਜਾਂਦਾ ਹੈ। ਇੱਕ-ਦੂਜੇ ਦੇ ਦੁੱਖ-ਸੁੱਖ ਦੀ ਭਾਈਵਾਲੀ ਹੁਣ ਰਸਮੀ ਜਿਹੀ ਹੋ ਕੇ ਰਹਿ ਗਈ ਹੈ। ਸਮੇਂ ਦਾ ਸੰਤਾਪ ਦੇਖੋ ਕਿਸੇ ਨਾਮੁਰਾਦ ਬਿਮਾਰੀ ਨਾਲ ਮਰ ਜਾਣ ਵਾਲਿਆਂ ਦੀਆਂ ਦੇਹਾਂ ਵਿਦਾਇਗੀ ਸਮੇਂ ਆਪਣਿਆਂ ਦੇ ਮੌਢਿਆਂ ਨੂੰ ਤਰਸ ਰਹੀਆਂ ਹਨ। ਮਰਨ ਵਾਲਿਆਂ ਦਾ ਆਤਮਿਕ ਸੁੱਖ ਮੰਗਣ ਵਾਲਿਆਂ ਦੀ ਆਪਣੀ ਆਤਮਾ ਮਰ ਰਹੀ ਹੈ। ਮਸ਼ੀਨੀਕਰਨ ਦੇ ਯੁੱਗ ਨੇ ਸਾਡੇ ਲਹੂ ਦੇ ਰਿਸ਼ਤਿਆਂ ਦਾ ਮਸ਼ੀਨੀਕਰਨ ਕਰ ਦਿੱਤਾ ਹੈ।

ਪੰਜਾਬ ਨੇ ਉਹ ਦਿਨ ਵੀ ਦੇਖੇ ਹਨ ਜਦੋਂ ਕਿਸੇ ਦੇ ਮਰ ਜਾਣ 'ਤੇ ਆਂਢ-ਗੁਆਂਢ ਦੇ ਚੁੱਲ੍ਹੇ ਵੀ ਠੰਢੇ ਹੋ ਜਾਂਦੇ ਸਨ ਪਰ ਹੁਣ ਤਾਂ ਪਰਿਵਾਰ ਵਾਲੇ ਭਾਣਾ ਮੰਨਣ ਦਾ ਬੱਲ ਹਾਸਲ ਕਰਨ ਲਈ (ਮਰਨ ਵਾਲੇ ਦਾ ਸਿਵਾ ਠੰਢਾ ਹੋਣ ਤੋਂ ਪਹਿਲਾਂ ਹੀ) ਰਸੋਈ ਵਾਲੇ ਸਿਲੰਡਰ ਨੂੰ ਆਨ ਕਰ ਦਿੰਦੇ ਹਨ।ਆਪਣੇ ਜੰਮਿਆਂ-ਜਾਇਆਂ ਦੇ ਇਸ ਨਿਰਮੋਹੀ ਵਰਤਾਓ ਕਾਰਨ ਨਾ ਸਿਰਫ਼ ਵਿਛੜੀ ਰੂਹ ਹੀ ਤੜਪਦੀ ਹੋਵੇਗੀ ਸਗੋਂ ਉਸ ਪੰਜਾਬ ਦੀ ਰੂਹ ਵੀ ਕੰਬ ਜਾਂਦੀ ਹੋਵੇਗੀ ਜਿਸ ਨੂੰ ਪੰਜ ਆਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

# ਅ.ਫਗਾਨ ਮਹਿਲਾਵਾਂ ਦੀ ਅਣਦੇਖੀ ਦੀ ਦਾਸਤਾਨ

ਦਿੱਲੀ ਸਥਿਤ ਅਫ਼ਗਾਨ ਦੂਤਘਰ ਵਿਚ 10 ਅਕਤੂਬਰ ਨੂੰ ਅਫ਼ਗਾਨਿਸਤਾਨ ਦੀ ਤਾਲਿਬਾਨ ਸਰਕਾਰ ਦੇ ਵਿਦੇਸ਼ ਮੰਤਰੀ ਆਮਿਰ ਖਾਨ ਮੁੱਤਕੀ ਦੀ ਪ੍ਰੈੱਸ ਕਾਨਫਰੰਸ ਤੋਂ ਮਹਿਲਾ ਪੱਤਰਕਾਰਾਂ ਨੂੰ ਬਾਹਰ ਰੱਖਣ 'ਤੇ ਹੰਗਾਮੇ ਸਕਾਰਾਤਮਕ ਪ੍ਰਭਾਵ ਇਹ ਪਿਆ ਕਿ ਮੁੱਤਕੀ ਨੇ 12 ਅਕਤੂਬਰ ਨੂੰ ਇਕ ਹੋਰ ਬੈਠਕ ਦਾ ਆਯੋਜਨ ਕੀਤਾ ਜਿਸ ਵਿਚ ਮਹਿਲਾ ਪੱਤਰਕਾਰਾਂ ਨੂੰ ਵੀ ਸ਼ਾਮਲ ਕੀਤਾ ਗਿਆ। ਇਸ ਬੈਠਕ ਵਿਚ ਮਹਿਲਾ ਪੱਤਰਕਾਰਾਂ ਪੂਰੀ ਸ਼ਾਨ ਨਾਲ ਅੱਗੇ ਦੀ ਪੰਕਤੀ ਵਿਚ ਬੈਠੀਆਂ। ਬਾਰਾਂ ਅਕਤੂਬਰ ਦੀ ਇਹ ਬੈਠਕ ਭਾਰਤੀ ਮਹਿਲਾ ਪੱਤਰਕਾਰਾਂ ਲਈ ਇਕ ਜਿੱਤ ਹੈ ਪਰ ਅਸੀਂ ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ ਅਫ਼ਗਾਨ ਔਰਤਾਂ ਅਤੇ ਕੁੜੀਆਂ ਦੀ ਸਥਿਤੀ ਠੀਕ ਨਹੀਂ ਹੈ।



ਉਨ੍ਹਾਂ ਦੀ ਸਥਿਤੀ ਸਮੂਹ ਇਸਲਾਮੀ ਜਗਤ ਤੋਂ ਆਤਮ-ਚਿੰਤਨ ਦੀ ਮੰਗ ਕਰਦੀ ਹੈ, ਖ਼ਾਸ ਕਰਕੇ 2021 ਤੋਂ ਬਾਅਦ ਤੋਂ ਤਾਲਿਬਾਨ ਸ਼ਾਸਨ ਵਿਚ ਮਹਿਲਾਵਾਂ ਦੀ ਮਾੜੀ ਦਸ਼ਾ ਨੂੰ ਦੇਖਦੇ ਹੋਏ। ਜਿੱਥੇ ਤਾਲਿਬਾਨ ਸ਼ਾਸਨ ਵਿਚ ਅਫ਼ਗਾਨ ਮਹਿਲਾਵਾਂ ਦੀ ਸਥਿਤੀ ਬਹੁਤ ਹੀ ਖ਼ਰਾਬ ਹੈ, ਓਥੇ ਹੀ ਸਾਊਦੀ ਅਰਬ (ਜਿੱਥੇ ਇਸਲਾਮ ਦਾ ਜਨਮ ਹੋਇਆ) ਵਿਚ ਉਨ੍ਹਾਂ ਦੀ ਹਾਲਤ ਵਿਚ ਸੁਧਾਰ ਆ ਰਿਹਾ ਹੈ। ਤਾਲਿਬਾਨ ਸ਼ਾਸਨ 'ਚ ਸ਼ਰੀਆ ਕਾਨੂੰਨ ਤਹਿਤ ਕੁੜੀਆਂ ਨੂੰ ਸਕੂਲੀ ਸਿੱਖਿਆ ਦੇ ਨਾਲ-ਨਾਲ ਉੱਚ ਸਿੱਖਿਆ, ਰੁਜ਼ਗਾਰ ਅਤੇ ਜਨਤਕ ਜੀਵਨ ਤੋਂ ਵਾਂਝਾ ਰੱਖਿਆ ਗਿਆ ਹੈ।

ਉਹ ਪੁਰਸ਼ ਸਰਪ੍ਰਸਤਾਂ ਤੋਂ ਬਿਨਾਂ ਘਰੋਂ ਬਾਹਰ ਨਹੀਂ ਜਾ ਸਕਦੀਆਂ। ਉਨ੍ਹਾਂ 'ਤੇ ਥੋਪੇ ਗਏ ਬੁਰਕੇ ਨਾਲ ਉਨ੍ਹਾਂ ਦੀ ਆਜ਼ਾਦੀ ਸੀਮਤ ਹੋ ਜਾਂਦੀ ਹੈ। ਅਫ਼ਗਾਨ ਯੂਨੀਵਰਸਿਟੀਆਂ ਵਿਚ ਮਹਿਲਾਵਾਂ ਦੁਆਰਾ ਲਿਖੀਆਂ ਪੁਸਤਕਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਦੇ ਨਾਲ-ਨਾਲ ਮਨੁੱਖੀ ਹੱਕਾਂ, ਲਿੰਗਕ ਹੱਕਾਂ, ਸੰਵਿਧਾਨਕ ਕਾਨੂੰਨਾਂ ਆਦਿ ਦੇ ਪਾਠਕ੍ਰਮਾਂ 'ਤੇ ਵੀ ਪਾਬੰਦੀ ਲਗਾਈ ਗਈ ਹੈ। ਇਹ ਅਫ਼ਗਾਨ ਮਹਿਲਾਵਾਂ ਲਈ ਅਸਲ ਵਿਚ ਪੱਥਰ ਯੁੱਗ ਹੈ।

ਇਸ ਦੇ ਉਲਟ, ਸਾਊਦੀ ਅਰਬ ਵਿਚ ਮਹਿਲਾਵਾਂ ਨੇ ਪਿਛਲੇ ਕੁਝ ਸਾਲਾਂ ਵਿਚ ਕਈ ਸਕਾਰਾਤਮਕ ਬਦਲਾਅ ਵੇਖੇ ਹਨ। ਸਾਲ 2018 ਵਿਚ ਸਾਊਦੀ ਮਹਿਲਾਵਾਂ ਨੂੰ ਗੱਡੀ ਚਲਾਉਣ ਦੀ ਆਗਿਆ ਦਿੱਤੀ ਗਈ ਅਤੇ 2019 ਵਿਚ 21 ਸਾਲ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਨੇ ਪਾਸਪੋਰਟ ਲਈ ਅਰਜ਼ੀ ਦੇਣੀ ਸ਼ੁਰੂ ਕੀਤੀ।

ਉਨ੍ਹਾਂ ਨੂੰ ਮਰਦ ਸਰਪ੍ਰਸਤਾਂ ਦੀ ਆਗਿਆ ਦੇ ਬਿਨਾਂ ਯਾਤਰਾ ਕਰਨ ਦੀ ਖੁੱਲ੍ਹ ਵੀ ਮਿਲੀ। ਸੰਨ 2021 ਤੋਂ ਮਹਿਲਾਵਾਂ ਨੂੰ ਬਿਨਾਂ ਕਿਸੇ ਮਰਦ ਰਿਸ਼ਤੇਦਾਰ ਦੇ ਹੱਜ ਕਰਨ ਲਈ ਮੱਕਾ ਜਾਣ ਦੀ ਆਗਿਆ ਦਿੱਤੀ ਗਈ, ਬਸ਼ਰਤੇ ਉਹ ਹੋਰ ਮਹਿਲਾਵਾਂ ਦੇ ਨਾਲ ਯਾਤਰਾ ਕਰ ਰਹੀਆਂ ਹੋਣ। ਸਾਊਦੀ ਰਵਾਇਤੀ ਸਿਧਾਂਤ ਤਹਿਤ ਹਰੇਕ ਮਹਿਲਾ ਦਾ ਇਕ ਪੁਰਸ਼ ਸਰਪ੍ਰਸਤ ਹੁੰਦਾ ਸੀ ਜੋ ਉਸ ਵੱਲੋਂ ਫ਼ੈਸਲਾ ਲੈਂਦਾ ਸੀ।

ਇਸ ਤਰ੍ਹਾਂ ਉਹ ਪਿਤਾ, ਪਤੀ, ਭਰਾ ਆਦਿ ਦੀ ਸਰਪ੍ਰਸਤੀ ਵਿਚ ਰਹਿਣ ਲਈ ਮਜਬੂਰ ਸਨ ਪਰ 2019 ਤੋਂ 21 ਸਾਲ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਨੂੰ ਸਿਹਤ ਸੇਵਾ, ਸਿੱਖਿਆ ਤੇ ਰਾਜ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ, ਨੌਕਰੀ ਕਰਨ, ਗਰਭ ਅਵਸਥਾ ਅਤੇ ਜਨਮ ਬਾਰੇ ਇਲਾਜ ਦਾ ਫ਼ੈਸਲਾ ਲੈਣ ਲਈ ਮਾਪਿਆਂ ਦੀ ਮਨਜ਼ੂਰੀ ਦੀ ਜ਼ਰੂਰਤ ਨਹੀਂ ਰਹਿ ਗਈ।

ਇਸ ਤੋਂ ਬਾਅਦ ਵੀ ਉਨ੍ਹਾਂ ਨੂੰ ਵਿਆਹ, ਤਲਾਕ ਜਾਂ ਆਸਰਾ ਸਥਾਨਾਂ ਨੂੰ ਛੱਡਣ ਲਈ ਸਰਪ੍ਰਸਤ ਦੀ ਸਹਿਮਤੀ ਹੁਣ ਵੀ ਚਾਹੀਦੀ ਹੈ। ਜੇ ਪੁਰਸ਼ ਸਰਪ੍ਰਸਤ ਬੇਇਨਸਾਫ਼ੀ ਕਰਦੇ ਹਨ ਤਾਂ ਮਹਿਲਾਵਾਂ ਸਰਪ੍ਰਸਤੀ ਦੀ ਤਬਦੀਲੀ ਦੀ ਮੰਗ ਕਰ ਸਕਦੀਆਂ ਹਨ। ਸਾਊਦੀ ਅਰਬ ਵਿਚ ਵਿਆਹ ਲਈ ਘੱਟ-ਘੱਟ ਉਮਰ 18 ਸਾਲ ਹੈ। ਹਾਲਾਂਕਿ ਕੁਝ ਹਾਲਾਤ ਵਿਚ ਅਦਾਲਤਾਂ ਘੱਟ ਉਮਰ ਦੀ ਲੜਕੀ ਦੇ ਵਿਆਹ ਦੀ ਆਗਿਆ ਦੇ ਸਕਦੀਆਂ ਹਨ। ਪਤੀ ਮੌਖਿਕ ਤੌਰ 'ਤੇ ਆਪਣੀ ਪਤਨੀ ਨੂੰ ਤਲਾਕ ਨਹੀਂ ਦੇ ਸਕਦੇ। ਗ਼ੌਰ ਕਰੋ ਕਿ ਭਾਰਤ ਵਿਚ ਅਜਿਹਾ ਕਰਨ ਦੇਣ ਦੀ ਆਗਿਆ ਜਾਰੀ ਰੱਖਣ ਦੀ ਮੰਗ ਕੀਤੀ ਜਾ ਰਹੀ ਸੀ ਤੇ ਤਿੰਨ ਤਲਾਕ 'ਤੇ ਰੋਕ ਤੋਂ ਬਾਅਦ ਵੀ ਮੌਖਿਕ ਤਲਾਕ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਸਾਊਦੀ ਅਰਬ ਵਿਚ 15-24 ਸਾਲ ਦੀ ਉਮਰ ਦੀਆਂ ਸਾਊਦੀ ਮਹਿਲਾਵਾਂ ਦੀ ਸਾਖ਼ਰਤਾ ਦਰ 1992 ਵਿਚ 57 ਪ੍ਰਤੀਸ਼ਤ ਦੀ ਤੁਲਨਾ ਵਿਚ 2017 ਵਿਚ 100 ਪ੍ਰਤੀਸ਼ਤ ਦੇ ਲਗਪਗ ਸੀ।

ਸਾਊਦੀ ਅਰਬ ਦੀਆਂ ਯੂਨੀਵਰਸਿਟੀਆਂ ਵਿਚ ਦਾਖ਼ਲ ਵਿਦਿਆਰਥੀਆਂ 'ਚੋਂ ਅੱਧੇ ਨਾਲੋਂ ਵੱਧ

**-ਸੰਧਿਆ ਜੈਨ**

ਵਿਦਿਆਰਥਣਾਂ ਹਨ। ਸਾਊਦੀ ਮਹਿਲਾਵਾਂ ਪ੍ਰਸ਼ਾਸਨ ਤੋਂ ਲੈ ਕੇ ਸਿੱਖਿਆ, ਖੋਜ ਤੱਕ ਸਾਰੇ ਖੇਤਰਾਂ ਵਿਚ ਬੇਮਿਸਾਲ ਕੰਮ ਕਰ ਰਹੀਆਂ ਹਨ। ਇਹ ਸਹੀ ਹੈ ਕਿ ਉੱਥੇ ਲਿੰਗ ਸਬੰਧੀ ਵਿਤਕਰਾ ਮੌਜੂਦ ਹੈ ਪਰ ਕੁਝ ਯੂਨੀਵਰਸਿਟੀਆਂ ਸਹਿ-ਸਿੱਖਿਆ ਪਾਠਕ੍ਰਮਾ ਪ੍ਰਦਾਨ ਕਰਦੀਆਂ ਹਨ। ਸੰਨ 2018 ਵਿਚ ਸਾਊਦੀ ਕਿਰਤ ਬਲ ਵਿਚ ਔਰਤਾਂ ਦੀ ਹਿੱਸੇਦਾਰੀ ਸਿਰਫ਼ 15 ਪ੍ਰਤੀਸ਼ਤ ਸੀ ਪਰ 2024 ਤੱਕ ਸਰਗਰਮ ਸਰਕਾਰੀ ਨੀਤੀਆਂ, ਵਧਦੀਆਂ ਵਿੱਦਿਅਕ ਉਪਲਬਧੀਆਂ ਅਤੇ ਮਹਿਲਾ ਕਿਰਤੀਆਂ ਦੀ ਵਧਦੀ ਮੰਗ ਕਾਰਨ ਇਹ 34.5 ਪ੍ਰਤੀਸ਼ਤ ਹੋ ਗਈ ਹੈ। ਸੰਨ 2017 ਵਿਚ ਔਰਤਾਂ ਨੂੰ ਸਰਪ੍ਰਸਤਾਂ ਦੀ ਸਹਿਮਤੀ ਤੋਂ ਬਿਨਾਂ ਨੌਕਰੀ ਲਈ ਅਰਜ਼ੀ ਦੇਣ ਅਤੇ ਆਪਣਾ ਕਾਰੋਬਾਰ ਸ਼ੁਰੂ ਕਰਨ ਦੀ ਆਗਿਆ ਦਿੱਤੀ ਗਈ। ਸੰਨ 2018 ਤੋਂ ਖੇਡਾਂ ਵਿਚ ਮਹੱਤਵਪੂਰਨ ਬਦਲਾਅ ਹੋਏ ਹਨ। ਲਗਪਗ 70,000 ਲੜਕੀਆਂ ਨੇ ਦੇਸ਼ ਦੀ ਮਹਿਲਾ ਸਕੂਲ ਫੁੱਟਬਾਲ ਲੀਗ ਦੇਖੀ।

ਸਾਊਦੀ ਮਹਿਲਾ ਪ੍ਰੀਮੀਅਰ ਲੀਗ ਵਿਚ 10 ਟੀਮਾਂ ਹਨ ਅਤੇ ਖਿਡਾਰੀ ਮੁਕਾਬਲੇਬਾਜ਼ੀ ਦੌਰਾਨ ਹਿਜਾਬ ਪਹਿਨਣ ਜਾਂ ਨਾ ਪਹਿਨਣ ਦਾ ਬਦਲ ਚੁਣਨ ਲਈ ਸੁਤੰਤਰ ਹਨ। ਸੰਨ 2025 ਵਿਚ ਸਾਊਦੀ ਅਰਬ ਵਿਚ ਪਹਿਲਾ 24 ਘੰਟਿਆਂ ਦਾ ਮਹਿਲਾ ਖੇਡ ਟੀਵੀ ਚੈਨਲ ਲਾਂਚ ਕੀਤਾ ਗਿਆ। ਪ੍ਰਿੰਸ ਐੱਮਬੀਐੱਸ ਯਾਨੀ ਮੁਹੰਮਦ ਬਿਨ ਸਲਮਾਨ ਮੁਤਾਬਕ ਮਹਿਲਾਵਾਂ ਨੂੰ ਇਹ ਫ਼ੈਸਲਾ ਲੈਣ ਦੀ ਸੁਤੰਤਰਤਾ ਹੈ ਕਿ ਉਹ ਕਾਲਾ ਅਬਾਯਾ (ਪੂਰਾ ਲਬਾਦਾ) ਅਤੇ ਨਕਾਬ (ਪੂਰਾ ਚਿਹਰਾ ਢਕਣ ਵਾਲਾ ਘੁੰਡ) ਪਹਿਨਣਾ ਚਾਹੁੰਦੀਆਂ ਹਨ ਜਾਂ ਨਹੀਂ? ਅਸੀਂ ਇਸ ਦੀ ਅਣਦੇਖੀ ਨਹੀਂ ਕਰ ਸਕਦੇ ਕਿ ਭਾਰਤ ਵਿਚ ਮੁਸਲਿਮ ਲੜਕੀਆਂ ਲਈ ਬੁਰਕੇ ਨੂੰ ਜ਼ਰੂਰੀ ਦੱਸਣ ਵਾਲਿਆਂ ਦੀ ਕਮੀ ਨਹੀਂ। ਸਾਊਦੀ ਅਰਬ ਵਿਚ ਲੜਕੀਆਂ ਦੀ ਰਸਮੀ ਸਿੱਖਿਆ ਦੀ ਸ਼ੁਰੂਆਤ 1955 ਵਿਚ ਜੇਦਾ ਵਿਚ ਦਾਰ ਅਲ ਹਨਾਨ ਗਰਲਜ਼ ਸਕੂਲ ਦੀ ਸਥਾਪਨਾ ਨਾਲ ਹੋਈ ਸੀ। ਸੰਨ 1969 ਵਿਚ ਸਾਰੇ ਪੱਧਰਾਂ ਦੀ ਸਿੱਖਿਆ ਸਾਰਿਆਂ ਲਈ ਮੁਫ਼ਤ ਕਰ ਦਿੱਤੀ ਗਈ। ਸਿੱਖਿਆ 'ਤੇ ਧਿਆਨ ਦੇਣ ਨਾਲ ਵਿਦੇਸ਼ੀ ਅਧਿਐਨ ਪ੍ਰੋਗਰਾਮਾਂ ਵਿਚ ਨਾਮਜ਼ਦ ਵਿਦਿਆਰਥਣਾਂ ਦੀ ਗਿਣਤੀ 15,675 ਤੱਕ ਪਹੁੰਚ ਗਈ ਹੈ।

ਇਸ ਵਿਚ ਡਾਕਟਰੇਟ, ਮਾਸਟਰ, ਗ੍ਰੈਜੂਏਸ਼ਨ, ਡਿਪਲੋਮਾ ਵੀ ਸ਼ਾਮਲ ਹਨ। ਸਾਊਦੀ ਮਹਿਲਾਵਾਂ ਸਿਹਤ ਸੇਵਾ, ਪ੍ਰਸ਼ਾਸਨ, ਆਈਟੀ ਖੇਤਰ ਦੇ ਨਾਲ-ਨਾਲ ਯੋਗ ਟ੍ਰੇਨਰ ਦੇ ਰੂਪ ਵਿਚ ਵੀ ਕੰਮ ਕਰ ਰਹੀਆਂ ਹਨ। ਐੱਸਐੱਮਈ ਮਾਲਕਾਂਵਿਚ ਲਗਪਗ ਅੱਧੀ ਗਿਣਤੀ ਮਹਿਲਾ ਉੱਦਮੀਆਂ ਦੀ ਹੈ। ਇਸ ਦੇ ਉਲਟ ਤਾਲਿਬਾਨ ਸ਼ਾਸਨ ਆਪਣੀ ਮਹਿਲਾ ਆਬਾਦੀ ਨੂੰ ਲਗਪਗ ਪੂਰੀ ਤਰ੍ਹਾਂ ਨਾਲ ਸ਼ਕਤੀਹੀਣ ਕਰਨ ਨੂੰ ਵਾਜਿਬ ਠਹਿਰਾਉਣ ਲਈ ਸ਼ਰੀਆ ਦਾ ਹਵਾਲਾ ਦਿੰਦਾ ਹੈ। ਸਾਊਦੀ ਅਰਬ ਨੇ ਵੀ ਕੁਰਾਨ ਅਤੇ ਸੁਨਾਹ (ਪੈਗੰਬਰ ਮੁਹੰਮਦ ਦੀਆਂ ਰਵਾਇਤਾਂ) ਨੂੰ ਦੇਸ਼ ਦਾ ਸੰਵਿਧਾਨ ਐਲਾਨਿਆ ਹੈ। ਆਖ਼ਰ ਇਸਲਾਮ ਦੇ ਨਾਂ 'ਤੇ ਸਾਊਦੀ ਅਰਬ ਨਾਲੋਂ ਵੱਖ ਨੀਤੀਆਂ ਅਤੇ ਪ੍ਰਥਾਵਾਂ ਅਫ਼ਗਾਨਿਸਤਾਨ ਵਿਚ ਕਿਵੇਂ ਲਾਗੂ ਹੋ ਸਕਦੀਆਂ ਹਨ?

ਗੱਲ ਅਫ਼ਗਾਨਿਸਤਾਨ ਦੀ ਹੀ ਨਹੀਂ ਹੈ। ਭਾਰਤ ਵਿਚ ਹੀ ਬੀਤੇ ਦਿਨੀਂ ਮੁਸਲਮਾਨਾਂ ਦੁਆਰਾ ਮੌਲਵੀਆਂ ਦੇ ਕਠੋਰ ਅਤੇ ਮਹਿਲਾ ਵਿਰੋਧੀ ਨਿਰਦੇਸ਼ਾਂ ਦੀ ਪਾਲਣਾ ਕਰਨ ਦੇ ਮਾਮਲੇ ਸਾਹਮਣੇ ਆਏ ਹਨ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਧਾਰਮਿਕ ਕੱਟੜਤਾ ਕਿਵੇਂ ਔਰਤਾਂ ਲਈ ਮੁਸ਼ਕਲਾਂ ਦਾ ਕਾਰਨ ਬਣ ਰਹੀ ਹੈ। ਭਾਵੇਂ ਭਾਰਤ ਸਰਕਾਰ ਨੇ ਮੁਸਲਿਮ ਮਹਿਲਾਵਾਂ ਦੀ ਹਾਲਤ ਸੁਧਾਰਨ ਲਈ ਕਾਨੂੰਨਾਂ ਵਿਚ ਕਾਫ਼ੀ ਫੇਰਬਦਲ ਕੀਤਾ ਹੈ ਪਰ ਧਾਰਮਿਕ ਕੱਟੜਤਾ ਕਾਰਨ ਉਹ ਜ਼ਿਆਦਾ ਅਸਰਦਾਰ ਸਾਬਿਤ ਨਹੀਂ ਹੋ ਰਹੇ। ਅਜਿਹੇ ਵਿਚ ਮੁਸਲਿਮ ਵਰਗ ਨੂੰ ਔਰਤਾਂ ਪ੍ਰਤੀ ਕੱਟੜ ਰਵੱਈਆ ਛੱਡ ਕੇ ਸਾਊਦੀ ਅਰਬ ਵਾਂਗ ਉਦਾਰਵਾਦੀ ਵਤੀਰਾ ਅਪਣਾਉਂਦੇ ਹੋਏ ਉਨ੍ਹਾਂ ਦਾ ਭਲਾ ਕਰਨਾ ਚਾਹੀਦਾ ਹੈ। ਅਫ਼ਗਾਨ ਮਹਿਲਾਵਾਂ ਦੀ ਦੁਰਦਸ਼ਾ ਕਿਤੇ ਜ਼ਿਆਦਾ ਗੰਭੀਰ ਹੈ ਅਤੇ ਇਸਲਾਮੀ ਜਗਤ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ।

# 'ਔਰਤਾਂ ਵਿਰੁੱਧ ਜਬਰ-ਜ਼ਨਾਹ ਅਤੇ ਹਿੰਸਾ ਲਗਾਤਾਰ ਜਾਰੀ' ਹੁਣ ਵਿਦੇਸ਼ੀ ਔਰਤਾਂ ਵੀ ਹੋਣ ਲੱਗੀਆਂ ਸ਼ਿਕਾਰ!

'ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ' (ਐੱਨ. ਸੀ. ਆਰ. ਬੀ.) ਦੇ ਅੰਕੜਿਆਂ ਮੁਤਾਬਕ 2021 'ਚ ਦੇਸ਼ 'ਚ ਔਰਤਾਂ ਵਿਰੁੱਧ ਅਪਰਾਧ ਦੇ 4.28 ਲੱਖ ਮਾਮਲੇ ਦਰਜ ਕੀਤੇ ਗਏ ਸਨ, ਜੋ 2022 'ਚ ਵਧ ਕੇ 4.45 ਲੱਖ ਅਤੇ ਹਾਲ ਹੀ 'ਚ ਆਈ ਐੱਨ. ਸੀ. ਆਰ. ਬੀ. ਦੀ ਰਿਪੋਰਟ ਅਨੁਸਾਰ 2023 'ਚ ਇਨ੍ਹਾਂ ਦੀ ਗਿਣਤੀ ਹੋਰ ਵੀ ਵਧ ਕੇ 4.48 ਲੱਖ ਹੋ ਗਈ ਅਤੇ ਇਸ 'ਚ ਲਗਾਤਾਰ ਵਾਧਾ ਜਾਰੀ ਹੈ।

ਹੱਦ ਇਹ ਹੈ ਕਿ ਹੁਣ ਤਾਂ ਵਿਦੇਸ਼ ਤੋਂ ਭਾਰਤ 'ਚ ਖੇਡਣ ਆਉਣ ਵਾਲੀਆਂ ਮਹਿਲਾ ਖਿਡਾਰਨਾਂ ਵੀ ਸੁਰੱਖਿਅਤ ਨਹੀਂ ਹਨ ਅਤੇ ਭਾਰਤ ਦੀ ਸੈਰ ਲਈ ਆਉਣ ਵਾਲੀਆਂ ਵਿਦੇਸ਼ੀ ਔਰਤਾਂ ਦੇ ਵਿਰੁੱਧ ਵੀ ਯੌਨ ਅਪਰਾਧ ਅਤੇ ਹਿੰਸਾ ਦੇ ਮਾਮਲੇ ਲਗਾਤਾਰ ਵਧ ਰਹੇ ਹਨ, ਜਿਸ ਦੀਆਂ ਸਿਰਫ ਪਿਛਲੇ 4 ਮਹੀਨਿਆਂ ਦੀਆਂ ਉਦਾਹਰਣਾਂ ਹੇਠਾਂ ਦਰਜ ਹਨ :

• 25 ਜੂਨ ਨੂੰ ਫਿਲਮਾਂ, ਟੀ. ਵੀ. ਵਿਗਿਆਪਨਾਂ, ਗੀਤਾਂ ਅਤੇ ਸੀਰੀਅਲਾਂ 'ਚ 'ਕਾਸਟਿੰਗ ਡਾਇਰੈਕਟਰ' ਦਾ ਕੰਮ ਕਰਨ ਵਾਲੇ ਇਕ ਨੌਜਵਾਨ ਨੇ ਘੁੰਮਣ-ਫਿਰਨ ਅਤੇ ਵਿਗਿਆਪਨਾਂ ਦੀ ਸ਼ੂਟਿੰਗ ਦੇ ਲਈ 'ਉਦੈਪੁਰ' (ਰਾਜਸਥਾਨ) ਆਈ ਇਕ ਫ੍ਰਾਂਸੀਸੀ ਮਹਿਲਾ ਨੂੰ ਕਿਸੇ ਮੋਬਾਈਲ ਕੰਪਨੀ ਦਾ ਵਿਗਿਆਪਨ ਦਿਵਾਉਣ ਦਾ ਝਾਂਸਾ ਦੇ ਕੇ ਆਪਣੇ ਕਮਰੇ 'ਚ ਲਿਜਾ ਕੇ ਉਸ ਨਾਲ ਜਬਰ-ਜ਼ਨਾਹ ਕੀਤਾ। ਮੁਲਜ਼ਮ ਨੌਜਵਾਨ ਨੂੰ ਬਾਅਦ 'ਚ ਚਿਤੌੜਗੜ੍ਹ ਤੋਂ ਗ੍ਰਿਫਤਾਰ ਕਰ ਲਿਆ ਗਿਆ।

• 2 ਅਗਸਤ ਨੂੰ ਪੁਲਸ ਨੇ ਭਾਰਤ ਘੁੰਮਣ ਆਈ ਇਕ ਵਿਦੇਸ਼ੀ ਮਹਿਲਾ ਨੂੰ 'ਬੀਕਾਨੇਰ' (ਰਾਜਸਥਾਨ) ਦੇ 'ਲਾਲਗੜ੍ਹ' ਇਲਾਕੇ ਦੇ ਇਕ ਹੋਟਲ 'ਚ ਡਿਨਰ ਦੇ ਬਹਾਨੇ ਲਿਜਾ ਕੇ ਉਸ ਨਾਲ ਜਬਰ-ਜ਼ਨਾਹ ਕਰਨ ਵਾਲੇ 'ਪੁਸ਼ਪਰਾਜ' ਨਾਂ ਦੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ।

ਇਸ ਤੋਂ ਪਹਿਲਾਂ ਮੁਲਜ਼ਮ ਨੇ ਮਹਿਲਾ ਦਾ ਭਰੋਸਾ ਜਿੱਤਣ ਲਈ ਉਸ ਨੂੰ ਇਕ ਕੈਫੇ 'ਚ ਲਿਜਾ ਕੇ ਉਸ ਦੇ ਨਾਲ ਪਾਰਟੀ ਵੀ ਕੀਤੀ ਸੀ।

ਇਸੇ ਤਰ੍ਹਾਂ ਹੀ ਕੁਝ ਸਮੇਂ ਪਹਿਲਾਂ 'ਰਾਜਸਥਾਨ' ਦੇ ਹੀ 'ਚੂਰੂ' 'ਚ ਇਕ ਨਾਬਾਲਿਗ ਵਿਦੇਸ਼ੀ ਲੜਕੀ ਦੇ ਨਾਲ ਜਬਰ-ਜ਼ਨਾਹ ਕਰਨ ਦਾ ਮਾਮਲਾ ਵੀ ਸਾਹਮਣੇ ਆਇਆ ਸੀ।

• 6 ਅਗਸਤ ਨੂੰ 'ਪਟਨਾ' ਪਹੁੰਚੀ ਨੇਪਾਲ ਦੀ ਰਹਿਣ ਵਾਲੀ ਇਕ ਔਰਤ ਦੀ ਮਦਦ ਕਰਨ ਦਾ ਭਰੋਸਾ ਦੇ ਕੇ ਇਕ ਵਿਅਕਤੀ 'ਪਟਨਾ ਜੰਕਸ਼ਨ' ਤੋਂ ਉਸ ਨੂੰ ਆਪਣੇ ਨਾਲ ਲੈ ਗਿਆ ਅਤੇ ਉਸ ਨਾਲ ਜਬਰ-ਜ਼ਨਾਹ ਕੀਤਾ। ਪੀੜਤ ਮਹਿਲਾ ਦਾ ਕਹਿਣਾ ਹੈ ਕਿ ਉਹ ਤਾਂ ਪਰਿਵਾਰਿਕ ਮੈਂਬਰਾਂ ਦੀ ਤਸ਼ੱਦਦ ਤੋਂ ਬਚਣ ਦੇ ਲਈ ਪਟਨਾ ਪਹੁੰਚੀ ਸੀ ਪਰ ਇੱਥੇ ਆ ਕੇ ਤਾਂ ਉਹ ਉਸ ਤੋਂ ਵੀ ਵੱਡੀ ਮੁਸੀਬਤ 'ਚ ਫਸ ਗਈ।

• 7 ਸਤੰਬਰ ਨੂੰ 'ਗੁਰੂਗ੍ਰਾਮ' (ਹਰਿਆਣਾ) 'ਚ 'ਮਾਨੇਸਰ' ਦੇ ਆਈ. ਐੱਮ. ਟੀ. ਚੌਕ ਫਲਾਈ ਓਵਰ ਦੇ ਨੇੜੇ 'ਯੁਗਾਂਡਾ' ਦੀ ਰਹਿਣ ਵਾਲੀ ਇਕ ਔਰਤ ਦੀ ਖੂਨ ਨਾਲ ਲਥਪਥ ਅੱਧੀ-ਨੰਗੀ ਲਾਸ਼ ਬਰਾਮਦ ਹੋਈ।

• ਅਤੇ ਹੁਣ 25 ਅਕਤੂਬਰ ਨੂੰ 'ਆਈ. ਸੀ. ਸੀ. ਮਹਿਲਾ ਕ੍ਰਿਕਟ ਵਿਸ਼ਵ ਕੱਪ-2025' 'ਚ ਹਿੱਸਾ ਲੈਣ ਆਈਆਂ 2 ਆਸਟ੍ਰੇਲੀਆਈ ਮਹਿਲਾ ਕ੍ਰਿਕਟਰਾਂ ਦਾ ਇੰਦੌਰ (ਮੱਧ ਪ੍ਰਦੇਸ਼) 'ਚ ਪਿੱਛਾ ਕਰਨ ਅਤੇ ਇਕ ਦੇ ਨਾਲ ਛੇੜਛਾੜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਪੁਲਸ ਅਧਿਕਾਰੀਆਂ ਅਨੁਸਾਰ ਦੋਵੇਂ ਮਹਿਲਾ ਕ੍ਰਿਕਟਰ ਆਪਣੇ ਹੋਟਲ ਤੋਂ ਬਾਹਰ ਨਿਕਲ ਕੇ ਇਕ ਕੈਫੇ ਵੱਲ ਜਾ ਰਹੀਆਂ ਸਨ ਕਿ ਉਦੋਂ 2 ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਨ੍ਹਾਂ 'ਚੋਂ ਇਕ ਨੌਜਵਾਨ ਨੇ ਤਾਂ ਇਕ ਖਿਡਾਰਨ ਨੂੰ ਗਲਤ ਤਰੀਕੇ ਨਾਲ ਛੂਹਿਆ ਅਤੇ ਭੱਜ ਗਿਆ ਜਦਕਿ ਦੂਜੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।



ਉਕਤ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਭਾਰਤ ਆਈਆਂ ਵਿਦੇਸ਼ੀ ਮਹਿਲਾਵਾਂ ਦੇ ਨਾਲ ਇਸ ਤਰ੍ਹਾਂ ਦਾ ਆਚਰਣ ਕਰ ਕੇ ਕੁਝ ਦਰਿੰਦੇ ਨਾ ਸਿਰਫ ਦੇਸ਼ ਅਤੇ ਸਬੰਧਤ ਰਾਜਾਂ ਦੀ ਬਦਨਾਮੀ ਦਾ ਕਾਰਨ ਬਣ ਰਹੇ ਹਨ, ਸਗੋਂ ਅਜਿਹੀਆਂ ਘਟਨਾਵਾਂ ਨਾਲ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ 'ਚ ਕਮੀ ਆਵੇਗੀ। ਜੇਕਰ ਮਹਿਲਾ ਖਿਡਾਰਨਾਂ ਵੀ ਸ਼ਿਕਾਰ ਹੋਣ ਲੱਗਣਗੀਆਂ ਤਾਂ ਫਿਰ ਖੇਡਣ ਦੇ ਲਈ ਭਾਰਤ ਆਉਣ ਤੋਂ ਵਿਦੇਸ਼ੀ ਮਹਿਲਾਵਾਂ ਸੰਕੋਚ ਕਰਨ ਲੱਗਣਗੀਆਂ। ਇਸ ਦੇ ਨਤੀਜੇ ਵਜੋਂ ਖਰੀਦਦਾਰੀ ਅਤੇ ਲੈਣ-ਦੇਣ ਪ੍ਰਭਾਵਿਤ ਹੋਣ ਦੇ ਨਾਲ ਦੇਸ਼ ਬਹੁ-ਕੀਮਤੀ ਵਿਦੇਸ਼ੀ ਮੁਦਰਾ ਤੋਂ ਵੀ ਵਾਂਝਾ ਹੋਵੇਗਾ। ਭਾਰਤ 'ਚ ਤਾਂ ਮਹਿਮਾਨ ਨੂੰ ਦੇਵਤਾ ਦੇ ਬਰਾਬਰ (ਅਤਿਥੀ ਦੇਵੋ ਭਵ :) ਮੰਨਿਆ ਜਾਂਦਾ ਹੈ ਅਤੇ ਉਕਤ ਘਟਨਾਵਾਂ ਭਾਰਤ ਦੀ ਯੁੱਗਾਂ ਤੋਂ ਚੱਲੀ ਆ ਰਹੀ ਇਸ ਪ੍ਰੰਪਰਾ ਦੀ ਖੁੱਲ੍ਹੀ ਉਲੰਘਣਾ ਹੈ।

ਇਸ ਲਈ ਇਸ ਤਰ੍ਹਾਂ ਦੀਆਂ ਘਟਨਾਵਾਂ 'ਚ ਸ਼ਾਮਲ ਪਾਏ ਜਾਣ ਵਾਲੇ ਲੋਕਾਂ ਵਿਰੁੱਧ ਤੁਰੰਤ ਅਤੇ ਸਖਤ ਤੋਂ ਸਖਤ ਕਾਰਵਾਈ ਕਰਨ ਦੀ ਲੋੜ ਹੈ ਕਿਉਂਕਿ ਜਿੱਥੇ ਇਕ ਪਾਸੇ ਇਸ ਨਾਲ ਕੌਮਾਂਤਰੀ ਪੱਧਰ 'ਤੇ ਭਾਰਤ ਦੀ ਬਦਨਾਮੀ ਹੁੰਦੀ ਹੈ, ਉੱਥੇ ਹੀ ਸਬੰਧਤ ਦੇਸ਼ਾਂ ਦੇ ਨਾਲ ਕੂਟਨੀਤਕ ਸਬੰਧਾਂ 'ਤੇ ਵੀ ਭਾਰੀ ਅਸਰ ਪੈਂਦਾ ਹੈ।

-ਵਿਜੇ ਕੁਮਾਰ

# ਕਲਿ ਤਾਰਣ ਗੁਰੁ ਨਾਨਕੁ ਆਇਆ

ਗੁਰੂ ਨਾਨਕ ਦੇਵ ਜੀ ਨੇ ਸੱਚੀ ਸੁੱਚੀ ਕਿਰਤ, ਵੰਡ ਛਕਣਾ, ਨਾਮ ਜਪਣਾ, ਸਮੁੱਚੀ ਮਾਨਵਤਾ ਦੀ ਸੇਵਾ, ਕੁਦਰਤ ਵਿੱਚ ਕਾਦਰ ਦੇ ਦਰਸ਼ਨ, ਅਕਾਲ ਪੁਰਖ ਨਾਲ ਮਿਲਾਪ ਆਦਿ ਦਾ ਸੱਚਾ ਸੁੱਚਾ ਉਪਦੇਸ਼ ਦਿੱਤਾ ਤੇ ਆਪ ਵੀ ਕਰ ਕੇ ਵਿਖਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਆਪ ਜੀ ਦੇ 19 ਰਾਗਾਂ ਵਿੱਚ 974 ਸ਼ਬਦ ਦਰਜ ਹਨ ਜੋ ਸਮੁੱਚੀ ਮਾਨਵਤਾ ਨੂੰ ਸਾਂਝਾ ਉਪਦੇਸ਼ ਦੇ ਰਹੇ ਹਨ। ਆਪ ਜੀ ਨੇ ਜਿੱਥੇ ਸੁਲਤਾਨਪੁਰ ਲੋਧੀ ਵਿਖੇ ਮੋਦੀਖਾਨੇ ਵਿੱਚ ਨੌਕਰੀ ਕੀਤੀ ਉੱਥੇ ਕਰਤਾਰਪੁਰ (ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ) ਵਿਖੇ ਬਲਦਾਂ ਨਾਲ ਖੇਤੀ ਵੀ ਕੀਤੀ। ਆਪ ਜੀ ਅਨੁਸਾਰ ਜੋ ਦਸਾਂ ਨਹੁੰਆਂ ਦੀ ਸੱਚੀ ਕਿਰਤ ਕਰਦੇ ਹਨ ਤੇ ਵਿੱਚੋਂ ਦਾਨ ਪੁੰਨ ਵੀ ਦਿੰਦੇ ਹਨ, ਰੂਹਾਨੀਅਤ ਦਾ ਮਾਰਗ ਪਹਿਚਾਣਦੇ ਹਨ

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥**
**( ਮ ੧, ਅੰਗ ੧੨੪੫)**

ਗੁਰੂ ਜੀ ਨੇ ਸਾਨੂੰ ਤਨ ਅਤੇ ਮਨ ਦੋਹਾਂ ਲਈ ਲੰਗਰ ਬਖ਼ਸ਼ਿਸ਼ ਕੀਤੇ ਹਨ। ਆਪ ਜੀ ਦੁਆਰਾ ਲਗਾਇਆ ਵੀਹ ਰੁਪਇਆਂ ਦਾ ਲੰਗਰ ਅੱਜ ਵੀ ਅਤੁੱਟ ਵਰਤ ਰਿਹਾ ਹੈ ਜੋ ਸਾਡੀ ਸਰੀਰ ਦੀ ਭੁੱਖ ਮਿਟਾਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ਬਦ ਲੰਗਰ ਅਤੁੱਟ ਵਰਤ ਰਿਹਾ ਹੈ ਜੋ ਸਾਡੇ ਮਨ ਦੀ ਖੁਰਾਕ ਹੈ। ਗੁਰੂ ਜੀ ਦੇ ਸ਼ਬਦ ਲੰਗਰ ਛਕਣ ਤੇ ਅਮਲ ਕਰਨ ਨਾਲ ਅੰਮ੍ਰਿਤਰਸ, ਸਹਿਜ ਧੁਨ ਨਾਮ ਰਾਹੀਂ ਰੂਹਾਨੀਅਤ ਦੀਆਂ ਪੌੜੀਆਂ ਚੜ੍ਹਕੇ ਸੱਚੇ ਰੂਹਾਨੀ ਪ੍ਰਕਾਸ਼ ਪ੍ਰਭੂ ਮਿਲਾਪ ਦਾ ਸੁੱਖ ਪ੍ਰਾਪਤ ਹੁੰਦਾ ਹੈ -

**ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।। (ਅੰਗ ੯੬੭)**

ਗੁਰੂ ਜੀ ਨੇ ਰੂਹਾਨੀ ਗਿਆਨ ਨੂੰ ਸਰਲ ਗੁਰਮੁਖੀ ਭਾਸ਼ਾ ਵਿੱਚ ਦੁਨਿਆਵੀ ਉਦਾਹਰਣਾਂ ਦੇ ਕੇ ਲੋਕਾਂ ਨੂੰ ਸਮਝ ਗੋਚਰਾ ਕਰਾਇਆ। ਆਪ ਜੀ ਨੇ ਲੋਕਾਂ ਦੀ ਭਲਾਈ ਲਈ ਚਾਰ ਉਦਾਸੀਆਂ ਵੀ ਕੀਤੀਆਂ। ਗੁਰੂ ਜੀ ਭਾਈ ਮਰਦਾਨਾ ਜੀ ਦੀ ਰਬਾਬ ਦੀਆਂ ਧੁਨਾਂ ਨਾਲ ਜਦੋਂ ਰੱਬੀ ਬਾਣੀ ਗਾਉਂਦੇ ਤਾਂ ਸਮਾਂ ਥੰਮ ਜਾਂਦਾ, ਹਰ ਜੀਵ ਅੰਤਰ ਮੁਗਧ ਹੋ ਜਾਂਦਾ। ਭਾਵੇਂ ਕਿ ਬਗਦਾਦ ਮੁਸਲਿਮ ਸ਼ਰਾ ਅਨੁਸਾਰ ਸੰਗੀਤ ਵਜਾਉਣ ਦੀ ਮਨਾਹੀ ਸੀ ਪਰ ਗੁਰੂ ਜੀ ਰਾਗ ਵਿੱਚ ਗਾਏ ਸ਼ਬਦਾਂ ਨੇ ਸਾਰੇ ਨਿਹਾਲ ਕਰ ਦਿੱਤੇ --

**ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।**
**ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।**
**(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੫)**

ਗੁਰੂ ਨਾਨਕ ਦੇਵ ਜੀ ਮਹਾਨ ਕ੍ਰਾਂਤੀਕਾਰੀ ਹੋਏ ਹਨ ਉਹ ਗਰੀਬ, ਕਿਰਤੀ, ਬਿਮਾਰ, ਨੀਚ ਤੇ ਲਿਤਾੜੇ ਲੋਕਾਂ ਦੇ ਹੱਕ ਵਿੱਚ ਡਟ ਕੇ ਖੜੇ, ਉਹਨਾਂ ਮਲਕ ਭਾਗੋ ਵਰਗੇ ਧਨਾਢ ਲਾਲਚੀ ਜ਼ੁਲਮੀ ਲੋਕਾਂ ਦਾ ਖਾਣਾ ਛੱਡ ਭਾਈ ਲਾਲੋ ਜੀ ਦੇ ਰੁੱਖੇ ਸੁੱਖੇ ਖਾਣੇ ਨੂੰ ਅਪਣਾਇਆ। ਬਾਬਰ ਵਰਗੇ ਰਾਜਿਆਂ ਦੀ ਪਰਵਾਹ ਨਹੀਂ ਕੀਤੀ, ਸਮੇਂ ਦੇ ਜ਼ੁਲਮੀਂ ਰਾਜਿਆਂ ਦਾ ਖੁੱਲ ਕੇ ਵਿਰੋਧ ਕੀਤਾ ਤੇ ਇਨਸਾਫ ਨਾ ਕਰਨ ਵਾਲਿਆਂ ਨੂੰ ਕੁੱਤਾ ਤੱਕ ਕਿਹਾ -

**ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨਿ ਬੈਠੇ ਸੁਤੇ॥**
(ਮ ੧, ਅੰਗ ੧੨੮੮)

ਗੁਰੂ ਜੀ ਨੇ ਕੁਦਰਤ ਵਿੱਚ ਕਾਦਰ ਦੇ ਦਰਸ਼ਨ ਤੇ ਕੁਦਰਤ ਦੀ ਸੰਭਾਲ ਤੇ ਜ਼ੋਰ ਦਿੱਤਾ। ਗੁਰੂ ਜੀ ਨੇ ਕੁਦਰਤ ਦੀ ਮਹਾਨ ਦੇਣ ਪੌਣ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਬਰਾਬਰ ਦਰਜਾ ਦਿੱਤਾ -

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**
**(ਮ ੧, ਅੰਗ ੮)**

ਗੁਰੂ ਜੀ ਨੇ ਸਰਬੱਤ ਦਾ ਭਲਾ ਕਰਨ ਤੇ ਸਤਿਕਾਰ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਜਗ ਜਨਨੀ ਜਿਸ ਨੇ ਗੁਰੂ, ਪੀਰ, ਭਗਤ ਤੇ ਰਾਜੇ ਆਦਿਕ ਨੂੰ ਜਨਮ ਦਿੱਤਾ ਦੇ ਸਤਿਕਾਰ ਤੇ ਸਰਵਪੱਖੀ ਬਿਹਤਰੀ ਲਈ ਜ਼ੋਰਦਾਰ



ਇਕਬਾਲ ਸਿੰਘ ਪੁੜੈਣ
ਲੈਕਚਰਾਰ ਕਾਮਰਸ
8872897500

ਆਵਾਜ਼ ਬੁਲੰਦ ਕੀਤੀ -

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**
**( ਮ ੧, ਅੰਗ ੪੭੩)**

ਗੁਰੂ ਨਾਨਕ ਦੇਵ ਜੀ ਲੋਕਾਂ ਨੂੰ ਵਹਿਮ ਭਰਮ, ਅੰਧ ਵਿਸ਼ਵਾਸ, ਸ਼ਗਨ ਅਪਸ਼ਗਨ ਵਿੱਚੋਂ ਕੱਢਣ ਲਈ ਨਾਟਕੀ ਢੰਗ ਨਾਲ ਗਿਆਨ ਬਖ਼ਸ਼ਿਆ। ਕੁਰੂਕਸ਼ੇਤਰ ਦੀ ਧਰਤੀ ਤੇ ਸੂਰਜ ਤੋਂ ਉਲਟ ਖੇਤ ਵੱਲ ਪਾਣੀ ਸੁੱਟਣਾਂ, ਮਿਸਰ ਦੇ ਲੋਭੀ ਕਾਰੂੰ ਬਾਦਸ਼ਾਹ ਨੂੰ ਸਮਝਾਉਣਾ ਆਦਿ ਅਨੇਕਾਂ ਵਾਰਤਾਲਾਪ ਵਿੱਚ ਨਾਟਕੀ ਰੂਪ ਸਾਹਮਣੇ ਆਇਆ। ਜਦੋਂ ਆਪ ਜੀ ਨੂੰ ਜਨੇਊ ਪਾਉਣ ਲੱਗੇ ਤਾਂ ਪੁੱਛਣ ਤੇ ਪੰਡਿਤ ਨੇ ਦੱਸਿਆ ਕਿ ਬ੍ਰਾਹਮਣ ਨੂੰ ਸੂਤ ਦਾ ਜਨੇਊ, ਖੱਤਰੀ ਨੂੰ ਸਣ ਦਾ ਤੇ ਵੈਸ਼ ਨੂੰ ਉੱਨ ਦਾ ਜਨੇਊ ਪੈਂਦਾ ਹੈ, ਸ਼ੂਦਰ ਤੇ ਔਰਤਾਂ ਨੂੰ ਨਹੀਂ ਪਹਿਨਾਇਆ ਜਾਂਦਾ ਤਾਂ ਆਪ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ। ਆਪ ਜੀ ਨੇ ਅਨੇਕਾਂ ਸਵਾਲ ਕੀਤੇ ਜਿਸ ਦਾ ਪੰਡਿਤ ਨੂੰ ਕੋਈ ਜਵਾਬ ਨਹੀਂ ਆਇਆ--

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
(ਮ ੧, ਅੰਗ ੪੭੧)

ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅਨੁਸਾਰ ਦੂਸਰਿਆਂ ਦਾ ਹੱਕ ਮਾਰਨਾਂ ਪਾਪ ਹੈ, ਮੁਰਦੇ ਖਾਣ ਦੇ ਬਰਾਬਰ ਹੈ, ਅਜਿਹੇ ਲਾਲਚੀ ਲੋਕਾਂ ਦੀ ਕੋਈ ਗੁਰੂ ਪੀਰ ਵੀ ਬਾਂਹ ਨਹੀਂ ਫੜਦੇ -

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥**
(ਮ ੧, ਅੰਗ ੧੪੧)

ਆਪ ਜੀ ਨੇ ਜਾਤ ਪਾਤ ਦਾ ਮੂਲੋਂ ਹੀ ਖੰਡਨ ਕੀਤਾ। ਸੱਚੀ ਦਰਗਾਹ ਅੰਦਰ ਕਰਮ ਵੇਖੇ ਜਾਂਦੇ ਹਨ ਨਾ ਕਿ ਜਾਤ ਪਾਤ। ਸੱਚੀ ਦਰਗਾਹ ਅੰਦਰ ਸ਼ੁੱਭ ਅਮਲਾਂ ਨਾਲ ਨਿਬੇੜਾ ਹੋਣਾ ਨਾ ਕਿ ਉੱਚੀ ਕੁੱਲ ਜਾਤ ਨਾਲ--

**ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥**
**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥**
**(ਮ ੧, ਅੰਗ ੧੩੩੦)**

ਗੁਰੂ ਜੀ ਨੇ ਕਹਿਣੀ ਤੇ ਕਰਨੀ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਇਸ਼ਾਰਾ ਦਿੱਤਾ ਕਿ ਕਲਯੁਗੀ ਜੀਵ ਅਜਿਹੇ ਵੀ ਹੋ ਸਕਦੇ ਹਨ ਜੋ ਅੰਦਰੋਂ ਔਗੁਣਾਂ ਨਾਲ ਭਰੇ ਹੋਣਗੇ ਤੇ ਬਾਹਰੋਂ ਭੇਖ ਬਣਾ ਕੇ ਹੋਛੀਆਂ ਗੱਲਾਂ ਕਰ ਲੋਕਾਂ ਨੂੰ ਭਰਮਾਉਣਗੇ -

**ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥**
**ਮਨਹੁ ਕੁਸੁਧਾ ਕਾਲੀਆਂ ਬਾਹਰਿ ਚਿਟਵੀਆਹ॥**
**( ਮ ੧, ਅੰਗ ੮੫)**

ਗੁਰੂ ਜੀ ਨੇ ਸਿੱਖਾਂ ਨੂੰ ਨਿਮਰਤਾ, ਹਲੀਮੀ, ਪਿਆਰ ਮਿਠਾਸ, ਸ਼ਹਿਨਸ਼ੀਲਤਾ, ਪਰਉਪਕਾਰ ਤੇ ਪਰਮਾਤਮਾ ਦੇ ਭਾਣੇ ਆਦਿ ਦਾ ਹੁਕਮ ਦ੍ਰਿੜ ਕਰਵਾਇਆ ਅਤੇ ਨਾਲ ਹੀ ਅਣਖ ਨਾਲ ਜਿਉਣਾ ਵੀ ਸਿਖਾਇਆ। ਜਦੋਂ ਅਸੀਂ ਸੱਚ ਤੇ ਪਹਿਰਾ ਦਿੰਦੇ ਹੋਏ ਤੇ ਮਾਲਕ ਦੇ ਭਾਣੇ ਹੁਕਮ ਵਿੱਚ ਰਹਿੰਦੇ ਹਾਂ, ਜੇ ਸਾਡੀ ਇਜ਼ਤ ਆਬਰੂ ਨੂੰ ਕੋਈ ਢਾਹ ਲਾਵੇ ਤਾਂ ਗੁਰੂ ਜੀ ਦਾ ਫੁਰਮਾਨ ਹੈ -

**ਜੇ ਜੀਵੈ ਪਤਿ ਲਥੀ ਜਾਇ॥**
**ਸਭੁ ਹਰਾਮੁ ਜੇਤਾ ਕਿਛੁ ਖਾਇ॥**
**(ਮ ੧ , ੧੪੨)**

ਗੁਰੂ ਜੀ ਮਾਨਵਤਾ ਨੂੰ ਦਲੇਰਾਨਾ, ਗੌਰਵਸ਼ਾਲੀ, ਸੰਘਰਸ਼ਸ਼ੀਲ, ਸ਼ਕਤੀਸ਼ਾਲੀ ਤੇ ਰੱਬੀ ਗੁਣਾਂ ਦੇ ਧਾਰਨੀ ਬਣਾਉਂਦੇ ਹਨ। ਗੁਰੂ ਦਾ ਸਿੱਖ ਅਜਿਹਾ ਪਰਉਪਕਾਰੀ ਯੋਧਾ ਬਣੇ ਜੋ ਹਰ ਦੁੱਖ, ਅੱਤਿਆਚਾਰ, ਤਸ਼ੱਦਦ ਦਾ ਡਟ ਕੇ ਅਣਖ ਨਾਲ ਮੁਕਾਬਲਾ ਕਰੇ। ਗੁਰੂ ਦਾ ਸਿੱਖ ਹਰ ਮੁਕਾਬਲੇ ਲਈ ਤਿਆਰ ਬਰ ਤਿਆਰ ਰਹੇ ਭਾਵੇਂ ਯੁੱਧ ਅੰਦਰੂਨੀ ਭਾਵ ਪੰਜਾਂ ਚੋਰਾਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨਾਲ ਹੋਵੇ ਜਾਂ ਯੁੱਧ ਬਾਹਰ ਦੁਨਿਆਵੀ ਹੋਵੇ -

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**
**(ਮ ੧, ਅੰਗ ੧੪੧੨)**

ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਾਡਾ ਧਿਆਨ ਧਨ ਦੌਲਤ ਤੇ ਕੇਂਦਰਿਤ ਹੋ ਗਿਆ ਹੈ। ਅਸੀਂ ਧਨ ਦੌਲਤ ਦੀ ਦੌੜ ਵਿੱਚ ਰਿਸ਼ਤਿਆਂ ਦੀ ਛੱਡੋ, ਆਪਣੇ ਆਪ ਨੂੰ ਹੀ ਭੁੱਲ ਗਏ ਹਾਂ। ਦਿਨ ਰਾਤ ਸੈਂਕੜੇ ਟੈਨਸ਼ਨਾਂ ਦਾ ਭਾਰ ਲੱਦੀ ਫਿਰਦੇ ਹਾਂ। ਸਾਡੇ ਮਨਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਿਆ ਚੁਗਲੀ, ਦਵੈਤ, ਕੂੜ, ਚੋਰੀ, ਠੱਗੀ, ਯਾਰੀ ਆਦਿ ਤਮੋ ਗੁਣੀ ਵਿਕਾਰਾਂ ਨੇ ਪੂਰੀ ਤਰ੍ਹਾਂ ਜਕੜ ਲਿਆ ਹੈ। ਕਾਲ ਦੇ ਪ੍ਰਭਾਵ ਹੇਠ ਅਸੀਂ ਦਿਨ ਰਾਤ ਇੰਨਾਂ ਵਿਕਾਰਾਂ ਦੀ ਦਲਦਲ ਅੰਦਰ ਧਸਦੇ ਜਾ ਰਹੇਂ ਹਾਂ -

**ਲਖ ਚੋਰੀਆ ਲਖ ਜਾਰੀਆ**
**ਲਖ ਕੂੜੀਆ ਲਖ ਗਾਲਿ॥**
**ਲਖ ਠਗੀਆ ਪਹਿਨਾਮੀਆ**
**ਰਾਤਿ ਦਿਨਸੁ ਜੀਅ ਨਾਲਿ॥**
**(ਮ ੧, ਅੰਗ ੪੭੧)**

ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਜੀਵਾਂ ਤੇ ਦਇਆ ਕਰੋ ਨਾ ਕਿ ਜ਼ੁਲਮ। ਅਜਿਹਾ ਖਾਣਾ ਸਾਡੇ ਲਈ ਦੁੱਖ ਦਾ ਕਾਰਣ ਬਣੇਗਾ ਜਿਸ ਨਾਲ ਮਨ ਅੰਦਰ ਵਿਕਾਰ ਪੈਦਾ ਹੋਣ-

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥**
(ਮ ੧, ਅੰਗ ੧੪੦)

**ਬਾਬਾ ਹੋਰੁ ਖਾਣਾ ਖੁਸੀ ਖੁਆਰੁ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥**
(ਮ ੧, ਅੰਗ ੧੬)

ਮਿੱਠੇ ਬੋਲ ਦੂਸਰਿਆਂ ਨੂੰ ਖ਼ੁਸ਼ੀ ਤੇ ਆਪਣੇ ਆਪ ਨੂੰ ਆਨੰਦ ਦੀ ਅਵਸਥਾ ਵਿੱਚ ਪਹੁੰਚਾਉਂਦੇ ਹਨ। ਸਾਡੇ ਬੋਲਾਂ ਵਿੱਚ ਐਸੀ ਮਿਠਾਸ ਘੁਲੀ ਹੋਵੇ ਜੋ ਦੂਸਰਿਆਂ ਨੂੰ ਸ਼ੀਤਲਤਾ ਬਖ਼ਸ਼ੇ। ਬੋਲਾਂ ਵਿੱਚ ਮਿਠਾਸ ਦੀ ਨਿਸ਼ਾਨੀ ਹੈ ਕਿ ਵਿਅਕਤੀ ਅੰਦਰੋਂ ਸ਼ਾਂਤ ਤੇ ਸਹਿਜ ਵਿੱਚ ਗੁਜ਼ਰ ਰਿਹਾ ਹੈ। ਮਨ ਵਿੱਚ ਨਿਮਰਤਾ, ਖ਼ਿਮਾ ਕਰਨ ਦਾ ਗੁਣ, ਬੋਲਾਂ ਵਿੱਚ ਮਿਠਾਸ, ਹਉਮੈ ਅਹੰਕਾਰ ਤੋਂ ਉੱਪਰ ਉੱਠਣਾ ਆਦਿ ਰੂਹਾਨੀਅਤ ਦੇ ਗੁਣ ਹਨ-

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥**
**(ਮ ੧, ਅੰਗ ੪੭੦)**

ਕਲਯੁਗ ਦੇ ਪ੍ਰਭਾਵ ਹੇਠ ਫਿੱਕੇ ਤੇ ਕੌੜੇ ਬੋਲ ਬੋਲਣ ਕਰਕੇ ਸਾਡਾ ਤਨ ਤੇ ਮਨ ਦੋਨੋ ਫਿੱਕੇ ਹੋ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਉਪਦੇਸ਼ ਦਿੰਦੇ ਹਨ ਕਿ ਫਿੱਕੇ ਸ਼ਬਦ ਬੋਲਣ ਵਾਲੇ ਨੂੰ ਸੱਚੀ ਦਰਗਾਹ ਅੰਦਰ ਕੋਈ ਢੋਈ ਨਹੀਂ, ਫਿੱਕੇ ਬੋਲ ਬੋਲਣ ਵਾਲੇ ਦੀ ਸਜਾ ਮੂੰਹ ਤੇ ਥੁੱਕਣ ਵਾਂਗ ਹੈ ਤੇ ਦਰਗਾਹ ਵਿੱਚੋਂ ਸੁੱਟ ਦਿੱਤਾ ਜਾਂਦਾ ਹੈ। ਫਿੱਕਾ ਬੋਲਣ ਵਾਲਾ ਮੂਰਖ ਹੈ ਤੇ ਸਜ਼ਾ ਗਲ ਜੁੱਤੀਆਂ ਦਾ ਹਾਰ ਪਾਉਣ ਦੇ ਵਾਂਗ ਹੈ -

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥**
**ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥**
**ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥**
**ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥**
(ਮ ੧, ਅੰਗ ੪੭੩)

ਜਿਸ ਰਸਨਾ ਨੇ ਪ੍ਰਭੂ ਜੀ ਦਾ ਸਿਮਰਨ ਕਰਨਾ ਸੀ, ਰੂਹਾਨੀਅਤ ਦੇ ਮਾਰਗ ਤੇ ਚਲਦਿਆਂ ਸੱਚੇ ਪੂਰੇ ਗੁਰੂ ਜੀ ਦੀ ਦਇਆ ਮਿਹਰ ਨਾਲ ਰੱਬੀ ਅੰਮ੍ਰਿਤਰਸ ਦਾ ਆਨੰਦ ਲੈਣਾ ਸੀ, ਉਹ ਬੁਰੇ ਬੋਲ, ਗਾਲੀ ਗਲੋਚ, ਤਾਹਨੇ ਮਿਹਣੇ, ਕੂੜ ਬੋਲਣ ਲੱਗ ਪਈ ਤੇ ਸੱਚ ਤੋਂ ਦੂਰ ਹੁੰਦੀ ਗਈ। ਵਾਹਿਗੁਰੂ ਜੀ ਦੀ ਅਪਾਰ ਦਇਆ ਮਿਹਰ ਬਖ਼ਸ਼ਿਸ਼ ਨਾਲ ਇਹ ਅਮੋਲਕ ਮਨੁੱਖਾ ਜਨਮ ਨਸੀਬ ਹੋਇਆ ਹੈ, ਗੁਰੂ ਜੀ ਦੀ ਸੱਚੀ ਬਾਣੀ ਗਾਈਏ, ਸੁਣੀਏ, ਮਨ ਵਿੱਚ ਵਸਾਈਏ ਤੇ ਇਸ ਅਨੁਸਾਰ ਚੱਲੀਏ ਜਿਸ ਨਾਲ ਸਾਰੇ ਦੁੱਖ ਦੂਰ ਹੋਣਗੇ ਤੇ ਸੁੱਖ ਘਰ ਆਉਣ ਲੱਗ ਜਾਣਗੇ --

**ਗਾਵੀਐ ਸੁਣੀਐ ਮਨਿ ਰਖੀਐ ਭਾਉ॥**
**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥**
**(ਮ ੧, ਅੰਗ ੨)**



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਚਨ ਅੰਮ੍ਰਿਤ ਭਰੇ ਮਿੱਠ ਬੋਲੜੇ ਹਨ ਜਦੋਂ ਅਸੀਂ ਪਰਮਾਤਮਾ ਦੀ ਕਿਰਪਾ ਨਾਲ ਬਾਣੀ ਪੜ੍ਹਦੇ, ਸੁਣਦੇ ਤੇ ਕਮਾਉਂਦੇ ਹਾਂ ਤਾਂ ਸੱਚੇ ਰੂਹਾਨੀਅਤ ਦੇ ਮਾਰਗ ਤੇ ਚਲਦੇ ਹਾਂ ਜੋ ਪ੍ਰਭੂ ਮਿਲਾਪ ਦਾ ਲਿਵ ਦਾ ਰਸਤਾ ਹੈ। ਗੁਰਬਾਣੀ ਪੜ੍ਹਨ, ਸੁਣਨ ਨਾਲ ਅੰਦਰ ਸਹਿਜ ਆਵੇਗਾ ਤੇ ਬੋਲਾਂ ਵਿੱਚ ਮਿਠਾਸ। ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਦੇ ਲੋਕ ਪ੍ਰਲੋਕ ਦੋਵੇਂ ਸੁਹੇਲੇ ਹੋ ਜਾਂਦੇ ਹਨ -

**ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥**
**ਜਿਨਿ ਪੀਤੀ ਤਿਸੁ ਮੋਖ ਦੁਆਰ॥**
**(ਮ ੧, ਅੰਗ ੧੨੭੪)**

ਧੰਨ ਹਨ ਸੱਜਣ ਠੱਗ, ਵਲੀ ਕੰਧਾਰੀ, ਕੌਡਾ ਰਾਖਸ਼, ਜਾਦੂਗਰਨੀਆਂ ਤੇ ਹੋਰ ਅਨੇਕਾਂ ਹੰਕਾਰੀ ਜੀਵ ਜਿਹੜੇ ਗੁਰੂ ਜੀ ਦੇ ਦਰਸ਼ਨ ਕਰ ਮਿੱਠੀ ਬਾਣੀ ਸੁਣਕੇ ਤਰ ਗਏ ਤੇ ਪ੍ਰਭੂ ਰੂਹਾਨੀਅਤ ਮਾਰਗ ਤੇ ਤੁਰੇ।

ਹੁਣ ਰੇਡੀਓ, ਦੂਰਦਰਸ਼ਨ ਤੇ ਵੱਖ ਵੱਖ ਚੈਨਲਾਂ ਰਾਹੀਂ ਗੁਰਬਾਣੀ ਦਾ ਪਸਾਰ ਨਿਰੰਤਰ ਹੋ ਰਿਹਾ ਹੈ। ਪਿੰਡਾਂ ਸ਼ਹਿਰਾਂ ਅੰਦਰ ਕਈ ਕਈ ਗੁਰਦਵਾਰੇ ਹਨ। ਗੁਰਬਾਣੀ ਕਥਾ ਵਾਚਕਾਂ ਦਾ ਕੋਈ ਅੰਤ ਨਹੀਂ ਹੈ। ਸਾਨੂੰ ਆਪਣੇ ਅੰਦਰ ਝਾਤੀ ਮਾਰਨੀ ਪਵੇਗੀ ਕਿ ਅਸੀਂ ਆਪਣੇ ਗੁਰੂ ਜੀ ਦੀ ਬਾਣੀ ਨੂੰ ਆਪਣੇ ਅੰਦਰ ਵਸਾਇਆ ਹੈ ਜਾਂ ਕੇਵਲ ਮੱਥਾ ਟੇਕਣ ਤੇ ਬਾਣੀ ਨੂੰ ਰੱਟੇ ਮਾਰਨ ਤੱਕ ਹੀ ਸੀਮਿਤ ਰਹੇ। ਕੀ ਅਸੀਂ ਪੌਣ, ਪਾਣੀ ਤੇ ਧਰਤੀ ਨੂੰ ਪ੍ਰਦੂਸ਼ਿਤ ਤਾਂ ਨਹੀਂ ਕਰ ਰਹੇ? ਕੀ ਅਸੀਂ ਜਾਤ ਪਾਤ ਹਉਮੈ ਅਹੰਕਾਰ ਛੱਡ ਦਿੱਤਾ? ਕੀ ਅਸੀਂ ਇਸਤਰੀ ਦਾ ਪੂਰਨ ਸਤਿਕਾਰ ਕਰਦੇ ਹਾਂ? ਕੀ ਅਸੀਂ ਲੋਭ ਲਾਲਚ ਵਿੱਚ ਕਿਸੇ ਦਾ ਹੱਕ ਤਾਂ ਨਹੀਂ ਮਾਰਦੇ? ਕੀ ਅਸੀਂ ਨਸ਼ਿਆਂ ਦਾ ਤਿਆਗ ਕਰ ਦਿੱਤਾ ਹੈ? ਕੀ ਸਾਡੇ ਬੋਲ ਕਿਸੇ ਦੇ ਦੁੱਖ ਦਾ ਕਾਰਨ ਤਾਂ ਨਹੀਂ ਬਣਦੇ? ਕੀ ਅਸੀਂ ਚੁਗਲੀ ਨਿੰਦਿਆ ਈਰਖਾ ਛੱਡ ਦਿੱਤੀ ਹੈ? ਕੀ ਅਸੀਂ ਅਜਿਹਾ ਤਾਂ ਨਹੀਂ ਖਾਂਦੇ ਜਿਸ ਨਾਲ ਮਨ ਵਿੱਚ ਵਿਕਾਰ ਪੈਦਾ ਹੁੰਦੇ ਹਨ? ਆਦਿ ਅਨੇਕਾਂ ਸਵਾਲਾਂ ਦੇ ਜਵਾਬ ਮਨ ਤੋਂ ਲੈਣੇ ਹਨ ਕਿਉਂਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹਾਂ।



# ਖਾਨਦਾਨੀ ਤੁਕਾਕਾਰ ਦੇ ਕੌਤਕ

## ਆਹ ਵੇਖੋ ਦੀਵਾਲੀ 21 ਤਾਰੀਖ ਦੀ ਹੈ




**ਦੀਵਾਲੀ:** ਇਕ ਪ੍ਰਸਿੱਧ ਤਿਉਹਾਰ, ਜੋ ਕੱਤਕ ਦੀ ਮੱਸਿਆ ਨੂੰ ਲਕਸ਼ਮੀ ਪੂਜਾ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਹ ਦੀਵੇ ਬਾਲਣ ਅਤੇ ਮਿੱਠੀਆਂ ਮੱਠੀਆਂ ਵੰਡਣ/ਖਾਣ ਤੋਂ ਆਰੰਭ ਹੋ ਕੇ ਅੱਜ-ਕੱਲ ਮਿਲਾਵਟੀ ਮਿਠਿਆਈ ਦੇ ਲੈਣ-ਦੇਣ, ਇਕ ਰਾਤ ਨੂੰ ਅਰਬਾਂ ਰੁਪਇਆਂ ਨੂੰ ਅੱਗ ਲਾ ਕੇ ਫੂਕਣ ਅਤੇ ਵਾਤਾਵਰਨ ਵਿੱਚ ਜ਼ਹਿਰੀਲੀਆਂ ਗੈਸਾਂ ਫੈਲਣ ਕਾਰਨ ਸਿਹਤ ਸਮੱਸਿਆ ਦਾ ਮੁੱਖ ਕਾਰਨ ਬਣਾ ਚੁੱਕਾ ਹੈ। ਇਸ ਦੇ ਨਾਲ-ਨਾਲ ਇਹ ਪ੍ਰਦੂਸ਼ਨ ਕਿਸ ਦਿਨ ਫੈਲਾਉਣਾ ਹੈ, ਇਹ ਫੈਸਲਾ ਕਰਨਾ ਵੀ ਵੱਡੀ ਸਮੱਸਿਆ ਬਣਿਆ ਹੋਇਆ ਹੈ। ਜਿਓਂ-ਜਿਓਂ ਪੁਜਾਰੀਆਂ ਦਾ ਪ੍ਰਭਾਵ ਵੱਧਦਾ ਗਿਆ ਤਿਓਂ-ਤਿਓਂ ਦਿਨ ਤਿਉਹਾਰਾਂ ਨੂੰ ਮਨਉਣਾ ਵੀ ਗੁੰਝਲਦਾਰ ਹੁੰਦਾ ਗਿਆ। ਜਿਸ ਦੀ ਮਿਸਾਲ ਇਸੇ ਸਾਲ ਵੇਖੀ ਗਈ ਹੈ। ਪਰ ਅਜਿਹਾ ਹਰ ਦੂਜੇ-ਤੀਜੇ ਸਾਲ ਹੁੰਦਾ ਰਹਿੰਦਾ ਹੈ। ਇਸ ਸਾਲ ਇਹ ਮੁੱਦਾ ਵੱਡਾ ਬਨਣ ਦਾ ਕਾਰਨ ਵਿਦਵਾਨਾਂ ਦਾ ਦੋ ਭਾਗਾਂ ਵਿਚ ਵੰਡਿਆ ਜਾਣਾ।

ਦਰਬਾਰ ਸਹਿਬ ਅੰਮ੍ਰਿਤਸਰ ਵਿਖੇ ਮਨਾਈ ਜਾਂਦੀ ਦੀਵਾਲੀ ਦਾ ਸੰਬੰਧ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ, ਜਹਾਂਗੀਰ ਦੀ ਕੈਦ ਵਿੱਚੋਂ 52 ਪਹਾੜੀ ਰਾਜਿਆਂ ਨੂੰ ਅਜਾਦ ਕਰਵਾਉਣ ਪਿਛੋਂ ਦਰਬਾਰ ਸਾਹਿਬ ਪੁੱਜਣ ਨਾਲ ਜੋੜਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਜਿਸ ਦਿਨ ਗੁਰੂ ਸਾਹਿਬ ਜੀ ਅੰਮ੍ਰਿਤਸਰ ਸਾਹਿਬ ਪੁੱਜੇ ਸਨ, ਉਸ ਦਿਨ ਬਾਬਾ ਬੁੱਢਾ ਜੀ ਦੀ ਅਗਵਾਈ ਵਿੱਚ ਸਿੱਖ ਸੰਗਤਾਂ ਨੇ ਦਰਬਾਰ ਸਾਹਿਬ, ਸਰੋਵਰ ਦੇ ਚਾਰ-ਚੁਫ਼ੇਰੇ ਅਤੇ ਆਪਣੇ ਘਰਾਂ ਵਿਚ ਘਿਓ ਦੇ ਦਿਵੇ ਬਾਲ ਕੇ ਗੁਰੂ ਜੀ ਦੇ ਆਉਣ ਦੀ ਖੁਸੀ ਮਨਾਈ ਸੀ। ਉਦੋਂ ਤੋਂ ਹੀ ਸਿੱਖਾਂ ਵਿੱਚ ਵੀ ਇਹ ਤਿਉਹਾਰ ਹਰਮਨ ਪਿਆਰਾ ਹੋ ਗਿਆ। ਭਾਵੇ ਇਸ ਗੱਲ ਬਾਰੇ ਕਾਫੀ ਮੱਤਭੇਦ ਹਨ, ਕਿ ਗੁਰੂ ਸਾਹਿਬ ਜੀ ਕਿਸ ਦਿਨ ਗਵਾਲੀਅਰ ਦੇ ਕਿਲੇ ਵਿੱਚੋਂ ਬਾਹਰ ਆਏ ਸਨ ਅਤੇ ਕਿਸ ਦਿਨ ਦਰਬਾਰ ਸਾਹਿਬ ਪਹੁੰਚੇ ਸਨ? ਪਰ ਹੁਣ ਉਸ ਦਿਹਾੜੇ ਨੂੰ ਬੰਦੀ ਛੋੜ ਦਾ ਨਾਮ ਦੇ ਕੇ ਦੀਵਾਲੀ ਨਾਲ ਨੱਥੀ ਕਰ ਦਿੱਤਾ ਗਿਆ ਹੈ।

ਦੀਵਾਲੀ ਕਦੋਂ ਮਨਾਉਂਣੀ ਹੈ? ਇਸ ਸਾਲ ਇਹ ਸਵਾਲ ਬਹੁਤ ਵੱਡਾ ਮੁੱਦਾ ਬਣ ਗਿਆ ਸੀ। ਇਕ ਧਿਰ ਦਾ ਮੰਨਣਾ ਦੀ ਕਿ ਲੱਛਮੀ ਪੂਜਾ, 20 ਅਕਤੂਬਰ ਦਿਨ ਸੋਮਵਾਰ, ਕੱਤਕ ਦੀ ਚੌਦਸ ਨੂੰ ਕੀਤੀ ਜਾਵੇ ਅਤੇ ਦੂਜੀ ਧਿਰ ਦਾ ਮੰਨਣਾ ਸੀ ਕਿ ਇਹ ਪੂਜਾ, ਮੱਸਿਆ ਵਾਲੇ ਦਿਨ ਭਾਵ 21 ਅਕਤੂਬਰ ਦਿਨ ਮੰਗਲਵਾਰ ਨੂੰ ਕੀਤੀ ਜਾਵੇ। 'ਰਾਸ਼ਰਟੀਆਂ ਪੰਚਾਂਗ' ਮੁਤਾਬਕ ਸਰਕਾਰੀ ਛੁੱਟੀ 20 ਅਕਤੂਬਰ ਨੂੰ ਸੀ। ਕੁਝ ਧਾਰਮਿਕ ਮੁੱਖੀਆਂ ਵੱਲੋਂ 21 ਅਕਤੂਬਰ ਨੂੰ ਮਨਾਉਣ ਦੀ ਹਦਾਇਤ ਕੀਤੀ ਗਈ ਸੀ। ਇਸੇ ਉਧਲ-ਪੁਥਲ ਵਿੱਚ ਗਿਆਨੀ ਰਘਬੀਰ ਸਿੰਘ ਜੀ ਨੂੰ ਵੀ ਵਗਦੀ ਗੰਗਾ ਵਿੱਚ ਹੱਥ ਧੋਣ ਦਾ ਮੌਕਾ ਮਿਲ ਗਿਆ।

ਦੀਵਾਲੀ, ਕੱਤਕ ਦੀ ਮੱਸਿਆ ਨੂੰ ਮਨਾਈ ਜਾਂਦੀ ਹੈ। ਇਸ ਸਾਲ ਕੱਤਕ ਦੀ ਮੱਸਿਆ ਦਾ ਆਰੰਭ 20 ਅਕਤੂਬਰ ਦਿਨ ਸੋਮਵਾਰ ਨੂੰ 15:45 ਤੇ ਹੋਇਆ ਸੀ। 21 ਅਕਤੂਬਰ ਸਵੇਰੇ ਸੂਰਜ ਚੜਨ ਵੇਲੇ ਮੱਸਿਆ ਦੀ ਤਿੱਥ ਹੋਣ ਕਾਰਨ, ਮੱਸਿਆ ਮੰਗਲਵਾਰ ਦੀ ਬਣਦੀ ਸੀ। ਮੱਸਿਆ ਦੇ ਹਿਸਾਬ ਨਾਲ ਤਾਂ ਦੀਵਾਲੀ ਮੰਗਲਵਾਰ ਨੂੰ ਹੋਣੀ ਚਾਹੀਦੀ ਸੀ। ਪਰ ਇਹ ਤਿੱਥ ਮੰਗਲਵਾਰ 17:55 ਤੇ ਖਤਮ ਹੋ ਗਈ ਸੀ ਅਤੇ ਚੇਤ ਸੁਦੀ ਏਕਮ ਆਰੰਭ ਹੋ ਗਈ ਸੀ। ਲੱਛਮੀ ਪੂਜਾ ਦਾ ਸ਼ੁਭ ਸਮਾਂ 19:38 ਤੋਂ 20:37 (ਦਿੱਲੀ), 19:06 ਤੋਂ 20:19 (ਚੰਡੀਗੜ੍ਹ) ਹੋਣ ਕਾਰਨ ਦੀਵਾਲੀ 20 ਅਕਤੂਬਰ ਦੀ ਬਣਦੀ ਸੀ। ਕਿਉਕ ਕਿ ਲੱਛਮੀ ਪੂਜਾ ਦੇ ਸਮੇਂ ਮੱਸਿਆ ਦੀ ਤਿੱਥ ਦਾ ਹੋਣਾ ਜਰੂਰੀ ਹੁੰਦਾ ਹੈ।

ਹੁਣ ਦੀਵਾਲੀ 21 ਅਕਤੂਬਰ ਦੀ ਕਿਵੇਂ ਸੀ? ਇਹ ਤਾਂ ਹੋ ਨਹੀਂ ਸਕਦਾ ਕਿ ਜਿਹੜੇ ਨੁਕਤੇ ਦੀ ਸਾਡੇ ਵਰਗਿਆਂ ਨੂੰ ਸਮਝ ਹੋਵੇ, ਉਸ ਬਾਰੇ ਵਿਦਵਾਨਾਂ ਨੂੰ ਨਹੀਂ ਪਤਾ ਹੋਵੇਗਾ। ਇਸ ਦੀ ਪੈੜ 'ਸ਼੍ਰੀ ਮਾਰਤੰਡ ਪੰਚਾਗ' ਵਿੱਚ ਮਿਲੀ ਹੈ। 'ਸ਼੍ਰੀ ਮਾਰਤੰਡ ਪੰਚਾਗ' ਮੁਤਾਬਕ ਮੱਸਿਆ ਦੀ ਤਿੱਥ ਤਾਂ 21 ਅਕਤੂਬਰ ਨੂੰ 28:24 (ਘ: ਪ:) 17:52 (ਘ: ਮ:) ਤੇ ਹੀ ਖਤਮ ਹੋ ਗਈ ਸੀ, ਪਰ ਪ੍ਰਦੋਸ਼ ਕਾਲ ਕਾਰਨ ਦੀਵਾਲੀ 21 ਅਕਤੂਬਰ ਨੂੰ ਮਨਾਓਣੀ ਜਿਆਦਾ ਸਹੀ ਹੈ,

'ਜੇਕਰ ਪ੍ਰਦੋਸ਼ ਵਿੱਚ ਦੋਵਾਂ ਦਿਨਾਂ ਵਿੱਚ ਅਮਾਵਸਿਆ ਦਾ ਪ੍ਰਚਲਨ ਜਾਂ ਗੈਰਹਾਜ਼ਰੀ ਹੈ, ਤਾਂ ਦੀਵਾਲੀ ਸਿਰਫ਼ ਦੂਜੇ ਦਿਨ ਹੀ ਮਨਾਈ ਜਾਣੀ ਚਾਹੀਦੀ ਹੈ - ਇਹ ਵਿਦਵਾਨਾਂ ਦਾ ਅੰਤਿਮ ਫੈਸਲਾ ਹੈ।' (ਸ਼੍ਰੀ ਮਾਰਤੰਡ ਪੰਚਾਗ)

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪ੍ਰਦੋਸ਼ ਕਾਲ (ਦਿਨ ਅਤੇ ਰਾਤ ਦੇ ਦਰਮਿਆਨ ਦਾ ਸਮਾ, ਸੰਧੀ, ਤਰਕਾਲਾ) ਤਾਂ ਦੋਵੇਂ ਦਿਨ ਹੀ ਸੀ। ਫੇਰ 20 ਤਾਰੀਖ ਨੂੰ ਛੱਡ ਕਿ 21 ਤਾਰੀਖ ਹੀ ਕਿਓਂ? 20 ਅਕਤੂਬਰ ਨੂੰ ਮੱਸਿਆ ਅਤੇ ਪ੍ਰਦੋਸ਼ਕਾਲ ਦੋਵੇਂ ਸਨ। 21 ਅਕਤੂਬਰ ਨੂੰ ਸਿਰਫ ਪ੍ਰਦੋਸ਼ਕਾਲ ਸੀ।

ਦੂਜੇ ਪਾਸੇ ਕਾਸ਼ੀ ਦੇ ਵਿਦਵਾਨਾਂ ਨੇ 4 ਅਕਤੂਬਰ ਨੂੰ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਦੀਵਾਲੀ 20 ਅਕਤੂਬਰ ਨੂੰ ਹੀ ਮਨਾਈ ਜਾਵੇਗੀ। "ਇਸ ਲਈ, ਸਨਾਤਨ ਧਰਮ ਦੇ ਸਾਰੇ ਪੈਰੋਕਾਰਾਂ ਸਮੇਤ ਵਿਦਵਾਨਾਂ ਨੂੰ, ਧਰਮ ਗ੍ਰੰਥਾਂ ਦੀ ਪਾਲਣਾ ਕਰਦੇ ਹੋਏ, 20 ਅਕਤੂਬਰ 2025 ਨੂੰ ਦੇਸ਼ ਭਰ ਵਿੱਚ ਇਸ ਤਿਉਹਾਰ ਨੂੰ ਸਰਬਸੰਮਤੀ ਨਾਲ ਅਤੇ ਇੱਕੋ ਸਮੇਂ ਮਨਾਉਣਾ ਚਾਹੀਦਾ ਹੈ। (ਪੱਤਰ ਨੰ: 285/11, 4 ਅਕਤੂਬਰ 2025)

ਖਾਨਦਾਨੀ ਤੁਕਾਕਾਰ, ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਦੀ ਕਿਤਾਬ, "ਗੁਰਪੁਰਬ ਦਰਪਣ" ਵਿਖਾ ਕੇ ਪੱਤਰਕਾਰਾਂ ਦੱਸਦਾ ਹੈ ਕਿ ਆਹ ਵੇਖੋ ਦੀਵਾਲੀ 21 ਤਾਰੀਖ ਦੀ ਦਰਜ ਹੈ। ਮੈਂ ਪੂਰੀ ਜ਼ਿੰਮੇਵਾਰੀ ਨਾਲ ਲਿਖ ਰਿਹਾ ਹਾਂ ਕਿ ਕਰਨਲ ਨਿਸ਼ਾਨ ਨੇ ਉਪ੍ਰੋਕਤ ਵਰਨਣ ਪ੍ਰਦੋਸ਼ ਕਾਲ ਕਾਰਨ ਦੀਵਾਲੀ 21 ਅਕਤੂਬਰ ਦੀ ਨਹੀਂ ਲਿਖੀ। ਉਸ ਨੇ ਤਾਂ ਮੱਸਿਆ ਦੀ ਤਾਰੀਖ ਲਿਖੀ ਹੈ। ਤੁਕਾਕਾਰ ਕਹਿੰਦਾ ਕਿ ਵੇਖੋ ਇਸ ਕਿਤਾਬ ਵਿਚ 20 ਸਾਲ ਦੀਆਂ ਤਾਰੀਕਾਂ ਦਰਜ ਹਨ। ਜਦੋਂ ਕਿ ਕਿਤਾਬ ਵਿੱਚ 2015 ਈ: ਤੋਂ 2100 ਈ: ਤੱਕ ਦੀਆਂ ਤਾਰੀਕਾਂ ਦਰਜ ਹਨ। (ਪੰਨਾ 79) ਇਹ ਹੈ ਪੰਜਾਬ ਐਂਡ


ਸਰਵਜੀਤ ਸਿੰਘ
ਸੈਕਰਾਮੈਂਟੋ
lsarbjits@gmail.com

ਸਿੰਧ ਬੈਂਕ ਦੇ ਸਾਬਕਾ ਮੁਸੱਦੀ ਦਾ ਹਿਸਾਬ-ਕਿਤਾਬ!

**ਗਾਥਾ ਡਾਲਰ 5 ਲੱਖ ਦੀ:** 15 ਜੁਲਾਈ 2017 ਈ: ਨੂੰ ਸਿਐਟਲ ਵਿਖੇ ਹੋਏ ਸੈਮੀਨਾਰ ਵਿੱਚ, ਮੈਂ ਕਰਨਲ ਨਿਸ਼ਾਨ ਦੀ ਕਿਤਾਬ "ਗੁਰਪੁਰਬ ਦਰਪਣ" ਦੀ ਪਰਖ-ਪੜਚੋਲ ਕਰਦਿਆਂ, ਉਨ੍ਹਾਂ ਵੱਲੋਂ ਨਾਨਕਸ਼ਾਹੀ ਕੈਲੰਡਰ ਦੀ ਇਕ ਤਾਰੀਖ ਸਹੀ ਸਾਬਤ ਕਰਨ ਤੇ ਰੱਖੇ ਇਕ ਲੱਖ ਰ: ਦੇ ਇਨਾਮ ਬਾਰੇ ਕਿਹਾ ਸੀ ਕਿ ਖਾਲਸਾ ਪੰਥ ਸਾਜਣ ਦਾ ਪ੍ਰਵਿਸ਼ਟਾ (ਤਾਰੀਖ) ਸੰਮਤ 1756 ਬਿਕ੍ਰਮੀ ਵਿੱਚ 1 ਵੈਸਾਖ ਸੀ, ਅੱਜ ਸ਼ ?ਰੋਮਣੀ ਕਮੇਟੀ ਦੇ ਕੈਲੰਡਰ ਵਿੱਚ ਵੀ 1 ਵੈਸਾਖ ਹੈ ਅਤੇ ਨਾਨਕਸ਼ਾਹੀ ਕੈਲੰਡਰ ਵਿੱਚ ਵੀ 1 ਵੈਸਾਖ ਹੈ। ਇਸ ਲਈ ਮੈਂ ਇਕ ਲੱਖ ਰ: ਦੇ ਇਨਾਮ ਦਾ ਹੱਕਦਾਰ ਹਾਂ। ਸ: ਪਾਲ ਸਿੰਘ ਪੁਰੇਵਾਲ ਜੀ ਨੇ ਕਿਹਾ, ਕੇ ਜੇ ਕਰਨਲ ਨਿਸ਼ਾਨ ਆਪਣੀ ਕਿਤਾਬ ਵਿੱਚ ਦਿੱਤੀਆਂ ਦੀਵਾਲੀ ਦੀਆਂ 100% ਤਾਰੀਖਾਂ ਸਹੀ ਸਾਬਿਤ ਕਰ ਦੇਵੇ ਤਾਂ ਮੇਰੇ ਵੱਲੋਂ 5 ਲੱਖ ਰ: ਦਾ ਇਨਾਮ, 90% ਸਹੀ ਸਾਹਿਬ ਕਰਨ ਤੇ 4 ਲੱਖ, 80% ਤੇ 3 ਲੱਖ, 70% ਤੇ ਦੋ ਲੱਖ ਅਤੇ 60% ਤਾਰੀਖਾਂ ਸਹੀ ਸਾਬਿਤ ਕਰਨ ਤੇ ਇਕ ਲੱਖ ਰ: ਇਨਾਮ ਦਿੱਤਾ ਜਾਵੇਗਾ। ਪ੍ਰਬੰਧਕਾਂ ਨੇ ਜੋਸ਼ ਵਿੱਚ ਆ ਕੇ 5 ਲੱਖ ਰ: ਨੂੰ 5 ਲੱਖ ਡਾਲਰ ਵਿੱਚ ਬਦਲ ਦਿੱਤਾ। ਸਮਾਗਮ ਦੀ ਸਮਾਪਤੀ ਤੋਂ ਪਿੱਛੋ ਹੋਈ ਵਿਚਾਰ ਚਰਚਾ ਵਿੱਚ ਇਹ ਪੇਸ਼ਕਸ਼ 90 ਦਿਨਾਂ ਲਈ ਖੁੱਲੀ ਰੱਖੀ ਗਈ ਸੀ। ਜਿਸ ਬਾਰੇ ਮੈਂ ਕਰਨਲ ਨਿਸ਼ਾਨ ਨੂੰ ਈ ਮੇਲ ਰਾਹੀ ਸੂਚਨਾ ਦਿੱਤੀ ਸੀ ਕਿ ਅਜੇ ਵੀ ਤੁਹਾਡੇ ਪਾਸ 10 ਦਿਨ ਬਾਕੀ ਹਨ ਜੇ ਚਾਹੋਂ ਤਾਂ ਕਿਸਮਤ ਅਜਮਾ ਸਕਦੇ ਹੋ। ਪਰ ਕਰਨਲ ਸਾਬ ਨੇ ਕੋਈ ਹੁੰਗਾਰਾ ਨਹੀਂ ਸੀ ਭਰਿਆ। ਦੂਜੇ ਪਾਸੇ ਖਾਨਦਾਨੀ ਤੁਕਾਕਾਰ ਪਿਛਲੇ 8 ਸਾਲਾਂ ਤੋਂ 5 ਲੱਖ ਡਾਲਰ ਦਾ ਛੁਣਛਣਾ ਬਜਾਈ ਜਾ ਰਿਹਾ ਹੈ।

ਖਾਨਦਾਨੀ ਤੁਕਾਕਾਰ ਜੀ, ਜਿਹੜੀਆਂ ਕਿਤਾਬਾਂ ਕੈਮਰਿਆਂ ਦੇ ਸਾਹਮਣੇ ਵਿਖਾ ਕੇ ਇਤਿਹਾਸਕਾਰ ਹੋਣ ਦਾ ਭਰਮ ਪਾਲ੍ਹੀ ਬੈਠੇ ਹੋ, ਉਨ੍ਹਾਂ ਨੂੰ ਕਦੇ-ਕਦਾਈ ਫੋਲ ਵੀ ਲਿਆ ਕਰੋ। 8 ਸਾਲ ਹੋ ਗਏ ਹਨ ਇਹ ਐਲਾਨ ਕੀਤੇ ਨੂੰ ਕਿ ਕਰਨਲ ਨਿਸ਼ਾਨ ਵੱਲੋਂ ਦਰਜ ਕੀਤੀਆਂ ਦੀਵਾਲੀ ਦੀਆਂ ਤਾਰੀਖਾਂ 40% ਤੋਂ ਵੱਧ (ਅਸਲ ਵਿੱਚ 50%) ਗਲਤ ਹਨ। ਤੁਸੀਂ ਇਸ ਸਾਲ ਦੀ ਤਾਰੀਖ ਵਿਖਾ ਕੇ ਹੀ ਖੁਸ਼ ਹੋ ਰਹੇ ਹੋ। ਚਲੋ, ਮੰਨਿਆ ਕਿ ਆਉਂਣ ਵਾਲੇ ਸਾਲਾਂ ਦੀਆਂ ਤਾਰੀਖਾਂ ਦੀ ਪੜਤਾਲ ਕਰਨੀ, ਤੁਹਾਡੇ ਵੱਸ ਦਾ ਰੋਗ ਨਹੀਂ ਹੈ। ਘੱਟੋ ਘੱਟ ਪਿਛਲੇ ਦਹਾਕੇ ਦੀਆਂ ਤਾਰੀਖਾਂ ਦੀ ਪੜਤਾਲ ਤਾਂ ਧੁਮੱਕਸ਼ਾਹੀ ਕੈਲੰਡਰ ਨਾਲ ਕਰ ਲੈਂਦੇ। ਤੁਕਾਕਾਰ ਜੀ, 2019 ਈ:, 20, 22, 23 ਅਤੇ 2025 ਈ: ਦੀਆਂ ਤਾਰੀਖਾਂ ਗਲਤ ਸਾਬਿਤ ਹੋ ਚੁੱਕੀਆਂ ਹਨ। ਅਗਲੇ ਸਾਲ (2026 ਈ:) ਦੀ ਤਾਰੀਖ ਵੀ ਗਲਤ ਸਾਬਿਤ ਹੋਵੇਗੀ।

ਤੁਕਾਕਾਰ ਨੇ ਇਕ ਕਿਤਾਬ 'The Hindu Religious Year' (M.M.Underhill) ਵਿਖਾ ਕੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਰੇਵਾਲ ਦਾ ਆਹ ਕੈਲੰਡਰ ਹੈ। ਭਾਰਤ ਸਰਕਾਰ ਦੇ ਸਾਕਾ ਕੈਲੰਡਰ ਨੂੰ ਨਾਨਕਸ਼ਾਹੀ ਕੈਲੰਡਰ ਦਾ ਨਾਮ ਦੇ ਕੇ ਸਿੱਖਾਂ ਵਿੱਚ ਵੰਡੀਆਂ ਪਾ ਦਿੱਤੀਆਂ। ਭਾਰਤ ਸਰਕਾਰ ਦੇ ਸਾਕਾ ਕੈਲੰਡਰ ਦੀ ਤਾਰੀਖ 22 ਮਾਰਚ 1957 ਦੱਸ ਰਿਹਾ ਹੈ ਜਿਹੜੀ ਕਿਤਾਬ ਵਿਖਾ ਹੈ ਉਹ ਮਾਰਚ 1921 ਵਿੱਚ ਛਪੀ ਸੀ। ਜੇ ਕੋਈ ਇਸ ਕਿਤਾਬ ਦੇ ਤਤਕਰੇ ਉਪਰ ਵੀ ਪੱਛੀ ਝਾਤ ਮਾਰ ਲਵੇ ਤਾਂ ਵੀ ਉਸ ਨੂੰ ਏਨੀ ਕੁ ਜਾਣਕਾਰੀ ਤਾਂ ਮਿਲ ਹੀ ਜਾਵੇਗੀ ਕਿ ਇਹ ਕਿਤਾਬ ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਦੀ ਗੱਲ ਕਰਦੀ ਹੈ। ਤੁਕਾਰਾਕ ਨੂੰ ਨਾ ਤਾਂ ਸਾਕਾ ਕੈਲੰਡਰ ਦੀ ਜਾਣਕਾਰੀ ਹੈ ਨਾ ਹੀ ਨਾਨਕਸ਼ਾਹੀ ਕੈਲੰਡਰ ਦੀ। ਮੈਂ ਕਈ ਸਾਲ ਪਹਿਲਾ ਵੀ ਲਿਖਿਆ ਸੀ, ਅੱਜ ਫੇਰ ਲਿਖ ਰਿਹਾ ਹਾਂ ਕਿ ਸਾਕਾ ਕੈਲੰਡਰ ਭੇਜੋ, ਤਾਂ ਜੋ ਤੂੰਹਾਨੂੰ ਦੋਵਾਂ ਕੈਲੰਡਰਾਂ (ਸਾਕਾ ਅਤੇ ਨਾਨਕਸ਼ਾਹੀ) ਵਿਚਲਾ ਫਰਕ ਸਮਝਾਇਆ ਜਾ ਸਕੇ।

ਤੁਕਾਕਾਰ ਜੀ, ਤੁਸੀਂ B.V.Raman ਦੀ ਕਿਤਾਬ 'Notable-Horoscopes'-ਦੇ ਹਵਾਲੇ ਨਾਲ ਕਿਹਾ ਸੀ ਕਿ ਉਸ ਨੇ ਕ੍ਰਿਸ਼ਨ ਜੀ ਤੋਂ ਲੈ ਕੇ ਬਹੁਤ ਸਾਰਿਆਂ ਦੀਆਂ ਜਨਮ ਤਾਰੀਖਾਂ ਕੱਢੀਆਂ ਹਨ। ਇਹ ਠੀਕ ਹੈ ਕਿ ਉਸ ਨੇ 78 ਟੇਵਿਆ ਦੀ ਪੜਤਾਲ ਕੀਤੀ ਹੈ। ਸ਼੍ਰੀ ਕ੍ਰਿਸ਼ਨ ਜੀ ਦੀ ਗੱਲ ਤਾਂ ਛੱਡੋ, ਘੱਟੋ-ਘੱਟ ਗੁਰੂ ਨਾਨਕ ਜੀ ਦਾ ਟੇਵਾ ਤਾਂ ਵੇਖ ਲੈਂਦੇ। ਪਾਠਕਾਂ ਦੀ ਜਾਣਕਾਰੀ ਲਈ ਬੇਨਤੀ ਹੈ ਕਿ ਗੁਰੂ ਨਾਨਕ ਜੀ ਦੀ ਜਨਮ ਤਾਰੀਖ 8 ਨਵੰਬਰ 1470 ਈ: (OS) ਲਿਖੀ ਹੋਈ ਹੈ। (ਪੰਨਾ 74) ਜਦੋਂ ਕਿ ਬਾਲੇ ਦੇ ਬਗਲ-ਬੱਚੇ 20 ਅਕਤੂਬਰ 1469 ਈ: ਮੰਨਦੇ ਹਨ।

ਖਾਨਦਾਨੀ ਤੁਕਾਕਾਰ ਜੀ, ਕੀ ਤੁਸੀ B.V.Raman ਦੀ ਕਿਤਾਬ 'Notable-horoscopes' ਦਰਜ ਗੁਰੂ ਨਾਨਕ ਜੀ ਦੀ ਜਨਮ ਤਾਰੀਖ, 8 ਨਵੰਬਰ 1470 ਈ: (OS) ਨਾਲ ਸਹਿਮਤ ਹੋ?

# ਭਾਰਤ 'ਚ ਹਰ ਥਾਂ ਭ੍ਰਿਸ਼ਟਾਚਾਰ ਦਾ ਬੋਲਬਾਲਾ



ਅੱਜ ਸਾਡੇ ਦੇਸ਼ ਵਿਚ ਸਦਾਚਾਰ ਦੀ ਥਾਂ ਭ੍ਰਿਸ਼ਟਾਚਾਰ ਨੇ ਮੱਲ ਲਈ ਹੈ। ਹਰ ਕੋਈ ਜਲਦੀ ਹੀ ਬਿਨਾਂ ਹੱਥੀਂ ਕਿਰਤ ਕੀਤਿਆਂ ਕਰੋੜਪਤੀ ਬਣਨਾ ਚਾਹੁੰਦਾ ਹੈ। ਉਸ ਨੂੰ ਪੈਸਾ ਇਕੱਠਾ ਕਰਨ ਲਈ ਭਾਵੇਂ ਕਿੰਨੇ ਹੀ ਜਾਇਜ਼-ਨਾਜਾਇਜ਼ ਢੰਗ-ਤਰੀਕੇ ਕਿਉਂ ਨਾ ਅਪਣਾਉਣੇ ਪੈਣ। ਹਰ ਖੇਤਰ ਵਿਚ, ਉਹ ਭਾਵੇਂ ਸਰਕਾਰੀ ਹੋਵੇ ਜਾਂ ਗ਼ੈਰ-ਸਰਕਾਰੀ, ਹੱਦੋਂ-ਵੱਧ ਬੇਨਿਯਮੀਆਂ ਹੋ ਰਹੀਆਂ ਹਨ। ਅੱਜ ਰਿਸ਼ਵਤਾਂ, ਸਿਫ਼ਾਰਸ਼ਾਂ ਨਾਲ ਲੋਕ ਦੁਰਾਚਾਰੀ ਤੇ ਭ੍ਰਿਸ਼ਟ ਬਣਦੇ ਜਾ ਰਹੇ ਹਨ। ਦੇਸ਼ ਵਿਚ ਚਪੜਾਸੀ ਤੋਂ ਲੈ ਕੇ ਮੰਤਰੀਆਂ ਤੱਕ ਰਿਸ਼ਵਤ ਦਾ ਬੋਲਬਾਲਾ ਹੈ।

ਹਰ ਪਾਸੇ ਕਰੋੜਾਂ-ਅਰਬਾਂ ਦੇ ਘਪਲੇ ਹੋ ਰਹੇ ਹਨ, ਹੇਰਾਫੇਰੀਆਂ ਕਰ ਕੇ ਨਾਜਾਇਜ਼ ਕੰਮ ਕੀਤੇ ਜਾ ਰਹੇ ਹਨ ਪਰ ਇਹ ਸਾਰਾ ਬੋਝ ਆਮ ਜਨਤਾ 'ਤੇ ਹੀ ਪਾਇਆ ਜਾਂਦਾ ਹੈ। ਵੱਡੇ-ਵੱਡੇ ਅਫ਼ਸਰਾਂ, ਮੰਤਰੀਆਂ ਦੀਆਂ ਜੇਬਾਂ ਭਰਨ ਲਈ ਭ੍ਰਿਸ਼ਟਾਚਾਰ ਰੂਪੀ ਜੋਕ ਰਾਹੀਂ ਗ਼ਰੀਬਾਂ ਦਾ ਖ਼ੂਨ ਚੂਸਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਭ੍ਰਿਸ਼ਟ ਯੁੱਗ ਬਾਰੇ ਕਿਹਾ ਸੀ-'ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਅੱਜ ਜੇਕਰ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਪੂਰੀ ਦੁਨੀਆ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਦੇਸ਼ ਇਹੋ ਜਿਹੇ ਹਨ ਜਿੱਥੇ

-ਕੁਲਦੀਪ ਸਿੰਘ ਸਾਹਿਲ

ਭ੍ਰਿਸ਼ਟਾਚਾਰ ਨੇ ਪੈਰ ਪਸਾਰੇ ਹੋਏ ਹਨ। ਭਾਰਤ ਵਿਚ ਵੀ ਭ੍ਰਿਸ਼ਟਾਚਾਰ ਇਕ ਅਜਿਹਾ ਮੁੱਦਾ ਬਣ ਚੁੱਕਾ ਹੈ ਜੋ ਕੇਂਦਰੀ, ਰਾਜ ਅਤੇ ਸਥਾਨਕ ਸਰਕਾਰਾਂ ਅਦਾਰਿਆਂ ਦੀ ਆਰਥਿਕਤਾ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਿਤ ਕਰਦਾ ਹੈ। ਭਾਰਤ ਦੀ ਅਰਥਵਿਵਸਥਾ ਨੂੰ ਠੱਪ ਕਰਨ ਲਈ ਭ੍ਰਿਸ਼ਟਾਚਾਰ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ। ਭ੍ਰਿਸ਼ਟਾਚਾਰ ਨੂੰ ਜੇ ਸਿਸਟਮ ਦੀ ਦੇਣ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਵੱਡੇ-ਵੱਡੇ ਧਨਾਢ ਲੋਕਾਂ ਵੱਲੋਂ ਦਿੱਤਾ ਗਿਆ ਪਾਰਟੀ ਫੰਡ ਸੱਤਾ ਮਿਲਣ ਤੋਂ ਬਾਅਦ ਗ਼ਲਤ ਤਰੀਕੇ ਨਾਲ ਕਈ ਗੁਣਾ ਵਸੂਲਿਆ ਜਾਂਦਾ ਹੈ। ਸਰਪੰਚੀ ਤੋਂ ਲੈ ਕੇ ਲੋਕ ਸਭਾ ਦੀਆਂ ਚੋਣਾਂ ਲੜਨ ਵਾਲਾ ਨੇਤਾ ਇਹ ਸੋਚ ਕੇ ਹੀ ਚੋਣਾਂ 'ਤੇ ਕਰੋੜਾਂ ਰੁਪਏ ਖ਼ਰਚ ਕਰਦਾ ਹੈ ਕਿ ਉਹ ਦੇਸ਼ ਦੇ ਭ੍ਰਿਸ਼ਟ ਸਿਆਸੀ ਸਿਸਟਮ ਵਿਚ ਰਹਿ ਕੇ ਇਸ ਤੋਂ ਕਈ ਗੁਣਾ ਕਮਾ ਸਕਦਾ ਹੈ। ਅੱਜ ਵੀ ਸਾਡੇ ਦੇਸ਼ ਵਿਚ ਕਿੰਨੇ ਹੀ ਨੇਤਾਵਾਂ 'ਤੇ ਅਦਾਲਤਾਂ ਵਿਚ ਭ੍ਰਿਸ਼ਟਾਚਾਰ ਦੇ ਮੁਕੱਦਮੇ ਚੱਲ ਰਹੇ ਹਨ ਤੇ ਕਈ ਰਿਸ਼ਵਤ ਦੇ ਜ਼ੋਰ 'ਤੇ ਬਰੀ ਹੋ ਚੁੱਕੇ ਹਨ। ਬੇਸ਼ੱਕ ਪੰਜਾਬ ਦੇ ਮੁੱਖ ਮੰਤਰੀ ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਉਹ ਇਸ ਕੰਮ 'ਚ ਉਮੀਦ ਮੁਤਾਬਕ ਨਤੀਜੇ ਹਾਸਲ ਨਹੀਂ ਕਰ ਸਕੇ ਹਨ।

ਇਸ ਦੀ ਤਾਜ਼ਾ ਮਿਸਾਲ ਸੀਬੀਆਈ ਵੱਲੋਂ ਹਾਲ ਹੀ ਵਿਚ ਰਿਸ਼ਵਤ ਦੇ ਕੇਸ ਵਿਚ ਗ੍ਰਿਫ਼ਤਾਰ ਕੀਤੇ ਗਏ ਰੋਪੜ ਰੇਂਜ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ ਹਨ। ਜੇਕਰ ਅੱਜ ਸੀਬੀਆਈ ਸਿਰਫ਼ ਪੁਲਿਸ ਮਹਿਕਮੇ ਅਤੇ ਸਿਆਸੀ ਭ੍ਰਿਸ਼ਟ ਆਗੂਆਂ ਦੀ ਕੁੰਡਲੀ ਖੋਲ੍ਹੇ ਤਾਂ ਅੱਧੇ ਤੋਂ ਜ਼ਿਆਦਾ ਜੇਲ੍ਹ ਜਾ ਸਕਦੇ ਹਨ। ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੋ ਚੁੱਕੀਆਂ ਹਨ ਜਿਨ੍ਹਾਂ ਨੂੰ ਪੁੱਟਣਾ ਆਸਾਨ ਨਹੀਂ ਹੈ।

### ਸਿੱਖ ਨਸਲਕੁਸ਼ੀ ਦੇ 41ਵੇਂ ਵਰ੍ਹੇ 'ਤੇ ਵਿਸ਼ੇਸ਼

# ਸਿੱਖਾਂ ਵੱਲੋਂ ਖ਼ੂਨਦਾਨ ਲਹਿਰ ਰਾਹੀਂ ਇਤਿਹਾਸਕ ਭੂਮਿਕਾ

## "ਉਹ ਖ਼ੂਨ ਡੋਲ ਕੇ ਜਾਨਾਂ ਲੈ ਰਹੇ ਸਨ, ਅਸੀਂ ਖ਼ੂਨ ਦਾਨ ਕਰ ਕੇ ਜਾਨਾਂ ਬਚਾ ਰਹੇ ਹਾਂ"

ਕੈਨੇਡਾ ਦੇ ਕੋਨੇ-ਕੋਨੇ 'ਚ ਇਨੀਂ-ਦਿਨੀਂ ਮਾਨਵਵਾਦ ਨੂੰ ਸਮਰਪਿਤ ਮਹਾਨ ਮੁਹਿੰਮ 'ਸਿੱਖ ਕੌਮ ਵੱਲੋਂ 'ਖ਼ੂਨਦਾਨ' ਜ਼ੋਰਾਂ 'ਤੇ ਹੈ। ਦੇਸ਼ ਦੇ ਹਰੇਕ ਵੱਡੇ ਸ਼ਹਿਰ 'ਚ ਸੈਂਕੜੇ ਸਿੱਖ ਇਸਤਰੀਆਂ ਅਤੇ ਆਦਮੀ ਖ਼ੂਨਦਾਨ ਕਰਕੇ ਲੋਕਾਂ ਦੀਆਂ ਜਾਨਾਂ ਬਚਾ ਰਹੇ ਹਨ। ਕੈਨੇਡੀਅਨ ਬਲੱਡ ਸਰਵਿਸਜ਼ ਵਲੋਂ ਇਸ ਕਾਰਜ ਨੂੰ 'ਦੇਸ਼ 'ਚ ਸਭ ਤੋਂ ਵੱਡੀ ਖ਼ੂਨਦਾਨ ਲਹਿਰ' ਕਰਾਰ ਦਿੰਦਿਆਂ ਸਨਮਾਨਿਤ ਕੀਤਾ ਗਿਆ ਹੈ। ਇਸ ਉਪਰਾਲੇ ਦਾ ਜ਼ਿਕਰ ਕੈਨੇਡਾ ਦੀ ਪਾਰਲੀਮੈਂਟ ਤੋਂ ਲੈ ਕੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਤੱਕ, ਮਨੁੱਖੀ ਹੱਕਾਂ ਨਾਲ ਜੁੜੇ ਲੋਕਾਂ ਦੇ ਪ੍ਰਤੀਨਿਧ ਅਕਸਰ ਕਰਦੇ ਹਨ। ਸਿੱਖ ਨਸਲਕੁਸ਼ੀ 1984 ਦੇ ਦੁਖਾਂਤ ਨੂੰ ਯਾਦ ਕਰਦਿਆਂ ਕੈਨੇਡਾ ਵਿਚ ਸਿੱਖਾਂ ਵੱਲੋਂ ਖ਼ੂਨਦਾਨ ਲਹਿਰ ਰਾਹੀਂ ਇਤਿਹਾਸਕ ਸੇਵਾ 27ਵੇਂ ਵਰ੍ਹੇ ਦੀਆਂ ਬਰੂਹਾਂ 'ਤੇ ਪਹੁੰਚ ਚੁੱਕੀ ਹੈ। ਇਸ ਮੁਹਿੰਮ ਨਾਲ ਕੈਨੇਡਾ ਦੀ ਧਰਤੀ 'ਤੇ ਹੁਣ ਤੱਕ ਖ਼ੂਨਦਾਨ ਰਾਹੀਂ 2 ਲੱਖ ਤੋਂ ਵੱਧ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ! ਦਰਅਸਲ ਕੈਨੇਡਾ ਭਰ 'ਚ ਇਹ ਉਪਰਾਲਾ 1999 'ਚ ਅਰੰਭ ਹੋਇਆ ਸੀ ਅਤੇ 31 ਅਕਤੂਬਰ 202 ਤੱਕ, 2 ਲੱਖ ਤੋਂ ਵੱਧ ਜਾਨਾਂ ਸਿੱਖ ਕੌਮ ਵਲੋਂ ਕੀਤੇ ਖ਼ੂਨਦਾਨ ਰਾਹੀਂ ਬਚਾਈਆਂ ਜਾ ਚੁੱਕੀਆਂ ਹਨ। ਵੈਨਕੂਵਰ, ਟਰਾਂਟੋ, ਮਾਂਟਰੀਅਲ, ਐਡਮਿੰਟਨ, ਕੈਲਗਰੀ, ਵਿਨੀਪੈੱਗ, ਸਰੀ, ਐਬਸਫੋਰਡ, ਕਲੋਨਾ, ਕੈਮਲੂਪਸ, ਵਿਲੀਅਮਸ ਲੇਕ, ਸਸਕੈਚਵਿਨ, ਵਿਕਟੋਰੀਆ ਅਤੇ ਕੈਨੇਡਾ ਦੀ ਰਾਜਧਾਨੀ ਔਟਵਾ ਤੱਕ ਇਸ ਲਹਿਰ 'ਚ ਲੋਕਾਂ ਨੇ ਬੇਮਿਸਾਲ ਉਤਸ਼ਾਹ ਵਿਖਾਇਆ ਹੈ। ਸੰਸਾਰ ਪੱਧਰ 'ਤੇ ਕੌਮੀ ਅਕਸ ਮਹਾਨ ਰੂਪ 'ਚ ਉਜਾਗਰ ਕਰਨ ਲਈ ਜਿਥੇ ਇਹ ਉਪਰਾਲਾ ਇਤਿਹਾਸਕ ਹੈ, ਉਥੇ 41 ਸਾਲ ਪਹਿਲਾਂ ਹੋਈ ਸਿੱਖ ਨਸਲਕੁਸ਼ੀ ਦੀ ਪੀੜਾ ਨੂੰ ਵੀ ਸੰਸਾਰ ਸਾਹਮਣੇ ਰੱਖਣ ਦਾ ਬਿਹਤਰੀਨ ਤਰੀਕਾ ਹੈ।

ਅੱਜ ਜਦੋਂ ਸੰਸਾਰ ਭਰ ਵਿੱਚ ਸਿੱਖ ਕੌਮ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਂਦਿਆਂ, ਜ਼ੁਲਮ ਖਿਲਾਫ ਗੁਰੂ ਸਾਹਿਬ ਵੱਲੋਂ ਉਠਾਈ ਆਵਾਜ਼ ਅਤਿ ਧਾਰਮਿਕ ਆਜ਼ਾਦੀ ਲਈ ਦਿੱਤੀ ਸ਼ਹਾਦਤ ਨੂੰ ਮਾਨਵਵਾਦ ਅਤੇ ਸਰਬੱਤ ਦੇ ਭਲੇ ਦਾ ਮੈਨੀਫੈਸਟੋ ਬਣਾ ਰਹੀ ਹੈ, ਉਦੋਂ ਸਾਰਿਆਂ ਨੂੰ ਮਿਲ ਕੇ ਭਾਰਤੀ ਹੁਕਮਰਾਨਾਂ ਦੇ ਜਬਰ-ਜ਼ੁਲਮ ਦੇ ਏਜੰਡੇ ਖ਼ਿਲਾਫ਼ ਲੜਨ ਦੀ ਲੋੜ ਹੈ। ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਕੇਵਲ ਸਿੱਖਾਂ ਲਈ ਇਨਸਾਫ਼ ਦੀ ਮੁਦਈ ਨਹੀਂ, ਬਲਕਿ ਦੇਸ਼ ਅੰਦਰ ਹੋਰਨਾਂ ਘੱਟ ਗਿਣਤੀਆਂ, ਮੂਲ ਵਾਸੀਆਂ, ਦੱਬੇ ਕੁਚਲੇ ਲੋਕਾਂ ਅਤੇ ਸਰਕਾਰੀ ਜਬਰ ਦਾ ਸ਼ਿਕਾਰ ਬਣ ਰਹੇ ਭਾਈਚਾਰਿਆਂ ਨਾਲ ਖੜ੍ਹਨ ਲਈ ਵੀ ਦ੍ਰਿੜ੍ਹ ਇਰਾਦੇ ਦੀ ਅਲੰਬਰਦਾਰ ਹੈ। ਇੱਥੋਂ ਤੱਕ ਕਿ ਸੰਸਾਰ ਦੇ ਕਿਸੇ ਵੀ ਕੋਨੇ 'ਚ ਹੋ ਰਹੇ ਜਬਰ-ਜ਼ੁਲਮ ਖਿਲਾਫ਼ ਸਿੱਖ ਕੌਮ ਵਲੋਂ ਆਵਾਜ਼ ਬੁਲੰਦ ਕਰਨਾ ਇਸ ਮੁਹਿੰਮ ਦਾ ਕੇਂਦਰ-ਬਿੰਦੂ ਹੈ।

ਕੈਨੇਡੀਅਨ ਲੋਕ ਜਦੋਂ ਦੇਸ਼ 'ਚ ਥਾਂ-ਥਾਂ 'ਤੇ ਲੱਗੇ ਖ਼ੂਨਦਾਨ ਕੈਂਪਾਂ 'ਚ ਸਿੱਖਾਂ ਦੇ ਵਲੰਟੀਅਰ ਪਰਿਵਾਰਾਂ, ਯੂਨੀਵਰਸਿਟੀ 'ਚ ਪੜ੍ਹਦੇ ਨੌਜਵਾਨ ਲੜਕੇ-ਲੜਕੀਆਂ ਅਤੇ ਬੁੱਧੀਜੀਵੀਆਂ ਤੋਂ ਏਨੇ ਵੱਡੇ ਹੁੰਗਾਰੇ ਦਾ ਕਾਰਨ ਪੁਛਦੇ ਹਨ, ਤਾਂ ਸਭ

ਡਾ. ਗੁਰਵਿੰਦਰ ਸਿੰਘ
604 825 1550



ਨੂੰ ਇੱਕੋ ਹੀ ਜਵਾਬ ਮਿਲਦਾ ਹੈ ਕਿ 'ਸਰਬੱਤ ਦਾ ਭਲਾ' ਮੰਗਣ ਵਾਲੀ ਕੌਮ ਖ਼ੂਨ ਲੈਣ 'ਚ ਨਹੀਂ, ਖ਼ੂਨ ਦੇਣ 'ਚ ਵਿਸ਼ਵਾਸ ਰੱਖਦੀ ਹੈ। ਇਸ ਲਹਿਰ ਨੇ ਕੈਨੇਡਾ ਭਰ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਜਿਸ ਦੌਰਾਨ ਸਿੱਖਾਂ ਨੇ ਵੱਡੀ ਗਿਣਤੀ 'ਚ ਖ਼ੂਨਦਾਨ ਕਰਦਿਆਂ ਨਾ ਸਿਰਫ਼ ਜਾਨਾਂ ਹੀ ਬਚਾਈਆਂ ਹਨ, ਸਗੋਂ ਭਾਈ ਘਨ੍ਹਈਆ ਅਤੇ ਭਗਤ ਪੂਰਨ ਸਿੰਘ ਦੇ ਮਾਨਵੀ ਸੇਵਾ ਦੇ ਸੁਨੇਹੇ ਨੂੰ ਹੋਰਨਾਂ ਕੌਮਾਂ ਤੱਕ ਵੀ ਪਹੁੰਚਾਇਆ ਹੈ।

ਅਜਿਹੀਆਂ ਅਨੇਕਾਂ ਮਿਸਾਲਾਂ ਹਨ, ਜਿਨ੍ਹਾਂ ਦੌਰਾਨ ਜਿੱਥੇ ਵੀ ਮਨੁੱਖਤਾ ਨੂੰ ਖ਼ੂਨ ਦੀ ਲੋੜ ਪਈ, ਤਾਂ ਸਿੱਖ ਕੌਮ ਨੇ ਸਭ ਤੋਂ ਅੱਗੇ ਹੋ ਕੇ ਹੱਦਾਂ-ਸਰਹੱਦਾਂ, ਰੰਗ-ਨਸਲ, ਜਾਤ-ਫ਼ਿਰਕੇ ਨੂੰ ਇਕ ਪਾਸੇ ਰੱਖਦਿਆਂ ਖ਼ੂਨਦਾਨ ਦੀ ਲਹਿਰ ਚਲਾਉਂਦਿਆਂ ਹੋਇਆਂ ਅਣਗਿਣਤ ਜਾਨਾਂ ਬਚਾਈਆਂ। ਕੈਨੇਡਾ ਦੇ ਕਈ ਹਾਈਵੇਅ ਅਤੇ ਰਾਸ਼ਟਰੀ ਮਾਰਗਾਂ 'ਤੇ ਨਵੰਬਰ ਮਹੀਨੇ ਖ਼ੂਨਦਾਨ ਕਰਕੇ ਜਾਨਾਂ ਬਚਾਉਣ ਦਾ ਸੁਨੇਹਾ ਦੇਣ ਦੀ ਪਿਰਤ ਕਾਫ਼ੀ ਸਮੇਂ ਤੋਂ ਜਾਰੀ ਹੈ। ਖ਼ੂਨ ਡੋਲ੍ਹ ਕੇ ਅਤੇ ਜਾਨਾਂ ਲੈ ਕੇ ਜ਼ੁਲਮ ਕਰਨ ਵਾਲਿਆਂ ਦੀ ਕੋਝੀ ਅਸਲੀਅਤ ਦੁਨੀਆ ਅੱਗੇ ਰੱਖਣ ਦਾ ਇਸ ਤੋਂ ਬਿਹਤਰੀਨ ਢੰਗ ਕੀ ਹੋ ਸਕਦਾ ਹੈ ਕਿ ਨਸਲਕੁਸ਼ੀ ਦੀ ਪੀੜਤ ਸਿੱਖ ਕੌਮ ਨਾਲ ਸਬੰਧਤ ਲੋਕ, ਅੱਜ ਵੀ ਜਦੋ-ਜਹਿਦ ਕਰਦੇ ਖ਼ੂਨਦਾਨ ਦੇ ਕੇ ਲੱਖਾਂ ਜਾਨਾਂ ਬਚਾ ਰਹੇ ਹਨ। ਇਹ ਨਸਲਕੁਸ਼ੀ ਕਿਉਂ ਅਤੇ ਕਿਵੇਂ ਹੈ, ਇਸ ਬਾਰੇ ਕਾਵਿਕ ਸ਼ਬਦ ਹਨ;

**'ਨਸਲਕੁਸ਼ੀ'**

ਜਦ ਸੱਤਾ ਦੇ ਸਿੰਘਾਸਣ ਉੱਪਰ
ਆ ਬੈਠਣ ਆਦਮਖ਼ੋਰ
ਦਹਾੜਨ ਲਹੂ ਪਿਆਸੇ ਮੁਕੱਦਮ
ਆਦਮ-ਬੋ ਕਰ ਰਹੀ ਹੋਵੇ ਜਨੂੰਨੀ ਭੀੜ
ਸਭ ਸ਼ੈਤਾਨ ਟੁੱਟ ਪੈਣ ਬੇਗੁਨਾਹਾਂ 'ਤੇ
ਖੇਡਣ ਲਾਚਾਰ ਅਤੇ ਬੇਵੱਸਾਂ ਦੀ
ਖ਼ੂਨ ਦੀ ਹੋਲੀ
ਅਤੇ ਧਰਤ ਭਾਰਤ ਦੀ
ਥਾਂ-ਥਾਂ ਹੋ ਜਾਏ ਲਹੂ-ਲੁਹਾਣ....
ਹੋਰ ਕਿਸਨੂੰ ਆਖੋਗੇ ਨਸਲਕੁਸ਼ੀ?

ਜਦ ਰੱਖਿਅਕ ਹੀ ਬਣ ਜਾਣ ਭੱਖਿਅਕ
ਘੜਨ ਸਾਜਿਸ਼ ਖੁਰਾ-ਖੋਜ ਮਿਟਾਉਣ ਦੀ
ਕਰਨ ਜਨੂੰਨੀਆਂ ਦੀ ਪੁਸ਼ਤ-ਪਨਾਹੀ
ਦੇਣ ਖੁੱਲ੍ਹ ਮੌਤ ਦੇ ਤਾਂਡਵ ਦੀ
ਦਿਸੇ ਜਿਥੇ ਵੀ 'ਖਾਸ' ਨਸਲ ਦਾ ਸ਼ਖਸ
ਜਿਉਂਦੇ-ਜੀ ਸਾੜਨ ਸ਼ਰੇ-ਬਾਜ਼ਾਰ
ਨਾ ਬਖ਼ਸ਼ਣ ਉਸਦਾ ਘਰ ਪਰਿਵਾਰ...
ਹੋਰ ਕਿਸਨੂੰ ਆਖੋਗੇ ਨਸਲਕੁਸ਼ੀ?

ਜਦ ਸਰਕਾਰੀ ਅੱਤਵਾਦ ਦਾ ਹੋਵੇ ਨੰਗਾ-ਨਾਚ
ਆਕਾਸ਼ ਨੂੰ ਛੂਹ ਜਾਣ ਜਨੂੰਨੀ ਨਾਹਰਿਆਂ ਦੇ ਭਾਂਬੜ
'ਮਖੌਟਾਧਾਰੀ ਨਕਲਚੀ' ਪਾਵੇ ਬਲਦੀ 'ਤੇ ਤੇਲ
ਤੇ ਚੀਖ-ਚੀਖ ਆਖੇ 'ਖ਼ੂਨ ਦਾ ਬਦਲਾ ਖ਼ੂਨ'
ਇੱਕ-ਦੋ ਨਹੀਂ ਸੈਂਕੜੇ-ਹਜ਼ਾਰਾਂ ਦਾ ਖ਼ੂਨ
ਬੁੱਢੀ ਮਾਂ ਦਾ ਖ਼ੂਨ
ਬਿਰਧ ਬਾਪ ਦਾ ਖ਼ੂਨ
ਜਵਾਨ ਪੁੱਤ ਦਾ ਖ਼ੂਨ
ਮੁਟਿਆਰ ਧੀ ਦਾ ਖ਼ੂਨ
ਅਣਜੰਮੇ ਜੀਅ ਦਾ ਖ਼ੂਨ....
'ਇਕੋ ਸ਼ਕਲ' ਦਾ ਖ਼ੂਨ,
'ਇਕੋ ਨਸਲ' ਦਾ ਖ਼ੂਨ...
ਦੱਸੋ ਹੋਰ ਕਿਸਨੂੰ ਆਖੋਗੇ ਨਸਲਕੁਸ਼ੀ?

ਜਦ ਨਿਸ਼ਾਨਾ ਬਣੇ 'ਇੱਕ ਹੀ ਕੌਮ'
ਅਰਥਹੀਣ ਹੋ ਜਾਏ ਇਹ ਤਰਕ ਕਿ
ਕਿਹੜੀ ਹੈ ਉਸਦੀ ਸਿਆਸੀ ਜਮਾਤ?
ਕਿਹੜੀ ਹੈ ਉਸਦੀ ਵਿਚਾਰਧਾਰਾ?
ਕਿਹੜਾ ਹੈ ਉਸਦਾ ਵਪਾਰ-ਕਾਰੋਬਾਰ?
ਕੀ ਉਹ ਹੈ ਆਸਤਿਕ ਜਾਂ ਨਾਸਤਿਕ?
ਕੀ ਉਹ ਹੈ ਅਕਾਲੀ ਜਾਂ ਕਾਂਗਰਸੀ?
ਕੀ ਉਹ ਹੈ ਸੱਜੇਪੱਖੀ ਜਾਂ ਖੱਬੇਪੱਖੀ?
ਕੀ ਉਹ ਹੈ ਕਲੀਨਸ਼ੇਵ ਜਾਂ ਅੰਮ੍ਰਿਤਧਾਰੀ?
ਕੀ ਉਹ ਹੈ ਮਿਸ਼ਨਰੀ ਜਾਂ ਟਕਸਾਲੀ?
ਕੀ ਉਹ ਹੈ ਫੰਡਮੈਂਟਲਿਸਟ ਜਾਂ ਮਾਡਰੇਟ?
ਉਹ ਹੋਏ ਚਾਹੇ ਕਿਸੇ ਵੀ ਸ਼ਕਲ-ਸੂਰਤ 'ਚ
ਉਸ ਦੀ ਹੋਂਦ ਮਿਟਾਉਣ ਲਈ ਬੱਸ ਏਨਾ ਹੀ ਕਾਫੀ
ਕਿ ਉਹ ਹੈ ਸਰਬੱਤ ਦਾ ਭਲਾ ਮੰਗਣ ਵਾਲਾ 'ਸਿੱਖ'
ਉਸ ਦੀ ਅਲਖ ਮੁਕਾਉਣ ਲਈ ਬੱਸ ਏਨਾ ਹੀ ਬਹੁਤ ਕਿ
ਉਹ ਹੈ ਪੰਜਾਬ ਦਾ ਜਾਇਆ, ਗੁਰਮੁੱਖੀ ਦਾ ਪੁੱਤਰ
ਉਸ ਦੇ ਕਤਲ ਲਈ ਬੱਸ ਏਨੀ ਪਛਾਣ ਹੀ ਬਹੁਤ ਕਿ
ਉਸਨੇ ਹੱਥ 'ਚ ਪਹਿਨਿਆ ਹੈ 'ਕੜਾ'...
ਹੋਰ ਕਿਸਨੂੰ ਆਖੋਗੇ ਨਸਲਕੁਸ਼ੀ?

ਜਦ ਇੱਕ ਨਸਲ 'ਤੇ ਆ ਝਪਟਣ ਸਾਰੇ ਸ਼ੈਤਾਨ
ਹੋਏ ਸਭ ਦਾ ਇਕ ਨਿਸ਼ਾਨਾ ਇਕ ਐਲਾਨ
ਹੈ ਮਿਟਾਉਣਾ ਸਿੱਖ ਕੌਮ ਦਾ ਨਾਮੋ-ਨਿਸ਼ਾਨ
ਇਕ ਕਹੇ 'ਜਦ ਡਿੱਗੇ ਵੱਡਾ ਰੁੱਖ,
ਤਾਂ ਕੰਬਦੀ ਹੈ ਧਰਤੀ'
ਦੂਜਾ ਕਹੇ ਪੀੜਤ ਖ਼ੁਦ ਹੀ ਹੈ ਦੋਸ਼ੀ
ਤੇ ਪੀੜਤ ਲਈ ਹੈ 'ਸਬਕ' ਵੱਡਾ ਰੁੱਖ ਡੇਗਣ ਦਾ
ਜਦ ਬਘਿਆੜਾਂ ਦੀ ਇੱਕ ਢਾਣੀ ਵਲੋਂ
ਲਹੂ ਪਿਆਸਾ ਭਿਅੰਕਰ ਰਾਜੀਵ
ਐਲਾਨ ਦਿੱਤਾ ਜਾਏ 'ਭਾਰਤ ਰਤਨ'
ਤੇ ਬਘਿਆੜਾਂ ਦੀ ਦੂਜੀ ਢਾਣੀ ਵਲੋਂ
ਕੱਟੜਪੰਥੀ ਨਾਨਾ ਦੇਸ਼ਮੁਖ
ਐਲਾਨ ਦਿੱਤਾ ਜਾਏ 'ਭਾਰਤ ਰਤਨ'
ਤੇ ਜਿਹੜੇ ਚੜ੍ਹ ਗਏ ਫਾਂਸੀਆਂ,
ਭੇਜੇ ਗਏ ਕਾਲੇਪਾਣੀਆਂ ਨੂੰ,
ਉਡਾਏ ਗਏ ਤੋਪਾਂ ਸਾਹਵੇਂ,
ਡੱਕੇ ਗਏ ਜੇਲ੍ਹਾਂ ਦੀਆਂ ਸਲਾਖਾਂ ਪਿਛੇ,
ਸ਼ਹੀਦ ਹੋਏ ਹੱਦਾਂ-ਸਰਹੱਦਾਂ ਦੀ ਰਾਖੀ ਕਰਦਿਆਂ,
ਉਨ੍ਹਾਂ ਨੂੰ ਮਿਲੇ ਇਹ 'ਇਨਾਮ'..
ਨਸਲਕੁਸ਼ੀ! ਨਸਲਕੁਸ਼ੀ!! ਨਸਲਕੁਸ਼ੀ!!!




ਸਿਤਮਜ਼ਰੀਫੀ ਦੀ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ ਕਿ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਕਤਲੇਆਮ ਦੀ ਕਾਂਗਰਸ ਆਗੂ ਤੇ ਦੇਸ਼ ਦਾ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਡੇ ਦਰਖਤ ਦੇ ਡਿਗਣ 'ਤੇ ਧਰਤੀ ਕੰਬਣ ਨਾਲ ਤੁਲਣਾ ਕਰ ਰਿਹਾ ਹੋਵੇ। ਦੂਜੇ ਪਾਸੇ ਦੇਸ਼ ਦੀ ਫਿਰਕੂ ਜਥੇਬੰਦੀ ਆਰਐਸਐਸ ਦਾ ਵੱਡਾ ਆਗੂ ਨਾਨਾ ਜੀ ਦੇਸ਼ਮੁੱਖ ਸਿੱਖ ਕਤਲੇਆਮ ਦੇ ਦੋਸ਼ ਸਿੱਖਾਂ ਦੇ ਹੀ ਸਿਰ ਮੜਦਾ ਹੋਇਆ, ਸਿੱਖ ਕੌਮ




ਨੂੰ 'ਸਬਕ ਲੈਣ' ਦੀ ਨਸੀਹਤ ਦੇ ਰਿਹਾ ਹੋਵੇ ਅਤੇ ਅਜਿਹੀ ਨਸਲਕੁਸ਼ੀ ਨੂੰ ਆਪਣੀ ਸੌੜੀ ਸੋਚ ਅਧੀਨ ਜਾਇਜ਼ ਠਹਿਰਾ ਰਿਹਾ ਹੋਵੇ। ਜੇਕਰ ਅਜਿਹੇ ਲੋਕ 'ਭਾਰਤ ਰਤਨ' ਵਰਗੇ ਦੇਸ਼ ਦੇ ਸਭ ਤੋਂ ਵੱਡੇ ਅਖੌਤੀ ਪੁਰਸਕਾਰਾਂ ਨਾਲ ਸਨਮਾਨੇ ਜਾਂਦੇ ਹਨ, ਤਾਂ ਫਿਰ ਸਭ ਤੋਂ ਵੱਧ ਫਾਂਸੀ ਚੜ੍ਹਨ ਵਾਲੇ, ਕਾਲੇਪਾਣੀ ਦੀਆਂ ਸਜ਼ਾ ਕੱਟਣ ਵਾਲੇ, ਉਮਰ ਕੈਦਾਂ ਭੋਗਣ ਵਾਲੇ ਅਤੇ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਸਿੱਖ ਅਤੇ ਸੱਚੇ ਸੁੱਚੇ ਸੂਰਬੀਰ ਤਾਂ 'ਦੇਸ਼ ਧਰੋਹੀ' ਹੀ ਕਹੇ ਜਾ ਸਕਦੇ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਹਮਾਮ 'ਚ ਸਾਰੇ ਹੀ ਨੰਗੇ ਹਨ। ਜੇਕਰ ਕਾਂਗਰਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਲਾਸ਼ੇਰੀ ਦਿੱਤੀ। ਜੇ ਕਾਂਗਰਸ ਦੇ ਰਾਜ 'ਚ ਸਿੱਖ ਕਤਲੇਆਮ ਹੋਇਆ, ਤਾਂ ਭਾਜਪਾ ਦੇ ਰਾਜ 'ਚ ਮੁਸਲਿਮ ਵਿਰੋਧੀ ਕਤਲੇਆਮ ਹੋਇਆ।

ਅੱਜ ਇਹ ਅਤਕਥਨੀ ਨਹੀਂ ਕਿ ਕੈਨੇਡਾ ਤੋਂ ਅਰੰਭ ਹੋਏ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਸੰਤਾਪ ਨੂੰ ਕੌਮਾਂਤਰੀ ਮੰਚ ਤੇ ਮਹਾਂ-ਦੁਖਾਂਤ ਦੇ ਰੂਪ ਵਿੱਚ ਪੇਸ਼ ਕਰਨ ਵਾਲੀ ਖ਼ੂਨਦਾਨ ਲਹਿਰ ਅਸਟ੍ਰੇਲੀਆ, ਅਮਰੀਕਾ, ਫਰਾਂਸ, ਇੰਗਲੈਂਡ ਅਤੇ ਦੁਨੀਆ ਦੇ ਕਰੀਬ 122 ਦੇਸ਼ਾਂ 'ਚ ਫੈਲ ਚੁੱਕੀ ਹੈ। ਉਹ ਦਿਨ ਦੂਰ ਨਹੀਂ ਜਦੋਂ ਯੂਨਾਇਟਡ ਨੇਸ਼ਨ 'ਚ ਮਨੁੱਖੀ ਅਧਿਕਾਰਾਂ ਲਈ ਸਮਰਪਿਤ ਕਾਰਜਾਂ ਦੀ ਸੂਚੀ 'ਚ ਸਿੱਖ ਕੌਮ ਦੀ ਖ਼ੂਨਦਾਨ ਲਹਿਰ ਦਾ ਜ਼ਿਕਰਯੋਗ ਥਾਂ ਹੋਵੇਗਾ। ਸਯੰਕਤ ਰਾਸ਼ਟਰ 'ਚ ਜਦੋਂ ਕਿਤੇ ਮਾਨਵਵਾਦੀ ਸੇਵਾ ਦੇ ਮਹਾਨ ਕਾਰਜ ਦੀ ਗੱਲ ਤੁਰੇਗੀ, ਉਦੋਂ ਹੀ ਨਵੰਬਰ ਉਨੀ ਸੌ ਚੁਰਾਸੀ ਵਿੱਚ ਭਾਰਤ ਅੰਦਰ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਲਹੂ ਡੋਲਣ ਵਾਲਿਆਂ ਨੂੰ ਲਾਹਣਤਾਂ ਵੀ ਪਾਈਆਂ ਜਾਣਗੀਆਂ ਅਤੇ 41 ਸਾਲਾਂ ਮਗਰੋਂ ਵੀ ਕਾਤਲਾਂ ਨੂੰ ਸਜ਼ਾਵਾਂ ਨਾ ਦੇਣ ਲਈ ਭਾਰਤ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਨੂੰ ਸ਼ਰਮਸਾਰ ਹੋਣਾ ਪਵੇਗਾ। ਕੈਨੇਡਾ ਦੀ ਧਰਤੀ 'ਤੇ ਖ਼ੂਨਦਾਨ ਦੀ ਮੁਹਿੰਮ ਚਲਾਉਣ ਵਾਲੀ ਮਹਾਨ ਵਿਚਾਰਧਾਰਾ ਉਕਤ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਲਈ ਦ੍ਰਿੜ ਹੈ। ਇੱਕ ਦਿਨ ਜ਼ਰੂਰ ਆਵੇਗਾ, ਜਦੋਂ ਕੌਮਾਂਤਰੀ ਭਾਈਚਾਰਾ ਇਨਸਾਫ਼ ਲਈ 'ਹਾਅ ਦਾ ਨਾਅਰਾ' ਮਾਰੇਗਾ।

ਅੱਜ ਲੋੜ ਇਸ ਗੱਲ ਦੀ ਹੈ ਕਿ ਕੌਮ ਦੇ ਚਿੰਤਕ ਅਤੇ ਵਿਦਵਾਨ ਆਪਣਾ ਫਰਜ਼ ਪਛਾਣਦੇ ਹੋਏ ਮਹਾਨ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਥਾਪਤੀ ਦੀ ਧੱਕੇਸ਼ਾਹੀ ਖਿਲਾਫ਼ ਲਿਖਣ। ਸਿੱਖ ਕੌਮ ਦੇ ਅਕਸ ਨੂੰ ਜੇਕਰ ਸਾਡਾ ਮੀਡੀਆ ਦੁਨੀਆ ਸਾਹਮਣੇ ਸਹੀ ਰੂਪ ਵਿੱਚ ਪੇਸ਼ ਕਰੇਗਾ, ਤਾਂ ਕੌਮ ਦੀ ਪਨੀਰੀ ਇਸ ਪਾਸੇ ਵੱਲ ਹੋਰ ਵੀ ਰੁਚਿਤ ਹੋਵੇਗੀ। ਅਜਿਹੇ ਮੌਕੇ 'ਤੇ ਸਹਿਣ ਸ਼ਕਤੀ, ਪਰਉਪਕਾਰ ਅਤੇ ਮਾਨਵੀ ਹੱਕਾਂ ਪ੍ਰਤੀ ਚੇਤਨਾ ਮੂਲ ਸਰੋਕਾਰ ਬਣ ਕੇ ਕੌਮ ਦੀ ਸਰਬੱਤ ਦੇ ਭਲੇ ਦੀ ਅਰਦਾਸ ਮਨਜ਼ੂਰ ਕਰਵਾਉਣਗੇ।

ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਕੇਵਲ ਸਿੱਖਾਂ ਲਈ ਇਨਸਾਫ਼ ਦੀ ਮੁਦਈ ਨਹੀਂ, ਬਲਕਿ ਦੇਸ਼ ਅੰਦਰ ਹੋਰਨਾਂ ਘੱਟ ਗਿਣਤੀਆਂ, ਮੂਲ ਵਾਸੀਆਂ, ਦੱਬੇ ਕੁਚਲੇ ਲੋਕਾਂ ਅਤੇ ਸਰਕਾਰੀ ਜਬਰ ਦਾ ਸ਼ਿਕਾਰ ਬਣ ਰਹੇ ਭਾਈਚਾਰਿਆਂ ਨਾਲ ਖੜ੍ਹਨ ਲਈ ਵੀ ਦ੍ਰਿੜ੍ਹ ਇਰਾਦੇ ਦੀ ਅਲੰਬਰਦਾਰ ਹੈ। ਇੱਥੋਂ ਤੱਕ ਕਿ ਸੰਸਾਰ ਦੇ ਕਿਸੇ ਵੀ ਕੋਨੇ 'ਚ ਹੋ ਰਹੇ ਜਬਰ-ਜ਼ੁਲਮ ਖਿਲਾਫ਼ ਸਿੱਖ ਕੌਮ ਵਲੋਂ ਆਵਾਜ਼ ਬੁਲੰਦ ਕਰਨਾ ਇਸ ਮੁਹਿੰਮ ਦਾ ਕੇਂਦਰ-ਬਿੰਦੂ ਹੈ।

ਆਓ, ਇਨਸਾਨੀਅਤ ਦਾ ਘਾਣ ਕਰਨ ਵਾਲੀਆਂ ਸਰਕਾਰਾਂ ਅਤੇ ਨਸਲਕੁਸ਼ੀ ਦੇ ਦੋਸ਼ੀਆਂ ਖਿਲਾਫ਼, ਸਿੱਖ ਕੌਮ ਵੱਲੋਂ ਆਰੰਭੀ ਖ਼ੂਨਦਾਨ ਮੁਹਿੰਮ ਦਾ ਹਿੱਸਾ ਬਣੀਏ ਅਤੇ ਸੰਸਾਰ ਵਿੱਚ 'ਨਾ ਡਰੋ ਨਾ ਡਰਾਓ' ਅਤੇ 'ਜੀਓ ਅਤੇ ਜਿਓਣ ਦਿਓ' ਦੇ ਮਹਾਨ ਸੰਕਲਪ ਦੇ ਧਾਰਨੀ ਹੋ ਕੇ, 'ਸਰਬੱਤ' ਦੇ ਹੱਕਾਂ ਦੇ ਪਹਿਰੇਦਾਰ ਬਣੀਏ।



# ਸਾਕਾ ਪੰਜਾ ਸਾਹਿਬ ਦਾ



ਸ੍ਰੀ ਗੁਰੂ ਕਾ ਬਾਗ ਮੋਰਚੇ ਦੇ ਕੈਦੀਆਂ ਵਾਲੀ ਰੇਲ ਗੱਡੀ 30 ਅਕਤੂਬਰ 1922 ਨੂੰ ਪੰਜਾ ਸਾਹਿਬ ਪਹੁੰਚੀ ਤਾਂ ਸੰਗਤ ਨੇ ਉਨ੍ਹਾਂ ਨੂੰ ਲੰਗਰ ਪਾਣੀ ਛਕਾਉਣ ਲਈ ਗੱਡੀ ਨੂੰ ਰੋਕਣ ਦੀ ਬੇਨਤੀ ਕੀਤੀ। ਰੇਲ ਗੱਡੀ ਨੂੰ ਰੋਕਣ ਤੋਂ ਇਨਕਾਰ ਕਰਨ ਉੱਤੇ ਸੰਗਤ ਨੇ ਰੇਲਵੇ ਲਾਈਨ 'ਤੇ ਮੋਰਚਾ ਲਾ ਦਿੱਤਾ। ਇਹ ਲੇਖ ਇਸ ਸਾਕੇ ਬਾਰੇ ਜਾਣਕਾਰੀ ਦਿੰਦਾ ਹੈ।

ਗੁਰੂ ਨਾਨਕ ਦੇਵ ਜੀ ਅਰਬ ਮੁਲਕਾਂ ਦੀ ਉਦਾਸੀ ਤੋਂ ਪਰਤਦਿਆਂ 1521 ਈਸਵੀ ਵਿਚ ਹਸਨ ਅਬਦਾਲ ਦੇ ਸਥਾਨ ਉੱਤੇ ਰੁਕੇ। ਲੰਮਾ ਸਫ਼ਰ ਕਰਨ ਕਾਰਨ ਭਾਈ ਮਰਦਾਨੇ ਨੂੰ ਪਿਆਸ ਲੱਗੀ ਹੋਈ ਸੀ। ਉਸ ਨੇ ਇਸ ਬਾਰੇ ਗੁਰੂ ਨਾਨਕ ਦੇਵ ਜੀ ਨੂੰ ਦੱਸਿਆ। ਨੇੜਲਾ ਪਾਣੀ ਦਾ ਸਰੋਤ, ਜਿੱਥੋਂ ਪਾਣੀ ਪੀ ਕੇ ਪਿਆਸ ਬੁਝਾਈ ਜਾ ਸਕਦੀ ਸੀ, ਪਹਾੜੀ ਉੱਤੇ ਵਲੀ ਕੰਧਾਰੀ ਦਾ ਚਸ਼ਮਾ ਸੀ। ਗੁਰੂ ਜੀ ਵੱਲੋਂ ਇਸ ਬਾਰੇ ਦੱਸੇ ਜਾਣ ਉੱਤੇ ਭਾਈ ਮਰਦਾਨਾ ਪਹਾੜੀ ਚੜ੍ਹ ਕੇ ਚਸ਼ਮੇ ਕੋਲ ਗਿਆ। ਜਿਉਂ ਹੀ ਉਸ ਨੇ ਪਾਣੀ ਪੀਣ ਵਾਸਤੇ ਹੱਥ ਅੱਗੇ ਕੀਤੇ ਤਾਂ ਵਲੀ ਕੰਧਾਰੀ ਨੇ ਉਸ ਨੂੰ ਪਾਣੀ ਪੀਣ ਤੋਂ ਵਰਜ ਦਿੱਤਾ। ਪਿਆਸ ਦਾ ਸਤਾਇਆ ਭਾਈ ਮਰਦਾਨਾ ਵਾਪਸ ਗੁਰੂ ਨਾਨਕ ਦੇਵ ਜੀ ਕੋਲ ਆਇਆ ਤਾਂ ਉਨ੍ਹਾਂ ਨੇ ਭਾਈ ਮਰਦਾਨੇ ਨੂੰ ਫਿਰ ਵਲੀ ਕੰਧਾਰੀ ਵੱਲ ਭੇਜਿਆ। ਕਈ ਵਾਰ ਅਜਿਹਾ ਹੋਇਆ। ਹਰ ਵਾਰ ਵਲੀ ਕੰਧਾਰੀ ਨੇ ਨਾ ਕੇਵਲ ਭਾਈ ਮਰਦਾਨੇ ਨੂੰ ਹੀ ਮੰਦਾ ਬੋਲਿਆ ਸਗੋਂ ਗੁਰੂ ਨਾਨਕ ਦੇਵ ਜੀ ਬਾਰੇ ਵੀ ਬੇਅਦਬੀ ਵਾਲੇ ਅਪਸ਼ਬਦ ਕਹੇ। ਸਾਖੀਕਾਰ ਦੱਸਦੇ ਹਨ ਕਿ ਜਦ ਵਲੀ ਕੰਧਾਰੀ ਨੇ ਜ਼ਿਦ ਨਾ ਛੱਡੀ ਤਾਂ ਗੁਰੂ ਨਾਨਕ ਦੇਵ ਜੀ ਨੇ ਇਕ ਪੱਥਰ ਚੁੱਕਿਆ ਜਿਸ ਹੇਠੋਂ ਮਿੱਠੇ ਨਿਰਮਲ ਪਾਣੀ ਦਾ ਚਸ਼ਮਾ ਫੁੱਟਿਆ ਅਤੇ ਦੇਖਦਿਆਂ ਦੇਖਦਿਆਂ ਵਲੀ ਕੰਧਾਰੀ ਵਾਲਾ ਚਸ਼ਮਾ ਪਾਣੀ ਤੋਂ ਖਾਲੀ ਹੋ ਗਿਆ। ਕ੍ਰੋਧਵਾਨ ਵਲੀ ਕੰਧਾਰੀ ਨੇ ਗੁਰੂ ਜੀ ਨੂੰ ਚੋਟ ਪਹੁੰਚਾਉਣ ਵਾਸਤੇ ਇਕ ਵੱਡਾ ਪੱਥਰ ਉਨ੍ਹਾਂ ਵੱਲ ਰੋੜ੍ਹਿਆ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥ ਦੇ ਪੰਜੇ ਨਾਲ ਰੋਕ ਲਿਆ ਅਤੇ ਉਸ ਪੱਥਰ ਉੱਤੇ ਪੰਜੇ ਦਾ ਨਿਸ਼ਾਨ ਪੈ ਗਿਆ। ਸਿੱਖ ਇਤਿਹਾਸਕਾਰਾਂ ਦੀਆਂ ਲਿਖਤਾਂ ਤੋਂ ਬਿਨਾਂ ਮੌਲਵੀ ਬੂਟੇ ਸ਼ਾਹ ਲਿਖਿਤ 'ਤਾਰੀਖ-ਇ-ਪੰਜਾਬ' ਅਤੇ ਸੋਹਨ ਲਾਲ ਸੂਰੀ ਲਿਖਿਤ 'ਉਮਦਾਤੁੱ ਤਵਾਰੀਖ' ਵਿਚ ਇਹ ਸਾਖੀ ਬਿਆਨ ਕੀਤੀ ਮਿਲਦੀ ਹੈ।

ਇਹ ਅਸਥਾਨ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਤੋਂ 40 ਕੁ ਕਿਲੋਮੀਟਰ ਉੱਤਰ ਪੱਛਮ ਵਿਚ ਸਥਿਤ ਹੈ। ਚੌਦਵੀਂ ਪੰਦਰਵੀਂ ਸਦੀ ਵਿਚ ਸਥਾਨ ਦਾ ਨਾਉਂ ਹਰੋ ਸੀ ਅਤੇ ਇਹ ਹਿੰਦੂ, ਬੋਧੀ ਅਤੇ ਇਸਲਾਮ ਧਰਮ ਅਭਿਲੰਬੀਆਂ ਦਾ ਘੁੱਗ ਵਸਦਾ ਨਗਰ ਸੀ। ਪੰਦਰਵੀਂ ਸਦੀ ਵਿਚ ਅਫਗਾਨਿਸਤਾਨ ਤੋਂ ਆਏ ਹਸਨ ਅਬਦਾਲ ਨਾਉਂ ਦੇ ਇਕ ਮੁਸਲਮਾਨ ਫਕੀਰ ਨੇ ਇੱਥੇ ਇਕ ਪਹਾੜੀ, ਜਿੱਥੇ ਨਿਰਮਲ ਪਾਣੀ ਦਾ ਚਸ਼ਮਾ ਵਗਦਾ ਸੀ, ਨੂੰ ਟਿਕਾਣਾ ਬਣਾਇਆ। ਕੰਧਾਰ ਤੋਂ ਆਇਆ ਹੋਣ ਕਾਰਨ ਲੋਕ ਉਸ ਕਰਨੀ ਵਾਲੇ ਫਕੀਰ ਨੂੰ ਵਲੀ ਕੰਧਾਰੀ ਵੀ ਕਹਿੰਦੇ ਸਨ। ਥੋੜ੍ਹੇ ਸਮੇਂ ਵਿਚ ਹੀ ਆਪਣੇ ਸ਼ੁਭ ਗੁਣਾਂ ਕਾਰਨ ਉਸ ਫਕੀਰ ਨੇ ਲੋਕ ਮਨਾਂ ਵਿਚ ਥਾਂ ਮੱਲ ਲਈ ਅਤੇ ਉਸ ਦੇ ਨਾਉਂ ਉੱਤੇ ਹੀ ਕਸਬੇ ਦਾ ਨਾਂ ਪੈ ਗਿਆ। ਉਸ ਦੇ ਅੱਲ੍ਹਾ ਨੂੰ ਪਿਆਰੇ ਹੋ ਜਾਣ ਪਿੱਛੋਂ ਉਸ ਦੇ ਜਾਂਨਸ਼ੀਨ ਗੱਦੀਦਾਰ ਵੀ ਵਲੀ ਕੰਧਾਰੀ ਹੀ ਸੱਦੇ ਜਾਣ ਲੱਗੇ। ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦੇ ਬਾਵਜੂਦ ਸਿੱਖ ਵਸੋਂ ਖੇਤਰ ਤੋਂ ਦੂਰ ਹੋਣ ਕਾਰਨ ਲੰਮਾ ਸਮਾਂ ਇਹ ਸਥਾਨ ਅਣਗੌਲਿਆ ਰਿਹਾ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਫਗਾਨ ਪਠਾਣਾਂ ਨੂੰ ਅਧੀਨ ਕਰਨ ਵਾਸਤੇ ਲਾਹੌਰ ਦਰਬਾਰ ਦੀ ਫੌਜ ਇਸ ਪਾਸੇ ਆਉਣੀ ਸ਼ੁਰੂ ਹੋਈ ਤਾਂ ਇਸ ਸਥਾਨ ਦਾ ਜ਼ਿਕਰ 'ਪੰਜਾ ਸਾਹਿਬ' ਦੇ ਹਵਾਲੇ ਨਾਲ ਹੋਣ ਲੱਗਾ। ਮਹਾਰਾਜਾ ਰਣਜੀਤ ਸਿੰਘ ਨੇ ਪਹਿਲੀ ਵਾਰ 23 ਅਗਸਤ 1818 ਨੂੰ ਇਸ ਸਥਾਨ ਦੀ ਯਾਤਰਾ ਕੀਤੀ ਅਤੇ ਜ਼ਿਲ੍ਹਾ ਅਟਕ ਦਾ ਪਿੰਡ ਖਰਾ ਖੇਲ ਇਸ ਸਥਾਨ ਦੇ ਨਾਉਂ ਲਵਾ ਦਿੱਤਾ। 1823 ਵਿਚ ਸ. ਹਰੀ ਸਿੰਘ ਨਲੂਆ ਅਤੇ ਹੁਕਮ ਸਿੰਘ ਚਿਮਨੀ ਨੇ ਇਸ ਥਾਂ ਇਮਾਰਤ ਬਣਵਾਈ ਅਤੇ ਈਸ਼ਰ ਸਿੰਘ ਨਾਉਂ ਦੇ ਸਿੱਖ ਨੂੰ ਇਸ ਸਥਾਨ ਦੀ ਸਾਂਭ ਸੰਭਾਲ ਲਈ ਨਿਯੁਕਤ ਕੀਤਾ। ਪਿੱਛੋਂ ਸ. ਹਰੀ ਸਿੰਘ ਨਲੂਆ, ਦੀਵਾਨ ਕਿਸ਼ਨ ਕੰਵਰ ਅਤੇ ਸ. ਚਤਰ ਸਿੰਘ ਅਟਾਰੀ ਵਾਲਾ ਨੇ ਗੁਰਦੁਆਰਾ ਇਮਾਰਤ ਦੇ ਨੇੜੇ ਆਪਣੀਆਂ ਬਾਰਾਂਦਰੀਆਂ ਬਣਵਾਈਆਂ। 1836 ਵਿਚ ਦੂਜੀ ਵਾਰ ਮਹਾਰਾਜਾ ਰਣਜੀਤ ਸਿੰਘ ਪੰਜਾ ਸਾਹਿਬ ਆ ਕੇ ਨਤਮਸਤਕ ਹੋਇਆ। ਇਸ ਗੁਰਦੁਆਰੇ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਭਾਈ ਈਸ਼ਰ ਸਿੰਘ ਤੋਂ ਪਿੱਛੋਂ ਉਸ ਦੇ ਵੰਸ਼ਜਾਂ ਕੋਲ ਹੀ ਰਹੀ।

ਵੀਹਵੀਂ ਸਦੀ ਦੇ ਵੀਹਵਿਆਂ ਵਿਚ ਗੁਰਦੁਆਰਾ ਪੰਜਾ ਸਾਹਿਬ ਦੇ ਘਟਨਾਵਾਂ ਕਾਰਨ ਸਿੱਖ ਜਗਤ ਵਿਚ ਚਰਚਾ ਦਾ ਵਿਸ਼ਾ ਬਣਿਆ। 12 ਅਕਤੂਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸਿੱਖ ਸੰਗਤ ਦੇ ਪ੍ਰਤੀਨਿਧ ਭਾਈ ਤੇਜਾ ਸਿੰਘ ਭੁੱਚਰ ਨੂੰ ਜਥੇਦਾਰ ਨਿਯੁਕਤ ਕੀਤਾ ਗਿਆ। ਇਸ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਪਰਿਸਰ ਦੇ ਪ੍ਰਬੰਧ ਨੂੰ ਪੁਰਾਤਨ ਸਿੱਖੀ ਪਰੰਪਰਾਵਾਂ ਅਨੁਸਾਰ ਪੁਨਰ ਸਥਾਪਤ ਕਰਨ ਦੀ ਲੋੜ ਨੂੰ ਮੁੱਖ ਰੱਖਦਿਆਂ ਜਥੇਦਾਰ ਤੇਜਾ ਸਿੰਘ ਚੂਹੜਕਾਣਾ, ਜਥੇਦਾਰ ਕਰਤਾਰ ਸਿੰਘ ਝੱਬਰ ਆਦਿ ਇੱਥੇ ਹੀ ਠਹਿਰੇ ਹੋਏ ਸਨ ਕਿ ਹਸਨ ਅਬਦਾਲ ਦੇ ਇਲਾਕੇ ਦੀ ਸੰਗਤ ਨੇ ਗੁਰਦੁਆਰਾ ਪੰਜਾ ਸਹਿਬ ਦੇ ਮਹੰਤ ਸੰਤ ਸਿੰਘ ਦੀਆਂ ਮਨਮਤੀ ਕਾਰਵਾਈਆਂ ਦੀ ਸ਼ਿਕਾਇਤ ਕੀਤੀ। ਇਸ ਨੂੰ ਸੁਣ ਕੇ ਕਰਤਾਰ ਸਿੰਘ ਝੱਬਰ ਆਪਣੇ ਜਥੇ ਸਮੇਤ ਪੰਜਾ ਸਾਹਿਬ ਪੁੱਜ ਗਿਆ ਅਤੇ ਕਈ ਦਿਨ ਦੀ ਜਦੋਜਹਿਦ ਪਿੱਛੋਂ 20 ਨਵੰਬਰ 1922 ਤੋਂ ਇਸ ਗੁਰਦੁਆਰੇ ਦਾ ਪ੍ਰਬੰਧ ਸਿੱਖ ਸੰਗਤ ਵੱਲੋਂ ਨਾਮਜ਼ਦ ਕਮੇਟੀ ਦੇ ਹੱਥਾਂ ਵਿਚ ਆਇਆ।

**ਗੁਰਦੇਵ ਸਿੰਘ ਸਿੱਧੂ**

ਦੋ ਸਾਲ ਪਿੱਛੋਂ ਪੰਜਾ ਸਾਹਿਬ ਮੁੜ ਸਿੱਖ ਜਗਤ ਵਿਚ ਚਰਚਾ ਦਾ ਵਿਸ਼ਾ ਬਣਿਆ। ਉਦੋਂ 22 ਅਗਸਤ ਤੋਂ ਸ਼ੁਰੂ ਹੋਇਆ ਗੁਰੂ ਕਾ ਬਾਗ ਦਾ ਮੋਰਚਾ ਸਿਖਰ ਉੱਤੇ ਸੀ। ਮੋਰਚੇ ਵਿਚ ਹਿੱਸਾ ਲੈਣ ਵਾਲੇ ਸੱਤਿਆਗ੍ਰਹੀਆਂ ਨੂੰ ਬੇਤਹਾਸ਼ਾ ਜ਼ੁਲਮ ਦਾ ਸ਼ਿਕਾਰ ਬਣਾਏ ਜਾਣ ਦੇ ਬਾਵਜੂਦ ਤਿੰਨ ਹਜ਼ਾਰ ਤੋਂ ਵਧੇਰੇ ਅਕਾਲੀ ਜੇਲ੍ਹਾਂ ਵਿਚ ਪਹੁੰਚ ਗਏ ਸਨ ਅਤੇ ਅਜੇ ਵੀ ਮੋਰਚੇ ਵਿਚ ਗ੍ਰਿਫਤਾਰੀ ਦੇਣ ਲਈ ਆਉਣ ਵਾਲੇ ਅਕਾਲੀਆਂ ਦੀ ਗਿਣਤੀ ਵਿਚ ਕਮੀ ਨਹੀਂ ਸੀ ਆਈ ਅਤੇ ਅਕਾਲੀ ਧੜਾਧੜ ਗੁਰੂ ਕਾ ਬਾਗ ਪਹੁੰਚ ਰਹੇ ਸਨ। ਅਜਿਹੇ ਵਿਚ 25 ਅਕਤੂਬਰ ਨੂੰ ਸੂਬੇਦਾਰ ਅਮਰ ਸਿੰਘ ਧਾਲੀਵਾਲ ਦੀ ਅਗਵਾਈ ਵਿਚ 101 ਸਾਬਕਾ ਫੌਜੀਆਂ ਨੇ ਗ੍ਰਿਫਤਾਰੀ ਦਿੱਤੀ। ਇਸ ਜਥੇ ਨੂੰ ਅੰਮ੍ਰਿਤਸਰ ਲਿਜਾ ਕੇ 27 ਅਕਤੂਬਰ ਨੂੰ ਮੈਜਿਸਟ੍ਰੇਟ ਲਾਲਾ ਅਮਰ ਨਾਥ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਦੋਸ਼ ਹਿੰਦ ਦੰਡਾਵਲੀ ਦੀ ਧਾਰਾ 145 ਅਧੀਨ ਕਿਸੇ ਹੋਰ ਵਿਅਕਤੀ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਸੀ। ਵਡੇਰੀ ਉਮਰ ਦੇ ਕੁਝ ਅਕਾਲੀਆਂ ਨੂੰ ਛੱਡ ਕੇ ਬਾਕੀਆਂ ਨੂੰ ਸਜ਼ਾ ਦਿੱਤੀ ਗਈ ਦੋ ਦੋ ਸਾਲ ਦੀ ਕੈਦ ਬਾ-ਮੁਸ਼ੱਕਤ ਅਤੇ ਸੌ ਸੌ ਰੁਪਏ ਜੁਰਮਾਨਾ, ਜੁਰਮਾਨਾ ਨਾ ਭਰੇ ਜਾਣ ਦੀ ਸੂਰਤ ਵਿਚ ਛੇ ਛੇ ਮਹੀਨੇ ਦੀ ਹੋਰ ਕੈਦ ਸਖਤ ਭੁਗਤਣੀ ਪੈਣੀ ਸੀ। ਸਜ਼ਾ ਸੁਣਾ ਕੇ ਸਾਰੇ ਕੈਦੀਆਂ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਹ ਜੇਲ੍ਹ ਪਹਿਲਾਂ ਹੀ ਕੈਦੀਆਂ ਨਾਲ ਤੁੰਨੀ ਪਈ ਸੀ। ਇਸ ਸਥਿਤੀ ਨੂੰ ਟਾਲਣ ਵਾਸਤੇ ਸਰਕਾਰ ਨੇ ਕੁਝ ਦਿਨ ਪਹਿਲਾਂ ਬੰਦੀਆਂ ਨੂੰ ਵੱਖ ਵੱਖ ਜੇਲ੍ਹਾਂ ਵਿਚ ਭੇਜਣ ਦੀ ਯੋਜਨਾ ਬਣਾ ਕੇ ਇਨ੍ਹਾਂ ਨੂੰ ਰੇਲ ਰਾਹੀਂ ਨਵੇਂ ਟਿਕਾਣਿਆਂ ਉੱਤੇ ਭੇਜਿਆ ਸੀ। ਕੁਝ ਕੈਦੀ ਅਟਕ ਦੇ ਕਿਲ੍ਹੇ ਵਿਚ ਬੰਦ ਕਰਨ ਲਈ ਭੇਜੇ ਗਏ ਸਨ। ਇਸ ਬਾਰੇ ਸਿੱਖ ਸੰਗਤ ਨੂੰ ਸੂਚਨਾ ਮਿਲੀ ਤਾਂ ਉਸ ਨੇ ਰਾਹ ਵਿਚ ਜਿਹਲਮ, ਰਾਵਲਪਿੰਡੀ ਆਦਿ ਸਟੇਸ਼ਨਾਂ ਉੱਤੇ ਗੱਡੀ ਰੁਕਣ ਸਮੇਂ ਅਕਾਲੀ ਬੰਦੀਆਂ ਦੀ ਲੰਗਰ ਪਾਣੀ ਨਾਲ ਸੇਵਾ ਕੀਤੀ। ਸਰਕਾਰ ਲਈ ਅਜਿਹਾ ਦ੍ਰਿਸ਼ ਦੇਖਣਾ ਅਸਹਿਣਸ਼ੀਲ ਸੀ। ਇਸ ਲਈ ਕੈਦੀਆਂ ਦੀ ਅਗਲੀ ਟੋਲੀ ਨੂੰ ਅਟਕ ਭੇਜਣ ਸਮੇਂ ਆਮ ਯਾਤਰੂਆਂ ਵਾਲੀ ਗੱਡੀ ਵਿਚ ਭੇਜਣ ਦੀ ਥਾਂ ਸਪੈਸ਼ਲ ਗੱਡੀ, ਜੋ ਰਸਤੇ ਵਿਚ ਕਿਧਰੇ ਨਾ ਰੁਕੇ, ਵਿਚ ਭੇਜਣ ਦਾ ਫੈਸਲਾ ਹੋਇਆ। ਇਹ ਗੱਡੀ 203 ਕੈਦੀਆਂ, ਜਿਨ੍ਹਾਂ ਵਿਚ ਬਹੁਗਿਣਤੀ ਸਾਬਕਾ ਫੌਜੀਆਂ ਦੀ ਸੀ, ਨੂੰ ਲੈ ਕੇ 29 ਅਕਤੂਬਰ ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋਈ। ਇਹ ਸੂਚਨਾ ਪੰਜਾ ਸਾਹਿਬ ਪਹੁੰਚੀ ਤਾਂ ਉੱਥੋਂ ਦੀ ਸੰਗਤ ਨੇ ਪਿਛਲੇ ਦਿਨੀਂ ਬੰਦੀ ਅਕਾਲੀਆਂ ਨੂੰ ਲੰਗਰ ਨਾ ਛਕਾ ਸਕਣ ਕਾਰਨ ਹੋਏ ਅਫਸੋਸ ਤੋਂ ਮੁਕਤ ਹੋਣ ਲਈ ਇਸ ਵਾਰ ਮੌਕਾ ਨਾ ਖੁੰਝਾਉਣ ਦਾ ਐਲਾਨ ਕਰ ਦਿੱਤਾ। ਲੰਗਰ ਤਾਂ ਵਰਤਾਇਆ ਹੀ ਜਾਣਾ ਸੀ, ਲੋਕ ਵੱਡੇ ਤੜਕੇ ਦੁੱਧ, ਫਲ, ਮਠਿਆਈ ਆਦਿ ਲੈ ਕੇ ਰੇਲਵੇ ਸਟੇਸ਼ਨ ਉੱਤੇ ਪੁੱਜ ਗਏ। ਸਟੇਸ਼ਨ ਮਾਸਟਰ ਨਾਲ ਗੱਲ ਕਰਨ ਉੱਤੇ ਗੱਡੀ ਦੇ ਇਸ ਸਟੇਸ਼ਨ ਉੱਤੇ ਨਾ ਰੁਕਣ ਬਾਰੇ ਜਾਣਕਾਰੀ ਮਿਲੀ ਤਾਂ ਸੰਗਤ ਨੇ ਗਿਣੇ-ਮਿਥੇ ਵਕਤ ਲਈ ਗੱਡੀ ਰੋਕਣ ਦੀ ਬੇਨਤੀ ਕੀਤੀ ਤਾਂ ਜੋ ਰਾਤ ਤੋਂ ਭੁੱਖੇ ਪਿਆਸੇ ਕੈਦੀ ਵੀਰਾਂ ਦੀ ਲੰਗਰ ਪਾਣੀ ਦੀ ਸੇਵਾ ਕੀਤੀ ਜਾ ਸਕੇ। ਸਟੇਸ਼ਨ ਮਾਸਟਰ ਵੱਲੋਂ ਗੱਡੀ ਰੋਕਣ ਤੋਂ ਅਸਮਰੱਥਾ ਪ੍ਰਗਟਾਏ ਜਾਣ ਉੱਤੇ ਸੰਗਤ ਨੇ ਹਰ ਹੀਲੇ ਗੱਡੀ ਰੋਕਣ ਦਾ ਫੈਸਲਾ ਕਰ ਲਿਆ ਭਾਵੇਂ ਅਜਿਹਾ ਕਰਨ ਲਈ ਜਾਨਾਂ ਦੀ ਕੁਰਬਾਨੀ ਵੀ ਕਿਉਂ ਨਾ ਦੇਣੀ ਪਵੇ। ਜਿਉਂ ਹੀ ਮਰਗਲਾ ਦੱਰ੍ਹਾ ਪਾਰ ਕਰਨ ਉੱਤੇ ਗੱਡੀ ਦੇ ਇੰਜਣ ਦਾ ਧੂੰਆਂ ਦਿਖਾਈ ਦਿੱਤਾ, ਸੰਗਤ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਜੈਕਾਰਾ ਗੁੰਜਾਉਂਦੀ ਰੇਲ ਗੱਡੀ ਦੀ ਪਟੜੀ ਉੱਤੇ ਚੌਂਕੜੀ ਮਾਰ ਕੇ ਬੈਠ ਗਈ। ਸਭ ਤੋਂ ਅੱਗੇ ਭਾਈ ਕਰਮ ਸਿੰਘ, ਫਿਰ ਭਾਈ ਪ੍ਰਤਾਪ ਸਿੰਘ ਅਤੇ ਫਿਰ ਹੋਰ ਸੰਗਤ। ਰੇਲ ਦੇ ਡਰਾਈਵਰ ਨੇ ਪਟੜੀ ਉੱਤੇ ਬੰਦੇ ਬੈਠੇ ਦੇਖ ਕੇ ਉਨ੍ਹਾਂ ਨੂੰ ਦੂਰ ਹਟ ਜਾਣ ਦੀ ਸੀਟੀ ਵਜਾਈ, ਇਕ ਵਾਰ, ਦੋ ਵਾਰ ਅਤੇ ਫਿਰ ਲਗਾਤਾਰ ਵੱਜਦੀ ਸੀਟੀ। ਕਿਸੇ ਨੂੰ ਵੀ ਟੱਸ ਤੋਂ ਮੱਸ ਨਾ ਹੋਇਆ ਵੇਖ ਕੇ ਨਿਕਲਣ ਵਾਲੇ ਨਤੀਜੇ ਨੂੰ ਸੋਚਦਿਆਂ ਡਰਾਈਵਰ ਨੂੰ ਕੰਬਣੀ ਛਿੜ ਗਈ ਅਤੇ ਅਭੋਲ ਹੀ ਉਸ ਦੇ ਹੱਥ ਗੱਡੀ ਦੀ ਬ੍ਰੇਕ ਉੱਤੇ ਜਾ ਪਏ, ਪਰ ਉਦੋਂ ਤੱਕ ਦੇਰ ਹੋ ਚੁੱਕੀ ਸੀ। ਰੇਲ ਗੱਡੀ ਹੇਠ ਆ ਕੇ ਅੱਠ ਸਿੰਘ ਜ਼ਖ਼ਮੀ ਹੋ ਚੁੱਕੇ ਸਨ। ਵਧੇਰੇ ਜ਼ਖ਼ਮੀਆਂ ਵਿਚੋਂ ਅਗਲੇ ਦਿਨੀਂ ਪਹਿਲਾਂ ਭਾਈ ਕਰਮ ਸਿੰਘ ਅਤੇ ਫਿਰ ਭਾਈ ਪ੍ਰਤਾਪ ਸਿੰਘ ਸ਼ਹੀਦੀ ਜਾਮ ਪੀ ਗਏ। ਬਾਕੀ ਜ਼ਖ਼ਮੀਆਂ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਸਿੱਖ ਸੰਗਤ ਦੀ ਅਗਵਾਈ ਕਰ ਕੇ ਰੇਲਵੇ ਸਟੇਸ਼ਨ ਉੱਤੇ ਲਿਜਾਣ ਦੇ ਦੋਸ਼ ਵਿਚ ਪੰਜਾ ਸਾਹਿਬ ਗੁਰਦੁਆਰੇ ਦੇ ਸਹਾਇਕ ਮੈਨੇਜਰ ਭਾਈ ਅਵਤਾਰ ਸਿੰਘ ਖਿਲਾਫ ਰੇਲਵੇ ਐਕਟ ਦੀ ਧਾਰਾ 128 ਅਧੀਨ ਮੁਕੱਦਮਾ ਚਲਾਇਆ ਜਿਸ ਵਿਚ ਉਸ ਨੂੰ ਦੋ ਸਾਲ ਕੈਦ ਬਾ-ਮੁਸ਼ੱਕਤ ਸਜ਼ਾ ਸੁਣਾਈ ਗਈ। ਦੇਸ਼ ਵੰਡ ਹੋਣ ਤੱਕ ਇਸ ਸਾਕੇ ਦੀ ਯਾਦ ਵਿਚ ਪੰਜਾ ਸਾਹਿਬ ਗੁਰਦੁਆਰੇ ਵਿਚ ਹਰ ਸਾਲ 14, 15 ਅਤੇ 16 ਕੱਤਕ ਨੂੰ ਜੋੜ ਮੇਲਾ ਕੀਤਾ ਜਾਂਦਾ ਰਿਹਾ।

ਹੋਰਨਾਂ ਧਾਰਮਿਕ-ਰਾਜਸੀ ਘਟਨਾਵਾਂ ਵਾਂਗ ਇਸ ਘਟਨਾ ਨੇ ਵੀ ਪੰਜਾਬੀ ਕਵੀਆਂ ਦੇ ਹਿਰਦੇ ਨੂੰ ਟੁੰਬਿਆ ਅਤੇ ਉਨ੍ਹਾਂ ਨੇ ਇਸ ਘਟਨਾ ਨੂੰ ਰਚਨਾ ਦਾ ਵਿਸ਼ਾ ਬਣਾਇਆ। ਪੰਜਾਬੀ ਕਵੀਆਂ ਸੋਹਨ ਸਿੰਘ 'ਸੀਤਲ', ਦੇਵਾ ਸਿੰਘ 'ਕਿਰਤੀ' ਗੁੱਜਰਾਂਵਾਲੀਆ, ਨਿਧਾਨ ਸਿੰਘ 'ਆਲਮ' ਭੁੱਟੀਵਾਲਾ (ਮੁਕਤਸਰ), ਬਖਸ਼ੀ ਈਸਾਈ ਅੰਮ੍ਰਿਤਸਰ, ਬੂਟਾ ਸਿੰਘ 'ਲੈਹਰੀ', ਮਹਾਂ ਸਿੰਘ ਗੁੜੇ (ਲੁਧਿਆਣਾ) ਆਦਿ ਨੇ ਇਸ ਘਟਨਾ ਨੂੰ ਕਾਵਿ ਰੂਪ ਵਿਚ ਬਿਆਨ ਕੀਤਾ। ਇਹ ਪ੍ਰਸੰਗ ਲਿਖਣ ਵਾਸਤੇ ਕਵੀਆਂ ਨੇ ਰਵਾਇਤੀ ਛੰਦਾਂ ਕਬਿੱਤ, ਕੋਰੜਾ, ਬੈਂਤ ਆਦਿ ਦੀ ਵਰਤੋਂ ਤਾਂ ਕੀਤੀ ਹੀ ਹੈ, ਸੋਹਨ ਸਿੰਘ 'ਸੀਤਲ' ਨੇ ਇਕ ਨਵੇਂ 'ਗੱਡੀ' ਛੰਦ ਦੀ ਸਿਰਜਣਾ ਵੀ ਕੀਤੀ। ਇਹ ਛੰਦ ਇਨ੍ਹਾਂ ਪੰਕਤੀਆਂ ਨਾਲ ਸ਼ੁਰੂ ਹੁੰਦਾ ਸੀ:

**ਗੱਡੀ ਭਰ ਕੇ ਸਪੈਸ਼ਲ ਤੋਰੀ,**
**ਅੰਮ੍ਰਿਤਸਰ ਸ਼ਹਿਰ ਤੋਂ,**
**ਜੀਹਦੇ ਵਿਚ ਸੀ ਪੈਨਸ਼ਨੀ ਸਾਰੇ,**
**ਕੈਦ ਕੀਤੇ ਗੁਰੂ ਬਾਗ ਚੋਂ...**
**ਅਤੇ ਅੰਤ ਦਾ ਤੋੜਾ ਸੀ:**
**ਮੱਲ ਲਈ! ਮੱਲ ਲਈ!!**
**ਖਾਲਸੇ ਨੇ ਰੱਤ ਡੋਲ੍ਹ ਕੇ ਗੱਡੀ ਠੱਲ੍ਹ ਲਈ।**

ਇਕ ਰਾਤ ਦੇ ਭੁੱਖਣ ਭਾਣੇ ਕੁਝ ਸੈਂਕੜੇ ਵਿਅਕਤੀਆਂ ਨੂੰ ਲੰਗਰ ਛਕਾਉਣ ਵਾਸਤੇ ਜਾਨਾਂ ਉੱਤੇ ਖੇਡ ਜਾਣ ਵਾਲੇ ਇਨ੍ਹਾਂ ਮਰਜੀਵੜਿਆਂ ਦੇ ਵਾਰਸ ਅੱਜ ਕਰੋੜਾਂ ਦੇਸ਼ਵਾਸੀਆਂ ਨੂੰ ਪੇਟ ਭਰਨ ਵਾਸਤੇ ਹੱਥਾਂ ਵਿਚ ਠੂਠੇ ਫੜਨ ਲਈ ਮਜਬੂਰ ਕਰਨ ਵਾਲੇ ਤਿੰਨ ਕਾਲੇ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਮੁੜ ਤਲੀਆਂ ਉੱਤੇ ਸਿਰ ਰੱਖੀ ਬੈਠੇ ਹਨ। ਭਾਵੇਂ ਪੰਜਾ ਸਾਹਿਬ ਦੀ ਘਟਨਾ ਵਿਚ ਦੋ ਸ਼ਹੀਦਾਂ ਦਾ ਲਹੂ ਪੀ ਕੇ ਰੇਲ ਇੰਜਣ ਦੀ ਪਿਆਸ ਬੁਝ ਗਈ ਸੀ, ਪਰ ਵਰਤਮਾਨ ਰੱਤ ਪੀਣੇ 'ਇੰਜਣ' ਦੀ ਪਿਆਸ ਬੁਝਾਉਣ ਵਾਸਤੇ ਕਿੰਨੇ ਸੂਰਮਿਆਂ ਨੂੰ ਕੁਰਬਾਨੀ ਦੇਣੀ ਪਵੇਗੀ, ਇਹ ਅਨੁਮਾਨ ਲਾਉਣਾ ਕਠਿਨ ਹੈ।

**ਪੰਜਾ ਸਾਹਿਬ ਦੇ ਸ਼ਹੀਦ**

**ਭਾਈ ਪ੍ਰਤਾਪ ਸਿੰਘ:**
ਅਕਾਲਗੜ੍ਹ ਜ਼ਿਲ੍ਹਾ ਗੁੱਜਰਾਂਵਾਲਾ ਦੇ ਵਸਨੀਕ ਸ. ਸਰੂਪ ਸਿੰਘ ਅਤੇ ਮਾਤਾ ਪ੍ਰੇਮ ਕੌਰ ਦਾ ਪੁੱਤਰ ਪਰਤਾਪ ਸਿੰਘ ਗੱਭਰੂ ਹੋ ਕੇ ਸੈਨਾ ਵਿਚ ਕਲਰਕ ਭਰਤੀ ਹੋ ਗਿਆ। ਨਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਅਕਾਲੀ ਦਲ ਨੇ ਅੰਗਰੇਜ਼ ਸਰਕਾਰ ਪ੍ਰਤੀ ਰੋਸ ਪ੍ਰਗਟਾਵੇ ਵਜੋਂ ਕਾਲੀਆਂ ਪੱਗਾਂ ਬੰਨ੍ਹਣੀਆਂ ਸ਼ੁਰੂ ਕੀਤੀਆਂ ਤਾਂ ਪ੍ਰਤਾਪ ਸਿੰਘ ਵੀ ਕਾਲੀ ਪੱਗ ਬੰਨ੍ਹਣ ਲੱਗ ਪਿਆ। ਸੈਨਿਕ ਅਧਿਕਾਰੀਆਂ ਨੇ ਅਜਿਹਾ ਕਰਨ ਨੂੰ ਸੈਨਿਕ ਜ਼ਬਤ ਦੀ ਉਲੰਘਣਾ ਐਲਾਨਿਆ ਅਤੇ ਪ੍ਰਤਾਪ ਸਿੰਘ ਦਾ ਨਾਂ ਸੈਨਾ ਵਿਚੋਂ ਕੱਟ ਦਿੱਤਾ। ਪਿੱਛੋਂ ਗੁਰਦੁਆਰਾ ਪੰਜਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਉਸ ਨੂੰ ਮੈਨੇਜਰ ਵਜੋਂ ਨਿਯੁਕਤ ਕਰ ਲਿਆ। ਸ਼ਹੀਦ ਹੋਣ ਸਮੇਂ ਉਸ ਦੀ ਉਮਰ 23 ਸਾਲ 7 ਮਹੀਨੇ ਸੀ।

**ਭਾਈ ਕਰਮ ਸਿੰਘ:**
ਭਾਈ ਕਰਮ ਸਿੰਘ ਆਨੰਦਪੁਰ ਦਾ ਵਸਨੀਕ ਸੀ। ਉਸ ਦੇ ਪਿਤਾ ਦਾ ਨਾਂ ਭਾਈ ਭਗਵਾਨ ਸਿੰਘ ਅਤੇ ਮਾਤਾ ਦਾ ਨਾਉਂ ਰੂਪ ਕੌਰ ਸੀ। ਪਿਤਾ ਅਤੇ ਪੁਰਖੇ ਗੁਰਦੁਆਰਾ ਕੇਸਗੜ੍ਹ ਸਾਹਿਬ ਵਿਚ ਸੇਵਾ ਕਰਦੇ ਹੋਣ ਕਾਰਨ ਉਸ ਨੂੰ ਗੁਰੂ ਘਰ ਨਾਲ ਪਿਆਰ ਵਿਰਸੇ ਵਿਚ ਹੀ ਪ੍ਰਾਪਤ ਹੋਇਆ। ਉਹ ਕੁਝ ਦਿਨ ਪਹਿਲਾਂ ਹੀ ਆਪਣੀ ਪਤਨੀ ਸਮੇਤ ਪੰਜਾ ਸਾਹਿਬ ਦੇ ਦਰਸ਼ਨਾਂ ਲਈ ਆਇਆ ਸੀ। ਸ਼ਹੀਦੀ ਸਮੇਂ ਉਸ ਦੀ ਉਮਰ 36 ਸਾਲ ਸਾਢੇ ਨੌਂ ਮਹੀਨੇ ਸੀ।



# ਜ਼ਿੰਦਗੀ ਪ੍ਰਤੀ ਸਾਡਾ ਨਜ਼ਰੀਆ ਕੀ ਹੋਵੇ?



ਗੁਰਚਰਨ ਸਿੰਘ ਨੂਰਪੁਰ

ਆਦਿ-ਜੁਗਾਦਿ ਤੋਂ ਧਰਤੀ ’ਤੇ ਜੀਵਨ ਦਾ ਪ੍ਰਵਾਹ ਚੱਲ ਰਿਹਾ ਹੈ ਤੇ ਚੱਲਦਾ ਰਹੇਗਾ। ਅਸੀਂ ਸਾਰੇ ਇਸ ਕਾਫ਼ਲੇ ਦੇ ਨਾਲ-ਨਾਲ ਚੱਲਣ ਵਾਲੇ ਧਰਤੀ ਦੇ ਯਾਤਰੀ ਹਾਂ, ਜੋ ਇਕ ਸੀਮਤ ਸਮੇਂ ਤੱਕ ਇੱਥੇ ਰਹਿਣ ਲਈ ਆਏ ਹਾਂ ਅਤੇ ਇਕ ਖਾਸ ਸਮੇਂ ਬਾਅਦ ਇੱਥੋਂ ਵਿਦਾ ਹੋ ਜਾਵਾਂਗੇ। ਇਹੋ ਜੀਵਨ ਦੀ ਅਟੱਲ ਸੱਚਾਈ ਹੈ। ਜੀਵਨ ਪ੍ਰਵਾਹ ਦੇ ਨਾਲ ਚੱਲਦਿਆਂ ਤੇ ਵਿਚਰਦਿਆਂ ਸਾਡਾ ਵਿਹਾਰ ਅਜਿਹਾ ਬਣ ਜਾਂਦਾ ਹੈ ਜਿਵੇਂ ਅਸੀਂ ਇਸ ਧਰਤੀ ’ਤੇ ਸਦੀਵੀ ਤੌਰ ’ਤੇ ਰਹਿਣ ਲਈ ਆਏ ਹੋਈਏ, ਪਰ ਸਾਨੂੰ ਹਰ ਪਲ ਜੀਵਨ ਤੇ ਮੌਤ ਬਾਰੇ ਜਾਗਰੂਕ ਰਹਿਣ ਦੀ ਲੋੜ ਹੈ। ਡਾਰਵਿਨ ਅਨੁਸਾਰ ਜੀਵਾਂ ਨੂੰ ਜਿਊਂਦੇ ਰਹਿਣ ਲਈ ਸੰਘਰਸ਼ ਕਰਨਾ ਪੈਂਦਾ ਹੈ, ਜੋ ਇਸ ਸੰਘਰਸ਼ ’ਚੋਂ ਜੇਤੂ ਹੋ ਕੇ ਨਿਕਲਦੇ ਹਨ, ਕੁਦਰਤ ਉਨ੍ਹਾਂ ਨੂੰ ਜੀਵਨ ਦੇ ਮੌਕੇ ਪ੍ਰਦਾਨ ਕਰਦੀ ਹੈ। ਡਾਰਵਿਨ ਨੇ ਇਸ ਨੂੰ ਕੁਦਰਤੀ ਚੋਣ (ਨੇਚੁਰਲ ਸਿਲੈਕਸ਼ਨ) ਦਾ ਨਾਂਅ ਦਿੱਤਾ ਹੈ। ਇਸ ਹਿਸਾਬ ਨਾਲ ਅਸੀਂ ਕੁਦਰਤ ਦੁਆਰਾ ਚੁਣੇ ਹੋਏ ਲੋਕ ਹਾਂ, ਜੋ ਧਰਤੀ ’ਤੇ ਵਿਚਰ ਰਹੇ ਹਾਂ।

ਅਸੀਂ ਜੀਵਨ ਵਿਚ ਵਿਚਰਦਿਆਂ ਧਰਤੀ ’ਤੇ ਬਹੁਤ ਕੁਝ ਅਜਿਹਾ ਕਰਦੇ ਹਾਂ, ਜਿਸ ਨਾਲ ਜੀਵਨ ਦਾ ਵੱਡਾ ਹਿੱਸਾ ਬਰਬਾਦ ਹੀ ਨਹੀਂ ਹੁੰਦਾ, ਸਗੋਂ ਜੀਵਨ ਜਿਊਣ ਦੀ ਕਲਾ ਸਾਡੇ ਕੋਲੋਂ ਗੁਆਚ ਜਾਂਦੀ ਹੈ। ਮੰਨ ਲਓ ਦੋ ਅਨਜਾਣ ਵਿਅਕਤੀਆਂ ਦੇ ਵਾਹਨ ਆਪਸ ਵਿਚ ਟਕਰਾਅ ਜਾਣ ਤਾਂ ਅਜਿਹੀ ਸਥਿਤੀ ਵਿਚ ਇਹ ਦੋਵੇਂ ਇਕ-ਦੂਜੇ ਨੂੰ ਸੰਭਾਲਦੇ ਹੋਏ ਇਕ-ਦੂਜੇ ਤੋਂ ਖਿਮਾ ਮੰਗ ਕੇ ਆਪੋ-ਆਪਣੇ ਘਰ ਚਲੇ ਜਾਣ ਅਤੇ ਆਪਣੇ ਹੋਏ ਛੋਟੇ-ਮੋਟੇ ਨੁਕਸਾਨ ਦੀ ਆਪੇ ਭਰਪਾਈ ਕਰਕੇ ਆਪਣੇ ਜੀਵਨ ਦੇ ਕਾਰ-ਵਿਹਾਰ ਵਿਚ ਲੱਗ ਸਕਦੇ ਹਨ। ਦੂਜੇ ਪਾਸੇ ਕਈ ਵਾਰ ਗਲੀ ਗੁਆਂਢ ਵਿਚ ਹੋਏ ਬੋਲ-ਬੁਲਾਰੇ ਨੂੰ ਲੈ ਕੇ ਕੁਝ ਲੋਕ ਇਕ-ਦੂਜੇ ਨੂੰ ਨੀਵਾਂ ਵਿਖਾਉਣ ਲਈ ਥਾਣਿਆਂ, ਕਚਹਿਰੀਆਂ ਦੇ ਚੱਕਰ ਵਿਚ ਉਲਝ ਕੇ ਇਸ ਲੜਾਈ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲੈਂਦੇ ਹਨ। ਅਜਿਹੀ ਹਾਲਤ ਵਿਚ ਸਾਨੂੰ ਸੋਚਣਾ ਚਾਹੀਦਾ ਹੈ ਕਿ ਸਾਨੂੰ ਆਪਣੇ ਜੀਵਨ ਦੀ ਸਾਰੀ ਸਮਰੱਥਾ ਕਿਸੇ ਇਕ ਬੰਦੇ ਪਿੱਛੇ ਗੁਆਉਣ ਦੀ ਲੋੜ ਨਹੀਂ, ਕਿਉਂਕਿ ਅਸੀਂ ਜੀਵਨ ਵਿਚ ਹੋਰ ਵੀ ਬਹੁਤ ਕੁਝ ਕਰਨਾ ਹੈ। ਅੱਜਕਲ੍ਹ ਸੋਸ਼ਲ ਮੀਡੀਆ ਦੇ ਦੌਰ ਵਿਚ ਕੁਝ ਲੋਕਾਂ ਦੀ ਆਦਤ ਬਣ ਗਈ ਹੈ ਕਿ ਉਹ ਕਿਸੇ ਵਿਸ਼ੇ ਨੂੰ ਲੈ ਕੇ ਆਪਣੇ-ਆਪ ਨੂੰ ਠੀਕ ਸਾਬਤ ਕਰਨ ਲਈ ਕਈ-ਕਈ ਦਿਨ ਬਹਿਸਾਂ ਕਰਦੇ ਰਹਿੰਦੇ ਹਨ ਅਤੇ ਅਜਿਹੀਆਂ ਬਹਿਸਾਂ ਵਿਚ ਹੋਰ ਲੋਕ ਵੀ ਸ਼ਾਮਿਲ ਹੁੰਦੇ ਜਾਂਦੇ ਹਨ। ਕਈ ਵਾਰ ਇਹ ਬਹਿਸਾਂ ਇਕ-ਦੂਜੇ ’ਤੇ ਨਿੱਜੀ ਹਮਲਿਆਂ ਵਿਚ ਬਦਲ ਜਾਂਦੀਆਂ ਹਨ ਤਾਂ ਵੱਖਰੀ ਸੋਚ ਰੱਖਣ ਵਾਲੇ ਲੋਕ ਵੀ ਅਜਿਹੇ ਕੁਮੈਂਟ ਕਰਨ ਲੱਗਦੇ ਹਨ, ਜੋ ਕਿਸੇ ਵੀ ਹਾਲਤ ਵਿਚ ਜਾਇਜ਼ ਨਹੀਂ ਹੁੰਦੇ।

ਹਰ ਦੌਰ ਵਿਚ ਦੁਨੀਆ ਦੇ ਵੱਡੀ ਗਿਣਤੀ ਲੋਕ ਜੀਵਨ ਦੀ ਮਹੱਤਤਾ ਨੂੰ ਭੁੱਲ ਕੇ ਸੰਤਾਪ ਭੋਗਦੇ ਹਨ, ਕਿਉਂਕਿ ਅਜਿਹੇ ਲੋਕ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਬਿਨਾਂ ਵਜ ?ਹਾ ਲੜਾਈਆਂ- ਝਗੜੇ ਕਰਕੇ ਥਾਣਿਆਂ, ਅਦਾਲਤਾਂ, ਜੇਲ੍ਹਾਂ ਦੇ ਚੱਕਰਾਂ ਵਿਚ ਉਲਝੇ ਰਹਿੰਦੇ ਹਨ। ਕੋਈ ਦਿਖਾਵੇ ਦੇ ਮਾਣ-ਸਨਮਾਨ ਲਈ ਤਰਲੋਮੱਛੀ ਹੋਇਆ ਆਪਣੀ ਹੈਸੀਅਤ ਤੋਂ ਵੱਧ ਖਰਚ ਕਰਦਾ ਹੈ, ਆਪਣੀ ਅਮੀਰੀ ਦੇ ਵਿਖਾਵੇ ਲਈ ਕਰਜ਼ਾ ਚੁੱਕ ਕੇ ਮਹਿੰਗੇ ਵਿਆਹ ਕਰਨੇ, ਕਾਰਾਂ ਤੇ ਕੋਠੀਆਂ ਨਾਲ ਆਪਣੀ ਚੌਧਰ ਬਣਾਉਣ ਲਈ ਹਰ ਹੀਲਾ ਵਰਤਣਾ ਆਦਿ ਅਜਿਹੀਆਂ ਪ੍ਰਵਿਰਤੀਆਂ ਹਨ, ਜੋ ਪਿਛਲੇ ਕੁਝ ਅਰਸੇ ਤੋਂ ਪੰਜਾਬੀ ਸਮਾਜ ਵਿਚ ਬਹੁਤ ਵਧੀਆਂ ਹਨ। ਦਰਅਸਲ ਜਦੋਂ ਅਸੀਂ ਆਪਣੇ ਜੀਵਨ ਮੁੱਲਾਂ ਨੂੰ ਦੂਜਿਆਂ ਅਨੁਸਾਰ ਮਿਣਨ ਲੱਗਦੇ ਹਾਂ ਤਾਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਸ਼ਿਕਾਰ ਬਣ ਜਾਂਦੇ ਹਾਂ। ਸਾਡਾ ਵਿਹਾਰ ਅਜਿਹਾ ਬਣ ਜਾਂਦਾ ਹੈ, ਜਿਵੇਂ ਕਿ ਇਹ ਜੀਵਨ ਕੁਝ ਕੁ ਲੋਕਾਂ ਜੋ ਸਾਡੇ ਆਸ-ਪਾਸ, ਪਿੰਡ, ਗਲੀ-ਮੁਹੱਲੇ, ਵਾਕਫਕਾਰਾਂ ਅਤੇ ਰਿਸ਼ਤੇਦਾਰਾਂ ਦੇ ਵਿਖਾਉਣ ਲਈ ਹੀ ਹੋਵੇ ਅਤੇ ਉਨ੍ਹਾਂ ਵਿਚ ਅਸੀਂ ਹਰ ਹਾਲਤ ’ਚ ਆਪਣਾ ਦਬਦਬਾ ਬਣਾ ਕੇ ਰੱਖਣਾ ਚਾਹੁੰਦੇ ਹੋਈਏ। ਸਾਨੂੰ ਅਜਿਹੀ ਮਾਨਸਿਕਤਾ ਤੋਂ ਬਚਦਿਆਂ ਸਮਝਣਾ ਚਾਹੀਦਾ ਹੈ ਕਿ ਇਸ ਧਰਤੀ ’ਤੇ ਪੈਦਾ ਹੋਇਆ ਹਰ ਮਨੁੱਖ ਆਪਣੇ-ਆਪ ਵਿਚ ਵਿਲੱਖਣ ਹੈ। ਹੋਰਾਂ ਨੂੰ ਡਰਾਉਣ, ਧਮਕਾਉਣ, ਦੁਸ਼ਮਣੀ, ਈਰਖਾ ਤੇ ਨੀਵਾਂ ਵਿਖਾਉਣ ਦੀ ਕੋਸ਼ਿਸ਼ ਜ਼ਿਆਦਾਤਰ ਸਾਡਾ ਹੀ ਨੁਕਸਾਨ ਕਰਦੀ ਹੈ। ਸਾਡਾ ਜੀਵਨ ਇਸ ਲਈ ਅਣਮੁੱਲਾ ਹੈ, ਕਿਉਂਕਿ ਇਹ ਸੀਮਤ ਹੈ। ਇਹ ਕਿਸੇ ਇਕ ਵਿਅਕਤੀ ਨਾਲ ਉਲਝਣ ਲਈ ਨਹੀਂ ਹੈ।

ਦੁਨੀਆ ਭਰ ਦੇ ਵਿਦਵਾਨਾਂ ਦਾ ਮੰਨਣਾ ਹੈ ਕਿ ਜੀਵਨ ਦਾ ਆਪਣੇ-ਆਪ ਵਿਚ ਕੋਈ ਮਨੋਰਥ ਨਹੀਂ ਹੁੰਦਾ। ਇਹ ਮਨੋਰਥ ਮਨੁੱਖ ਨੂੰ ਆਪ ਘੜਨਾ ਪੈਂਦਾ ਹੈ। ਜੇਕਰ ਆਪਣੇ ਜੀਵਨ ਦੇ ਮਨੋਰਥ ਨੂੰ ਮਨੁੱਖ ਆਪਣੀਆਂ ਰੁਚੀਆਂ ਅਨੁਸਾਰ ਢਾਲ ਲਵੇ ਤਾਂ ਇਹ ਸੋਨੇ ’ਤੇ ਸੁਹਾਗੇ ਵਰਗੀ ਗੱਲ ਹੋ ਨਿਬੜਦੀ ਹੈ। ਆਪਣੇ ਜੀਵਨ ਦੀ ਰੁਚੀ ਦੀ ਤਲਾਸ਼ ਕਰਨ ਨੂੰ ਜਪਾਨ ਦੇ ਲੋਕ ’ਇਕਾਗਾਈ’ ਆਖਦੇ ਹਨ। ਇਕਾਗਾਈ ’ਤੇ ਬਹੁਤ ਸਾਰਾ ਜਪਾਨੀ ਸਾਹਿਤ ਲਿਖਿਆ ਗਿਆ ਹੈ, ਜਿਸ ਨੂੰ ਪੜ੍ਹ ਕੇ ਅਸੀਂ ਇਸ ਵਿਸ਼ੇ ਦੀ ਮਹੱਤਤਾ ਨੂੰ ਸਮਝ ਸਕਦੇ ਹਾਂ। ਹੁਣ ਤਾਂ ਪੰਜਾਬੀ ਭਾਸ਼ਾ ਵਿਚ ਵੀ ਇਕਾਗਾਈ ਸੰਬੰਧੀ ਕਿਤਾਬਾਂ ਪ੍ਰਕਾਸ਼ਿਤ ਹੋ ਗਈਆਂ ਹਨ। ਇਕਾਗਾਈ ਦਾ ਅਰਥ ਹੈ ਕਿ ਹਰ ਬੰਦੇ ਦੀ ਕਿਸੇ ਨਾ ਕਿਸੇ ਚੀਜ਼ ਵਿਚ ਡੂੰਘੀ ਰੁਚੀ ਹੁੰਦੀ ਹੈ, ਜਿਸ ਬਾਰੇ ਉਸ ਨੂੰ ਵੀ ਪਤਾ ਨਹੀਂ ਹੁੰਦਾ। ਕਿਸੇ ਨੂੰ ਰੁੱਖ ਜਾਂ ਫੁੱਲ ਬੂਟੇ ਲਾਉਣ, ਕਿਸੇ ਨੂੰ ਲਿਖਣ, ਕਿਸੇ ਨੂੰ ਪੜ੍ਹਨ, ਕਿਸੇ ਨੂੰ ਚਿੱਤਰਕਾਰੀ, ਕਿਸੇ ਨੂੰ ਗਾਉਣ, ਐਕਟਿੰਗ ਕਰਨ, ਕਿਸੇ ਨੂੰ ਖਾਣਾ ਬਣਾਉਣ ਜਾਂ ਡਰਾਈਵਿੰਗ ਕਰਨ ਵਿਚ ਇੰਨੀ ਦਿਲਚਸਪੀ ਹੁੰਦੀ ਹੈ ਕਿ ਇਨ੍ਹਾਂ ਕੰਮਾਂ ਨੂੰ ਕਰਦਿਆਂ ਉਹ ਇਨ੍ਹਾਂ ਵਿਚ ਅਜਿਹੇ ਲੀਨ ਹੋ ਜਾਂਦੇ ਹਨ, ਜਿਸ ਨਾਲ ਮਨ ਸ਼ਾਂਤੀ ਤੇ ਅਨੰਦ ਦਾ ਅਨੁਭਵ ਕਰਦਾ ਹੈ। ਇਹ ਉਨ੍ਹਾਂ ਦੀ ਇਕਾਗਾਈ ਹੁੰਦੀ ਹੈ। ਕਈ ਵਾਰ ਬੰਦੇ ਦੀ ਪੂਰੀ ਜ਼ਿੰਦਗੀ ਬੀਤ ਜਾਂਦੀ ਹੈ ਪਰ ਉਸ ਨੂੰ ਆਪਣੀ ਰੁਚੀ ਦੀ ਸਮਝ ਨਹੀਂ ਪੈਂਦੀ। ਕੁਝ ਵੀ ਲਿਖਣ ਤੋਂ ਬਾਅਦ ਮੇਰਾ ਮਨ ਬੜੀ ਤਸੱਲੀ ਤੇ ਅਨੰਦ ਮਹਿਸੂਸ ਕਰਦਾ ਹੈ, ਇਸ ਸੱਚਾਈ ਦਾ ਮੈਨੂੰ 45 ਸਾਲ ਦੀ ਉਮਰ ਤੱਕ ਖ਼ੁਦ ਪਤਾ ਨਹੀਂ ਸੀ। ਜਦੋਂ ਅਸੀਂ ਆਪਣੇ ’ਇਕਾਗਾਈ’ ਲੱਭ ਲਈਏ ਤਾਂ ਸਾਨੂੰ ਉਹੀ ਕੰਮ ਕਰਨਾ ਚਾਹੀਦਾ ਹੈ।

ਦੁਨੀਆ ਦੇ ਵੱਡੇ ਫਿਲਾਸਫਰ ਪਲੈਟੋ ਅਨੁਸਾਰ ਜੀਵਨ ਦਾ ਉਦੇਸ਼ ਨੈਤਿਕ ਆਚਾਰ, ਗਿਆਨ ਤੇ ਸੱਚਾਈ ਦੀ ਨਿਰੰਤਰ ਖੋਜ ਕਰਦੇ ਰਹਿਣ ਵਿਚ ਹੈ, ਜੋ ਮਨੁੱਖ ਨੂੰ ਗਿਆਨਵਾਨ ਅਵਸਥਾ ਤੱਕ ਲੈ ਕੇ ਜਾਵੇ। ਇਸੇ ਤਰ੍ਹਾਂ ਆਧੁਨਿਕ ਵਿਚਾਰਕ ਇਮੈਨੁਅਲ ਕਾਂਟ ਆਖਦਾ ਹੈ ਮਨੁੱਖ ਨੂੰ ਅਜਿਹਾ ਕੰਮ ਕਰਨਾ ਚਾਹੀਦਾ ਹੈ, ਜੋ ਜਗਤ ਲਈ ਜਨਤਕ ਤੌਰ ’ਤੇ ਮਾਣ ਕਰਨ ਯੋਗ ਹੋਵੇ ਤੇ ਮਾਨਵਤਾ ਇਸ ’ਤੇ ਮਾਣ ਤੇ ਫ਼ਖ਼ਰ ਮਹਿਸੂਸ ਕਰ ਸਕੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਵਿਚਾਰ ਮਹੱਤਵਪੂਰਨ ਹਨ। ਉਹ ਪੁਰਾਤਨ ਰੂੜ੍ਹੀਵਾਦੀ ਕਰਮਕਾਂਡਾਂ ਨੂੰ ਛੱਡ ਕੇ ਨਿਮਰਤਾ ਨਾਲ ਸੱਚੀ-ਸੁੱਚੀ ਕਿਰਤ ਕਰਨ ਤੇ ਵੰਡ ਛਕਣ ਨੂੰ ਤਰਜੀਹ ਦਿੰਦੇ ਹਨ। ਉਹ ਕੁਦਰਤ ਦੇ ਇਸ ਪਸਾਰੇ ਵਿਚ ਵਿਚਰਦਿਆਂ ਮਨੁੱਖ ਨੂੰ ਕੁਦਰਤ ਦਾ ਸਤਿਕਾਰ ਕਰਨ ਦੀ ਵੀ ਤਾਕੀਦ ਕਰਦੇ ਹਨ। ਫ ?ਰੈਡਰਿਕ ਨੀਤਸ਼ੇ ਨੇ ਆਪਣੀ ਕਿਤਾਬ ’ਗਾਡ ਇਜ ਡੈੱਡ’ ਵਿਚ ਲਿਖਿਆ ਹੈ:- ਪੁਰਾਣੀਆਂ ਰੂੜੀਵਾਦੀਆਂ ਘੜੀਆਂ-ਘੜਾਈਆਂ ਧਾਰਨਾਵਾਂ ਮਨੁੱਖ ਨੂੰ ਉਸ ਦੀ ਅਸਲ ਸ਼ਕਤੀ ਨਾਲ ਵਾਕਫ ਨਹੀਂ ਹੋਣ ਦਿੰਦੀਆਂ। ਉਸ ਨੇ ਮਨੁੱਖ ਨੂੰ ਮਹਾਂਮਾਨਵ ਦਾ ਸੰਕਲਪ ਦਿੱਤਾ, ਜੋ ਆਪਣੇ ਬਲਬੂਤੇ ’ਤੇ ਜੀਵਨ ਨੂੰ ਸੰਘਰਸ਼ ਤੇ ਸਿਰਜਣਾਤਮਿਕਤਾ ਨਾਲ ਜਿਊਂਦਾ ਹੈ। ਨੀਤਸ਼ੇ ਲਈ ਜੀਵਨ ਦਾ ਮਕਸਦ ਦੁੱਖਾਂ, ਸੰਕਟਾਂ ਦੇ ਬਾਵਜੂਦ ਸੰਘਰਸ਼ ਕਰਦਿਆਂ ਰਚਨਾਤਮਿਕ ਵਿਕਾਸ ਕਰਨਾ ਹੈ। ਅਸੀਂ ਆਪਣੇ ਜੀਵਨ ਦੌਰਾਨ ਜਿੰਨਾ ਸਮਾਂ ਇਸ ਕਾਫ਼ਲੇ ਦੇ ਗਵਾਹ ਬਣੇ ਹਾਂ, ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਾਡੇ ਤੋਂ ਕਦੇ ਵੀ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਅਸੀਂ ਇਸ ਧਰਤੀ ’ਤੇ ਜੀਵਨ ਦੇ ਇਸ ਕਾਫ਼ਲੇ ਨਾਲ ਵਿਚਰਦਿਆਂ ਕੁਝ ਅਜਿਹੀਆਂ ਪਿਰਤਾਂ ਪਾਈਏ ਕਿ ਸਾਡੀ ਇੱਥੇ ਹਾਜ਼ਰੀ ਸਾਰਥਕ ਹੋਵੇ। ਅਸੀਂ ਆਪਣੇ ਜੀਵਨ ਨੂੰ ਸਮਝਦਿਆਂ-ਜਾਣਦਿਆਂ ਕੁਝ ਅਜਿਹਾ ਕਰਨ ਦੀ ਕੋਸ਼ਿਸ਼ ਕਰੀਏ, ਜੋ ਸਮੁੱਚੀ ਮਾਨਵਤਾ ਲਈ ਫ਼ਖ਼ਰ ਕਰਨ ਯੋਗ ਹੋਵੇ। ਅਜਿਹਾ ਅਸੀਂ ਇਕ ਦਰੱਖਤ ਲਗਾ ਕੇ ਵੀ ਕਰ ਸਕਦੇ ਹਾਂ, ਕਿਸੇ ਗਰੀਬ ਦੀ ਮਦਦ ਕਰਕੇ ਵੀ ਕਰ ਸਕਦੇ ਹਾਂ, ਇਕੋ ਨਿਤਾਣੇ ਬੰਦੇ ਦਾ ਇਲਾਜ ਕਰਵਾ ਕੇ ਵੀ ਕਰ ਸਕਦੇ ਹਾਂ, ਕਿਸੇ ਬੱਚੇ ਨੂੰ ਪੜ੍ਹਾਈ ਵਿਚ ਉਸ ਦੀ ਮਦਦ ਕਰਕੇ ਵੀ ਕਰ ਸਕਦੇ ਹਾਂ। ਸਾਡੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਅਸੀਂ ਇਸ ਧਰਤੀ ’ਤੇ ਕੁਝ ਸਮੇਂ ਲਈ ਆਏ ਹਾਂ ਤਾਂ ਹਰ ਸਮੇਂ ਕੁਝ ਨਾ ਕੁਝ ਚੰਗਾ ਕਰ, ਸਿਰਜ ਕੇ ਜਾਈਏ। ਜੀਵਨ ਦਾ ਅਨੰਦ ਮਾਨਣ ਲਈ ਰੁੱਖਾਂ, ਪੰਛੀਆਂ ਫੁੱਲਾਂ ਬੂਟਿਆਂ ਨਾਲ ਦੋਸਤੀ ਕਰੀਏ, ਅੰਬਰ ਨੂੰ ਨਿਹਾਰਨਾ ਸਿੱਖੀਏ, ਉਸ ਮਿੱਟੀ ਦੇ ਸ਼ੁਕਰਗੁਜ਼ਾਰ ਹੋਈਏ, ਜੋ ਸਾਡੇ ਲਈ ਅੰਨ ਪੈਦਾ ਕਰਦੀ ਹੈ। ਮਨੁੱਖੀ ਸੱਭਿਅਤਾ ਦੌਰਾਨ ਧਰਤੀ ਦੇ ਉਨ੍ਹਾਂ ਸਭ ਲੋਕਾਂ, ਜਿਨ੍ਹਾਂ ਨੇ ਜੀਵਨ ਨੂੰ ਚੰਗਾ ਬਣਾਉਣ ਵਿਚ ਆਪਣਾ ਹੁਣ ਤੱਕ ਯੋਗਦਾਨ ਦਿੱਤਾ ਹੈ ਉਨ੍ਹਾਂ ਦਾ ਧੰਨਵਾਦ ਕਰਨਾ ਸਿੱਖੀਏ। ਆਪਣੇ ਜੀਵਨ ਦੌਰਾਨ ਅਸੀਂ ਇਹ ਕੋਸ਼ਿਸ਼ ਕਰੀਏ ਕਿ ਧਰਤੀ ’ਤੇ ਭਵਿੱਖ ਵਿਚ ਜੀਵਨ ਪਹਿਲਾਂ ਨਾਲ ਵੀ ਵੱਧ ਸਫ਼ਲਤਾ ਨਾਲ ਵਿਗਸਦਾ ਮੌਲਦਾ ਤੇ ਪ੍ਰਫੁੱਲਿਤ ਹੁੰਦਾ ਰਹੇ।






# ਮਾਤ-ਭਾਸ਼ਾ 'ਚ ਸਿੱਖਿਆ ਕਿਉਂ ਜ਼ਰੂਰੀ?




ਦੋਸਤੋ ਜਦੋਂ ਤੱਕ ਸਾਡੇ ਜੀਵਨ ਦਾ ਕੋਈ ਉਦੇਸ਼ ਨਹੀਂ ਹੋਵੇਗਾ ਉਦੋਂ ਤੱਕ ਅਸੀਂ ਆਪਣੇ ਜੀਵਨ ਦਾ ਨਿਸ਼ਾਨਾ ਵੀ ਹਾਸਲ ਨਹੀਂ ਕਰ ਸਕਦੇ। ਅੱਜ ਦਾ ਬੱਚਾ ਹੋਵੇ ਜਾਂ ਨੌਜਵਾਨ ਉਸ ਨੇ ਆਪਣੇ ਜੀਵਨ ਦਾ ਕੋਈ ਟੀਚਾ ਹੀ ਨਿਰਧਾਰਤ ਨਹੀਂ ਕੀਤਾ ਹੁੰਦਾ। ਜਿਸ ਕਰਕੇ ਫੇਰ ਉਸ ਨੂੰ ਜੀਵਨ ਵਿੱਚ ਸਫ਼ਲਤਾ ਵੀ ਨਹੀਂ ਮਿਲਦੀ।

ਇਸ ਲਈ ਸਾਨੂੰ ਸਿੱਖਿਆ ਦੇ ਖੇਤਰ ਵਿੱਚ ਆਪਣੇ ਉਦੇਸ਼ ਨਿਰਧਾਰਤ ਕਰਨੇ ਪੈਣਗੇ। ਇਹ ਇਸ ਕਰਕੇ ਜ਼ਰੂਰੀ ਹੈ ਕਿ ਵਿਦਿਆਰਥੀਆਂ ਦੀ ਸਫ਼ਲਤਾ ਉਸਦੇ ਪੂਰਵ ਨਿਰਧਾਰਤ ਕੀਤੇ ਗਏ ਉਦੇਸ਼ ਤੇ ਨਿਰਭਰ ਕਰਦੀ ਹੈ। ਜੇਕਰ ਗੱਲ ਕਰੀਏ ਮਾਤ ਭਾਸ਼ਾ ਦੇ ਸਿੱਖਿਆ ਦੇ ਉਦੇਸ਼ਾਂ ਬਾਰੇ ਤਾਂ ਇਸ ਦਾ ਮੂਲ ਉਦੇਸ਼ ਬੱਚਿਆਂ ਦੀ ਜਾਣਕਾਰੀ ਵਿੱਚ ਵਾਧਾ ਕਰਨਾ ਹੁੰਦਾ ਹੈ। ਉਹਨਾਂ ਦੇ ਵਿਚਾਰਾਂ ਦੇ ਪ੍ਰਗਟਾਅ ਵਿੱਚ ਵਾਧਾ ਲਿਆਉਣਾ। ਉਹਨਾਂ ਵਿੱਚ ਪੜ੍ਹਨ ਦੀ ਰੁਚੀ ਨੂੰ ਜਾਗ੍ਰਿਤ ਕਰਨ ਦੇ ਨਾਲ-ਨਾਲ ਭਾਸ਼ਾ ਯੋਗਤਾ ਵਧਾਉਣਾ।

ਮਾਤ-ਭਾਸ਼ਾ ਦੀ ਸਿੱਖਿਆ ਰਾਹੀਂ ਬੱਚਿਆਂ ਨੂੰ ਭਾਸ਼ਾ ਸਮਝਣਯੋਗ ਬਣਾਉਣਾ ਤੇ ਲਿਖਤੀ ਭਾਸ਼ਾ ਨੂੰ ਪੜ੍ਹ ਸਕਣ ਦੀ ਯੋਗਤਾ ਵਿੱਚ ਵਾਧਾ ਕਰਨਾ ਹੈ। ਇਸ ਤੋਂ ਇਲਾਵਾ ਵਿਚਾਰਾਂ ਦੇ ਪ੍ਰਗਟਾਵੇ ਨੂੰ ਵਿਸਤਾਰ ਰੂਪ ਦੇਣਾ ਤੇ ਉਹਨਾਂ ਦੀ ਮੌਲਿਕ ਭਾਵਨਾਵਾਂ ਨੂੰ ਲਿਖ ਕੇ ਬੋਲ ਕੇ ਪ੍ਰਗਟਾਉਣ ਵਿੱਚ ਸਮਰੱਥਵਾਨ ਬਣਾਉਣਾ ਸ਼ਾਮਲ ਹੈ।

ਜੇਕਰ ਵੇਖਿਆ ਜਾਵੇ ਤਾਂ ਹਰੇਕ ਵਿਅਕਤੀ ਦੇ ਵਿਚਾਰ ਉਸ ਦੀ ਨਿੱਜੀ ਸੋਚ ਦੀ ਉਪਜ ਹਨ ਜਾਂ ਫੇਰ ਉਸ ਵੱਲੋਂ ਆਪਣੇ ਆਲੇ-ਦੁਆਲੇ ਤੋਂ ਗ੍ਰਹਿਣ ਕੀਤੇ ਹੋਏ। ਮਨੁੱਖ ਸਮਾਜਕ ਜੀਵ ਹੁੰਦਾ ਹੋਇਆ ਵੀ ਆਪਣੇ ਵਿਚਾਰਾਂ ਨੂੰ ਹੋਰਨਾਂ ਨਾਲ ਸਾਂਝਾ ਕਰਨਾ ਚਾਹੁੰਦਾ ਹੈ ਤੇ ਉਸ ਦੀ ਇਸ ਲੋੜ ਨੂੰ ਮਾਤ-ਭਾਸ਼ਾ ਸਹਿਜੇ ਹੀ ਪੂਰਾ ਕਰ ਦਿੰਦੀ ਹੈ। ਬੱਚੇ ਨੂੰ ਬੋਲਚਾਲ ਰਾਹੀਂ ਤੇ ਲਿਖਤ ਰਾਹੀਂ ਇਹਨਾਂ ਦੋਨਾਂ ਸਾਧਨਾਂ ਨਾਲ ਨਿਪੁੰਨਤਾ ਹਾਸਲ ਹੁੰਦੀ ਹੈ। ਉਹ ਜੋ ਕੁੱਝ ਵੀ ਕਹਿਣਾ ਚਾਹੁੰਦਾ ਹੈ ਸੌਖੀ, ਸਰਲ ਤੇ ਸ਼ੁੱਧ ਭਾਸ਼ਾ ਨੂੰ ਬੇਬਾਕ ਹੋ ਕੇ ਪ੍ਰਗਟ ਕਰ ਸਕਦਾ ਹੈ। ਇਹ ਹੀ ਉਸ ਦੀ ਸਵੈ-ਪੇਸ਼ਕਾਰੀ ਦੀ ਕਲਾ ਹੈ। ਮਾਤ ਭਾਸ਼ਾ ਸਿਖਿਆ ਦਾ ਮਾਧਿਅਮ ਬਣਨ ਨਾਲ ਸਵੈ ਪ੍ਰਗਟਾਅ ਦੀ ਜਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਹੁਣ ਬੱਚੇ ਦੇ ਭਾਸ਼ਾ ਪ੍ਰਗਟਾਅ ਦੀ ਯੋਗਤਾ ਨੂੰ ਏਨਾਂ ਵਿਕਸਤ ਕਰਨ ਦੀ ਜ਼ਰੂਰਤ ਹੈ ਕਿ ਉਹ ਹਰੇਕ ਗਿਆਨ ਖੇਤਰ ਵਿੱਚ ਨਾਮਨਾ ਖੱਟ ਸਕੇ। ਬੱਚੇ ਨੂੰ ਇਸ ਯੋਗ ਵੀ ਬਣਾਉਣਾ ਹੈ ਕਿ ਉਹ ਪੰਜਾਬੀ ਦੇ ਵੱਖ-ਵੱਖ ਉਪ-ਭਾਸ਼ਾਈ ਰੂਪਾਂ ਨੂੰ ਪਛਾਣ ਅਤੇ ਸਮਝ ਸਕੇ।

ਮਾਤ-ਭਾਸ਼ਾ ਦੀ ਸਿੱਖਿਆ ਦੇ ਨਾਲ ਬੱਚੇ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ। ਵਿਦਿਆਰਥੀ ਨੂੰ ਮਾਤ ਭਾਸ਼ਾ ਰਾਹੀਂ ਦਿੱਤਾ ਗਿਆ ਗਿਆਨ ਭੂਗੋਲ ਜਾਂ ਇਤਿਹਾਸ ਦੀ ਪਛਾਣ ਵਾਂਗੂੰ ਸਿਰਫ਼ ਘਟਨਾਵੀ ਗਿਆਨ ਨਹੀਂ ਹੋਵੇਗਾ ਸਗੋਂ ਵਧੇਰੇ ਡੂੰਘੇਰਾ ਸਾਬਤ ਹੋਵੇਗਾ।

ਸਕੂਲ ਵਿੱਚ ਪੜ੍ਹਨ ਵਾਲੇ ਬੱਚੇ ਨੂੰ ਮਾਤ-ਭਾਸ਼ਾ ਦੀ ਲਿਪੀ ਨਾਲ ਜਾਣ-ਪਛਾਣ ਕਰਾਕੇ ਉਸ ਨੂੰ ਪੜ੍ਹਨ ਦੀ ਜਾਚ ਸਿਖਾਉਣੀ ਮਾਤ-ਭਾਸ਼ਾ ਅਧਿਆਪਕ ਦਾ ਮੁੱਢਲਾ ਫਰਜ਼ ਹੈ। ਮਾਤ-ਭਾਸ਼ਾ ਅਧਿਆਪਕ ਦਾ ਬਹੁਤ ਵੱਡਾ ਰੋਲ ਹੁੰਦਾ ਹੈ ਜਦੋਂ ਉਹ ਬੱਚਿਆਂ ਵਿੱਚ ਪੜ੍ਹਨ ਦੀ ਰੁਚੀਆਂ ਨੂੰ ਉਤੇਜਿਤ ਕਰਦਾ ਹੈ ਤੇ ਉਹਨਾਂ ਨੂੰ ਲੋੜੀਂਦਾ ਵਾਤਾਵਰਨ ਮੁਹੱਈਆ ਕਰਾਉਂਦਾ ਹੈ। ਮਾਤ-ਭਾਸ਼ਾ ਰਾਹੀਂ ਬੱਚਿਆਂ ਦੀ ਬੋਲੀ ਯੋਗਤਾ ਵਿੱਚ



ਪ੍ਰਕਾਸ਼ ਸਿੰਘ ਗਿੱਲ
9212632234


ਵੀ ਵਾਧਾ ਹੁੰਦਾ ਹੈ। ਉਸ ਦੇ ਸ਼ਬਦ-ਭੰਡਾਰ ਵਿੱਚ ਨਿੱਤ ਨਵੇਂ ਸ਼ਬਦ ਜੁੜਦੇ ਹਨ। ਜ਼ਰੂਰਤ ਹੈ ਮਾਤ ਭਾਸ਼ਾ ਨੂੰ ਦੂਜੇ ਵਿਸ਼ਿਆਂ ਦੀ ਸਿੱਖਿਆ ਦਾ ਮਾਧਿਅਮ ਬਣਾਇਆ ਜਾਵੇ।

ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਮਾਤ-ਭਾਸ਼ਾ ਦੀ ਸਿੱਖਿਆ ਹੀ ਬੱਚਿਆਂ ਵਿੱਚ ਸੋਚਣ ਦੀ ਆਦਤ ਪਾਉਂਦੀ ਹੈ ਤੇ ਉਹਨਾਂ ਦੇ ਵਿਚਾਰਾਂ ਵਿੱਚ ਸ਼ਕਤੀ ਭਰਦੀ ਹੈ। ਬੱਚੇ ਜਿੰਨੇ ਸੌਖੇ ਢੰਗ ਨਾਲ ਮਾਤ-ਭਾਸ਼ਾ ਨੂੰ ਸਿੱਖਦੇ ਹਨ ਉਨੇ ਸੌਖੇ ਢੰਗ ਨਾਲ ਵਿਦੇਸ਼ੀ ਭਾਸ਼ਾ ਨੂੰ ਨਹੀਂ ਸਿੱਖਦੇ।

ਸਿੱਖਿਆ ਮਾਹਿਰ ਮੰਨਦੇ ਹਨ ਕਿ ਬੱਚਾ ਕੁਦਰਤੀ ਤੌਰ 'ਤੇ ਕਿਰਿਆਸ਼ੀਲ ਹੁੰਦਾ ਹੈ। ਆਮ ਤੌਰ ਤੇ ਉਹ ਕੁੱਝ ਨਾ ਕੁੱਝ ਕਰਨਾ ਚਾਹੁੰਦਾ ਹੈ। ਮਾਤ-ਭਾਸ਼ਾ ਉਸ ਦੀ ਸਾਂਝ ਕਈ ਮਨੋਰੰਜਕ ਗਤੀਵਿਧੀਆਂ ਨਾਲ ਪਾ ਸਕਦੀ ਹੈ। ਬੱਚਿਆਂ ਨੂੰ ਮੁੱਢਲੀ ਸਿੱਖਿਆ ਉਹਨਾਂ ਦੀ ਮਾਤ-ਭਾਸ਼ਾ ਵਿੱਚ ਦੇਣੀ ਚਾਹੀਦੀ ਹੈ ਤਾਂ ਕਿ ਉਹਨਾਂ ਨੂੰ ਜੀਵਨ ਵਿੱਚ ਅੱਗੇ ਵੱਧਣ ਦਾ ਮੌਕਾ ਮਿਲੇ। ਪ੍ਰਾਇਮਰੀ ਜਮਾਤਾਂ ਵਿੱਚ ਬੱਚਾ ਆਪਣੇ ਵਿਚਾਰਾਂ ਨੂੰ ਆਪਣੀ ਮਾਤ-ਭਾਸ਼ਾ ਵਿੱਚ ਸਹਿਜੇ ਨਾਲ ਪ੍ਰਗਟ ਕਰ ਸਕਦਾ ਹੈ। ਇਸ ਲਈ ਸਕੂਲ ਦਾ ਮੁੱਢਲਾ ਫਰਜ ਬਣਦਾ ਹੈ ਕਿ ਉਹ ਬੱਚੇ ਨੂੰ ਇਹੋ ਜਿਹਾ ਵਾਤਾਵਰਨ ਮੁਹੱਈਆ ਕਰਾਏ ਜਿੱਥੇ ਬੱਚਾ ਆਪਣੇ ਵਿਚਾਰਾਂ ਦਾ ਖੁੱਲ੍ਹ ਕੇ ਪ੍ਰਗਟਾਅ ਕਰ ਸਕੇ।

ਜੇਕਰ ਮੈਂ ਰਾਜਧਾਨੀ ਦਿੱਲੀ ਦੀ ਗੱਲ ਕਰਾਂ ਤਾਂ ਸਾਡਾ ਗਾਹੇ-ਬਗਾਹੇ ਸਿੱਖਿਆ ਅਧਿਕਾਰੀਆਂ ਨਾਲ ਵਾਹ ਪੈਂਦਾ ਰਹਿੰਦਾ ਹੈ। ਅਸੀਂ ਆਪਣੀ ਸੰਸਥਾ ਪੰਜਾਬੀ ਹੈਲਪਲਾਈਨ ਵੱਲੋਂ ਜਦੋਂ ਉਹਨਾਂ ਨੂੰ ਕਹਿੰਦੇ ਹਾਂ ਕਿ ਤੁਸੀਂ ਪੰਜਾਬੀ ਭਾਸ਼ਾ ਨਾਲ ਵਿਤਕਰਾ ਕਰ ਰਹੇ ਹੋ ਦਿੱਲੀ ਵਿੱਚ 45ਫੀਸਦੀ ਪੰਜਾਬੀ ਲੋਕ ਰਹਿੰਦੇ ਹਨ। ਉਹਨਾਂ ਦੀ ਭਾਵਨਾਵਾਂ ਨੂੰ ਤੁਸੀਂ ਠੇਸ ਪਹੁੰਚਾ ਰਹੇ ਹੋ। ਇਹ ਸੁਣ ਕੇ ਉਹ ਕਹਿੰਦੇ ਹਨ ਕਿ ਪੂਰੀ ਦਿੱਲੀ ਵਿੱਚ ਤੁਹਾਡਾ ਕੋਈ ਇਹੋ ਜਿਹਾ ਸਿੱਖਿਆ ਅਦਾਰਾ ਹੈ ਜਿੱਥੇ ਵਿਦਿਆਰਥੀ ਮਾਤ ਭਾਸ਼ਾ (ਪੰਜਾਬੀ) ਵਿੱਚ ਸਿੱਖਿਆ ਹਾਸਲ ਕਰ ਰਹੇ ਹੋਣ। ਉਦੋਂ ਸਾਨੂੰ ਪੰਜਾਬੀਆਂ ਦੀ ਸੋਚ ਤੇ ਨਮੋਸ਼ੀ ਹੁੰਦੀ ਹੈ ਕਿ ਪੰਜਾਬੀ ਉਂਝ ਤਾਂ ਹਰ ਪੱਖੋਂ ਆਪਣੇ ਆਪ ਨੂੰ ਅੱਗੇ ਸਮਝਦੇ ਹਨ। ਲੇਕਿਨ ਜਦੋਂ ਮਾਤ-ਭਾਸ਼ਾ ਵਿੱਚ ਸਿੱਖਿਆ ਦੇਣ ਦੀ ਗੱਲ ਆਉਂਦੀ ਹੈ ਤਾਂ ਉਸ ਤੋਂ ਪਾਸਾ ਵੱਟਦੇ ਹਨ।

ਲੇਕਿਨ ਸਮੇਂ ਦੀ ਅੰਨ੍ਹੀ ਦੌੜ ਵਿੱਚ ਅਸੀਂ ਸਫ਼ਲਤਾ ਦਾ ਪੈਮਾਨਾ ਸਿਰਫ਼ ਵਿਦੇਸ਼ੀ ਭਾਸ਼ਾਵਾਂ ਖਾਸ ਤੌਰ ਤੇ ਅੰਗਰੇਜ਼ੀ ਨੂੰ ਹੀ ਮੰਨ ਲਿਆ ਹੈ। ਇਹ ਸਾਡੀ ਸਾਰਿਆਂ ਦੀ ਬਦਕਿਸਮਤੀ ਹੈ ਕਿ ਆਪਣੀ ਮਾਤ-ਭਾਸ਼ਾ ਨੂੰ ਛੱਡ ਕੇ ਦੂਜੀਆਂ ਭਾਸ਼ਾਵਾਂ ਵਿੱਚ ਆਪਣੇ ਚੰਗੇਰੇ ਭਵਿੱਖ ਦੀ ਆਸ ਲਾਈ ਬੈਠੇ ਹਾਂ।

ਅਸੀਂ ਜੇਕਰ ਚਾਹੁੰਦੇ ਹਾਂ ਕਿ ਸਾਡੇ ਬੱਚੇ ਭਵਿੱਖ ਵਿੱਚ ਚੰਗੇ ਕਿੱਤਿਆਂ ਨੂੰ ਅਪਨਾਉਣ—ਡਾਕਟਰ, ਇੰਜੀਨੀਅਰ, ਅਫਸਰ ਬਣਨ ਤਾਂ ਸਾਨੂੰ ਆਪਣੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਮਾਤ ਭਾਸ਼ਾ ਵਿੱਚ ਕਰਵਾਉਣ ਲਈ ਅੱਗੇ ਆਉਣਾ ਪਵੇਗਾ।

# ਸੰਤ ਤੇਜਾ ਸਿੰਘ ਦੇ ਜੀਵਨ 'ਤੇ ਬਣੇਗੀ ਫ਼ਿਲਮ

20ਵੀਂ ਸਦੀ ਦੇ ਸਭ ਤੋਂ ਸਤਿਕਾਰਯੋਗ ਸਿੱਖ ਸੰਤਾਂ, ਸਿੱਖਿਆ ਸ਼ਾਸਤਰੀਆਂ ਅਤੇ ਸਮਾਜ ਸੁਧਾਰਕਾਂ ਵਿਚੋਂ ਇੱਕ, ਸੰਤ ਤੇਜਾ ਸਿੰਘ ਜੀ ਦੇ ਜੀਵਨ 'ਤੇ ਇੱਕ ਨਵਾਂ ਦਸਤਾਵੇਜ਼ੀ ਡਰਾਮਾ ਹੈ, ਜੋ ਇਸ ਸਮੇਂ ਸ਼ਾਈਨਸਫੀਅਰ ਐਂਟਰਟੇਨਮੈਂਟ ਪ੍ਰਾਈਵੇਟ ਲਿਮਟਿਡ ਦੇ ਬੈਨਰ ਹੇਠ ਤਿਆਰ ਕੀਤਾ ਜਾ ਰਿਹਾ ਹੈ। ਸ਼ਿਵੇਂਦੂ ਰਮੇਸ਼ ਮਹਾਜਨ ਦੁਆਰਾ ਨਿਰਦੇਸ਼ਤ ਅਤੇ ਰੇਖਾ ਅਤੇ ਸ਼ਿਵੇਂਦੂ ਰਮੇਸ਼ ਮਹਾਜਨ ਦੁਆਰਾ ਨਿਰਮਿਤ, ਇਹ ਫਿਲਮ ਸੰਤ ਤੇਜਾ ਸਿੰਘ ਜੀ ਦੇ ਪੰਜਾਬ ਤੋਂ ਪੱਛਮੀ ਸੰਸਾਰ ਤੱਕ ਦੇ ਸ਼ਾਨਦਾਰ ਸਫ਼ਰ ਨੂੰ ਦਰਸਾਉਣ ਲਈ ਤਿਆਰ ਹੈ ਜਿੱਥੇ ਉਨ੍ਹਾਂ ਦੀਆਂ ਸਿੱਖਿਆਵਾਂ ਸਾਡੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ।



ਇਸ ਪ੍ਰੋਜੈਕਟ ਨੂੰ ਬੜੂ ਸਾਹਿਬ, ਜ਼ੀਰਕਪੁਰ, ਚੀਮਾ ਸਾਹਿਬ, ਸੰਗਰੂਰ, ਮਸਤੂਆਣਾ ਸਾਹਿਬ, ਤਲਵੰਡੀ ਸਾਬੋ, ਪਾਉਂਟਾ ਸਾਹਿਬ, ਅੰਮ੍ਰਿਤਸਰ, ਚੰਡੀਗੜ੍ਹ ਅਤੇ ਬਨਾਰਸ ਸਮੇਤ ਵੱਖ-ਵੱਖ ਇਤਿਹਾਸਕ ਸਥਾਨਾਂ 'ਤੇ ਫਿਲਮਾਇਆ ਜਾ ਰਿਹਾ ਹੈ।

ਇਸ ਪ੍ਰੋਜੈਕਟ ਦਾ ਹਿੱਸਾ ਬਣਨ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਹਰਸ਼ਜੋਤ ਕੌਰ ਨੇ ਕਿਹਾ, 'ਇਹ ਸਿਰਫ਼ ਇੱਕ ਫਿਲਮ ਨਹੀਂ ਹੈ, ਇਹ ਇੱਕ ਜ਼ਿੰਮੇਵਾਰੀ ਹੈ। ਸੰਤ ਤੇਜਾ ਸਿੰਘ ਜੀ ਦਾ ਮੰਨਣਾ ਸੀ ਕਿ ਸਿੱਖਿਆ ਪੂਰੀਆਂ ਪੀੜ੍ਹੀਆਂ ਨੂੰ ਉੱਚਾ ਚੁੱਕ ਸਕਦੀ ਹੈ। ਔਰਤਾਂ ਦੇ ਸਸ਼ਕਤੀਕਰਨ ਲਈ ਉਨ੍ਹਾਂ ਦਾ ਦ੍ਰਿਸ਼ਟੀਕੋਣ ਆਪਣੇ ਸਮੇਂ ਤੋਂ ਬਹੁਤ ਅੱਗੇ ਸੀ। ਇਸ ਦਸਤਾਵੇਜ਼ੀ ਰਾਹੀਂ ਸਾਨੂੰ ਉਮੀਦ ਹੈ ਕਿ ਅੱਜ ਦੇ ਨੌਜਵਾਨ ਸਿੱਖਿਆ, ਨਿਮਰਤਾ ਅਤੇ ਮਨੁੱਖਤਾ ਦੀ ਸੇਵਾ ਦੇ ਮਹੱਤਵ ਨੂੰ ਸਮਝਣਗੇ।' ਨਿਰਦੇਸ਼ਕ ਸ਼ਿਵੇਂਦੂ ਰਮੇਸ਼ ਮਹਾਜਨ ਨੇ ਅੱਗੇ ਕਿਹਾ, 'ਸੰਤ ਤੇਜਾ ਸਿੰਘ ਜੀ ਦਾ ਜੀਵਨ ਦੁਨੀਆ ਲਈ ਪ੍ਰੇਰਨਾ ਹੈ। 'ਪੰਜਾਬ ਤੋਂ ਪੱਛਮੀ ਦੁਨੀਆ ਤੱਕ' ਉਨ੍ਹਾਂ ਦੀ ਯਾਤਰਾ ਸੱਭਿਆਚਾਰਾਂ ਵਿਚਕਾਰ ਸ਼ਾਂਤੀ ਅਤੇ ਸਮਝ ਦਾ ਪੁਲ ਸੀ। ਇਸ ਦਸਤਾਵੇਜ਼ੀ ਰਾਹੀਂ ਸਾਡਾ ਸੁਨੇਹਾ ਸਰਲ ਹੈ: ਸਿੱਖਿਆ, ਸਮਾਨਤਾ ਅਤੇ ਦਇਆ ਦੇ ਮੁੱਲ ਸਦੀਵੀ ਹਨ ਅਤੇ ਇਹ ਉਹ ਹਨ ਜਿਨ੍ਹਾਂ ਦੀ ਅੱਜ ਦੁਨੀਆ ਨੂੰ ਸਭ ਤੋਂ ਵੱਧ ਲੋੜ ਹੈ।'

ਇਹ ਫਿਲਮ ਸੰਤ ਤੇਜਾ ਸਿੰਘ ਜੀ ਦੇ ਯੋਗਦਾਨ ਦੀ ਵਿਸ਼ਵਵਿਆਪੀ ਮਾਨਤਾ 'ਤੇ ਵੀ ਜ਼ੋਰ ਦਿੰਦੀ ਹੈ, ਜਿਸ ਵਿਚ ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿਚ ਸੰਤ ਤੇਜਾ ਸਿੰਘ ਦਿਵਸ ਦਾ ਸਾਲਾਨਾ ਜਸ਼ਨ ਵੀ ਸ਼ਾਮਿਲ ਹੈ। ਇਸਦੇ ਪੂਰਾ ਹੋਣ ਤੋਂ ਬਾਅਦ, ਇਹ ਪ੍ਰੋਜੈਕਟ ਪਲੇਟਫਾਰਮਾਂ ਅਤੇ ਰਾਸ਼ਟਰੀ ਟੈਲੀਵਿਜ਼ਨ ਰਾਹੀਂ ਵਿਸ਼ਾਲ ਦਰਸ਼ਕਾਂ ਤੱਕ ਪਹੁੰਚਣ ਤੋਂ ਪਹਿਲਾਂ ਵੱਖ-ਵੱਖ ਫਿਲਮ ਫੈਸਟੀਵਲਾਂ ਵਿਚ ਪ੍ਰੀਮੀਅਰ ਹੋਵੇਗਾ। ਆਪਣੇ ਸੰਦੇਸ਼ਾਂ ਰਾਹੀਂ ਹਰਸ਼ਜੋਤ ਕੌਰ ਅਤੇ ਸ਼ਿਵੇਂਦੂ ਰਮੇਸ਼ ਮਹਾਜਨ ਦੋਵੇਂ ਦਰਸ਼ਕਾਂ ਨੂੰ ਨਾ ਸਿਰਫ਼ ਫਿਲਮ ਦੇਖਣ ਲਈ, ਸਗੋਂ ਸੰਤ ਤੇਜਾ ਸਿੰਘ ਜੀ ਦੇ ਸਦੀਵੀ ਗਿਆਨ 'ਤੇ ਵਿਚਾਰ ਕਰਨ ਲਈ ਸੱਦਾ ਦਿੰਦੇ ਹਨ, ਜਿਨ੍ਹਾਂ ਦਾ ਦ੍ਰਿਸ਼ਟੀਕੋਣ ਅੱਜ ਵੀ ਜੀਵਨ ਨੂੰ ਆਕਾਰ ਦਿੰਦਾ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
e-file
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us






Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247





## ਕਹਿਣਾ ਬੁੱਧੀਜੀਵੀਆਂ ਦਾ

ਪਾਏ ਪਟਾਕੇ ਧੂੰਆਂ ਬਹੁਤ ਰੌਲ ਕੀਤਾ,
ਗਰਦ ਚੜ੍ਹੀ ਵਿੱਚ ਅਸਮਾਨ ਮੀਆਂ।

ਲੱਖਾਂ ਫੂਕ 'ਤੇ ਕਾਗਜ਼ੀ ਅੱਗ ਲਾ ਕੇ,
ਕੀਤਾ ਆਪਣਾ ਆਪ ਨੁਕਸਾਨ ਮੀਆਂ।

ਹਵਾ ਗੰਧਲੀ, ਗੰਧਲਾ ਹੋਇਆ ਪਾਣੀ,
ਬੱਚੇ, ਬੁੱਢੇ ਦਿਸਣ ਪ੍ਰੇਸ਼ਾਨ ਮੀਆਂ।

ਜਾਨੀ ਮਾਲੀ ਨੁਕਸਾਨ ਬੜਾ ਹੋਇਆ,
ਕਈ ਫੂਕੇ ਗਏ ਦੁਕਾਨ ਮਕਾਨ ਮੀਆਂ।

ਬਚਾਓ ਵਾਤਾਵਰਨ, ਕਹਿਣ ਬੁੱਧੀਜੀਵੀ ,
ਪਰ ਦਿੰਦਾ ਨੀਂ ਕੋਈ ਧਿਆਨ ਮੀਆਂ।

ਇੱਕ ਹੋਵੇ ਕਮਲਾ, ਦੇਵੇ ਸਮਝਾ ਵਿਹੜਾ,
ਕੀ ਕਮਲਿਆ ਨੂੰ ਕਹੇ ਕੋਈ ਆਣ ਮੀਆਂ।

ਜਾਨਵਰ, ਪੰਛੀ, ਬ੍ਰਿਛ ਮੁਰਝਾ ਜਾਂਦੇ,
ਦੋਸ਼ੀ ਮਨੁੱਖ ਕਰੇ ਹੈਰਾਨ ਮੀਆਂ।

ਅਸੀ ਆਖਦੇ ਕੁਦਰਤ ਕ੍ਰੋਪ ਹੋ ਗਈ,
ਉਹ ਫਿਰ ਦੇਵੇ ਕਿਵੇਂ ਵਰਦਾਨ ਮੀਆਂ।

ਨਹੀਂ ਸਮਝਦਾ ਸਮਝਾਇਆ ਕੋਈ 'ਪੱਤੋ',
ਡੰਡਾ ਦੇਵੇ ਅਕਲ ਦਾ ਦਾਨ ਮੀਆਂ।

**ਹਰਪ੍ਰੀਤ ਪੱਤੋ**
94658-21417

## ਛੱਪੜ

ਪਿੰਡ ਦੇ ਬਾਹਰਵਾਰ ਸੀ ਮਿਲਦਾ
ਜਾਂ ਫਿਰਨੀ ਤੇ ਚੜ੍ਹਦੇ, ਛਿਪਦੇ
ਜਿਵੇਂ ਸੁਆਗਤੀ ਪਿੰਡ ਦਾ ਕੋਈ
ਉਡੀਕੇ ਆਵਣ ਜਾਵਣ ਵਾਲਾ।

ਹਰ ਇੱਕ ਘਰ ਤੋਂ ਇੱਕ ਇੱਕ ਬੰਦਾ
ਕਰਦਾ ਲਾ ਕੇ ਜੋਰ ਸਫਾਈ
ਤਾਂ ਜੋ ਅਗਲੀ ਬਰਸਾਤਾਂ ਵਿੱਚ
ਕੱਠਾ ਕਰਲਾਂ ਪਿੰਡ ਲਈ ਪਾਣੀ।

ਨਲਕੇ ਉੱਕ ਗਏ ਖੂਹ ਵੀ ਸੁੱਕ ਗਏ
ਜਦ ਬੋਰਾਂ ਦਾ ਆਇਆ ਜਮਾਨਾ
ਪਿੰਡ ਦੇ ਬਾਹਰ, ਗਲੀਆਂ ਅੰਦਰ
ਟੁੱਟੀਆਂ ਨੇ ਪਿੰਡ ਘੇਰ ਲਿਆ ਜਦ।

ਵਧੀ ਆਬਾਦੀ ਪਸਰ ਗਿਆ ਪਿੰਡ
ਦੱਬ ਲਿਆ ਮੈਨੂੰ ਚਾਰ ਪਾਸਿਓਂ
ਕਿਸੇ ਕੰਧੋਲੀ, ਢੇਰ ਕਿਸੇ ਨੇ
ਮੇਰੇ ਸਿਰ ਤੇ ਆਣ ਧਰੇ ਫਿਰ।

ਖੁਦ ਨੂੰ ਪਾਣੀ ਵਿੱਚ ਡੁਬੋ ਕੇ
ਖੇਤਾਂ ਵਿਚਲਾ ਹੜ੍ਹ ਸਮੋਅ ਕੇ
ਪਾਣੀ ਕੱਠਾ ਕਰ ਲੈਂਦਾ ਸਾਂ
ਆਪਣਾ ਆਪਾ ਭਰ ਲੈਂਦਾ ਸਾਂ।

ਸੁਬ੍ਹਾ - ਸਵੇਰੇ, ਡੰਗਰ ਵੱਛਾ
ਸਿਖਰ ਦੁਪਹਿਰੇ ਪਿੰਡ ਦੇ ਗੱਭਰੂ
ਸਾਮੀਂ ਗਾਰਾ ਲੈਣ ਨੂੰ ਕੁੜੀਆਂ
ਆਉਂਦੀ ਸੀ, ਭਲਾ ਕਿੱਧਰ ਗਈਆਂ ?

ਕਹਿੰਦੇ 'ਆਸਾ ਰਾਮ' ਸੀ ਕਹਿ ਗਿਆ
ਵਾਂਗ ਓਸ ਦੇ ਮੀਂਹ ਵਰਸੇਗਾ
ਕੱਟਾ - ਵੱਛਾ, ਗਾਂ ਦਾ ਜਾਇਆ
ਪੀਣ ਨੂੰ ਪਾਣੀ ਸੀਂਹ ਤਰਸੇਗਾ।

ਸਹਿਰਾਂ ਨੇ ਪਿੰਡ ਨਿਗਲ ਲਏ ਹਨ
ਬਾਗ ਬਗੀਚੇ ਖਾ ਗਏ ਬਿਲਡਰ
ਪਿੰਡ ਦੀ ਫਿਰਨੀ ਦੀ ਹਿੱਕ ਉੱਤੇ
ਉਸਰੀਆਂ ਖੜੀਆਂ ਪੰਜ ਮੰਜ਼ਿ?ਲਾਂ।

ਪਿੰਡ ਦੇ ਬਾਹਰ ਫਿਰਨੀ ਉੱਤੇ
ਮੈਂ ਨਹੀਂ ਮਿਲਦਾ, ਡੀਲਰ ਮਿਲਦੇ
ਦੋ- ਚਾਰ ਖਣ ਪਿੰਡ ਦੇ ਅੰਦਰ
ਬਚੇ ਹੋਏ ਜੋ, "ਦੱਸ ਕੀ ਲੈਣੈ ?"

ਕੈਸੇ ਦੇਖ ਜਮਾਨੇ ਆ ਗਏ
ਰਾਖੇ ਖੁਦ ਹੀ ਖੇਤ ਨੂੰ ਖਾ ਗਏ
ਕਹਿ ਦਿੱਤਾ ਜੋ ਮੈਂ ਕਹਿਣਾ ਸੀ
ਸੁਣਦੇ ਸੀ ਜੋ ਧਰਤ ਸਮਾਂ ਗਏ।

**ਗੁਰਮਾਨ ਸੈਣੀ**
9256346906

## ਮੱਕੇ ਦਾ ਪੀਰ - ਨਾਨਕ ਸ਼ਾਹ ਫ਼ਕੀਰ

ਬਣਾ ਕੇ ਭੇਸ ਦਰਵੇਸ਼ ਦਾ, ਸੰਗ ਭਾਈ ਮਰਦਾਨਾ,
ਤੁਰ ਪਏ ਨੇ ਸੁਲਤਾਨਪੁਰੋਂ, ਮੱਕੇ ਦਾ ਸੇਧ ਨਿਸ਼ਾਨਾ।

ਪਾਕਪਟਨ ਤੋਂ ਸਾਂਭ ਲਈ, ਬਾਬੇ ਫਰੀਦ ਦੀ ਬਾਣੀ,
ਕਰਾਚੀਓਂ ਅੱਗੇ ਠਿਲ੍ਹ ਪਏ, ਫਿਰ ਸਮੁੰਦਰ ਥਾਣੀ।

ਜਾ ਪਹੁੰਚੇ ਜੇਦਾਹ ਸ਼ਹਿਰ, ਸਾਊਦੀ ਅਰਬ ਦੇ ਦੇਸ਼,
ਦੇਣ 'ਰੱਬ ਭਾਈ ਇੱਕ ਹੈ, ਨਾਮੁ ਜਪੋ ਦਾ ਉਪਦੇਸ਼।'

ਉੱਥੋਂ ਪੈਰੀਂ ਚਾਲੇ ਪਾ ਲਏ, ਵੱਲ ਪਾਕ ਪਵਿੱਤਰ ਮੱਕੇ,
ਹਾਜੀ ਜ਼ਿਆਰਤ ਕਰਦੇ, ਜਿੱਥੇ ਮੁਸਲਮਾਨ ਹੋ ਪੱਕੇ।

ਮੁਕਾਇਆ ਲੰਬਾ ਪੈਂਡਾ, ਬਾਬੇ ਮੱਕੇ ਜਾ ਲਾਏ ਡੇਰੇ,
ਸੁੱਟ ਮੁਸੱਲਾ ਲੇਟ ਗਏ, ਝੱਟ ਆ ਮੌਲਵੀਆਂ ਘੇਰੇ।

ਅਖੇ 'ਉੱਠ ਓਏ ਕਾਫ਼ਰਾ, ਕਿਉਂ ਪੈਰ ਕਾਬੇ ਨੂੰ ਕੀਤੇ ?
ਉਧਰ ਖੁਦਾ ਵੱਸਦਾ, ਤੂੰ ਪਾਪਾਂ ਦੇ ਛਾਬੇ ਭਰ ਲੀਤੇ।'

ਅੱਗ ਭਬੂਲੇ ਮੌਲਵੀ ਨੂੰ, ਕਹੇ ਬਾਬਾ ਸ਼ਾਂਤ ਹੋ ਜਾਵੋ,
'ਜਿਧਰ ਰੱਬ ਨਾ ਵਸੇ , ਉੱਧਰ ਚੁੱਕ ਪੈਰ ਖਿਸਕਾਵੋ।'

ਗੁੱਸੇ 'ਚ ਆਏ ਖਾਦਿਮਾਂ, ਫਿਰ ਚੁੱਕ ਲੱਤਾਂ ਘੁੰਮਾਏ,
ਨਾਲੇ ਕਾਬਾ ਘੁੰਮਦਾ, ਮੌਲਵੀ ਤੱਕਦਿਆਂ ਚਕਰਾਏ।

ਢਹਿ ਪਏ ਚਰਨਾਂ 'ਤੇ, ਕਹਿਣ ਗੁਨਾਹ ਸਾਡੇ ਬਖਸ਼ੋ,
ਭੁੱਲ ਚੁੱਕ ਕਰੋ ਮਾਫ਼, ਨਜ਼ਰ ਏ ਰਹਿਮਤਾਂ ਬਖਸ਼ੋ।

ਤਰਕ ਦੇ ਕੇ ਸਮਝਾਏ, ਇੱਕ ਥਾਂਹ ਨਹੀਂ ਬੱਝਿਆ,
ਖੁਦਾ ਵਸੇ ਹਿਆਲੀਐ, ਜਿਹਨਾਂ ਟੋਲ੍ਹਿਆ ਲੱਭਿਆ।

ਵੰਡਕੇ ਸੰਦੇਸ਼ ਮੱਕੇ ਤੋਂ, ਪਾਏ ਮਦੀਨੇ ਵਲ ਨੂੰ ਚਾਲੇ,
ਭੁੱਲੇ ਨੂੰ ਰਾਹ ਪਾਣ ਦੀ, ਤੀਬਰ ਚਾਹਤ ਸੀ ਹਾਲੇ।

ਕੁਵੈਤ ਬਸਰਾ ਕਰਬਲਾ, ਬਗਦਾਦ ਨੂੰ ਤੁਰਦੇ ਜਾਂਦੇ,
ਜਪਦੇ ਜਾਂਦੇ ਨਾਮੁ ਖੁਦ, ਨਾਲੇ ਹੋਰਾਂ ਨੂੰ ਜਪਾਉਂਦੇ।

ਇਰਾਨ ਤੁਰਕਸਤਾਨ ਤੋਂ, ਕਾਬੁਲ ਵੱਲ ਨੂੰ ਮੋੜੇ ਪਾਏ,
ਕਰ ਕੇ ਪਰਿਪੱਕ ਸਿੱਖੀ, ਅਬਦਾਲ ਹਸਨ ਸਿਧਾਏ।

ਸਿਤਾਉਂਦਾ ਵਲੀ ਕੰਧਾਰੀ, ਸੁਣਾਏ ਲੋਕਾਂ ਦੁੱਖ ਡਾਢੇ,
ਲਾ ਪੰਜਾ ਪਹਾੜੀ 'ਤੇ, ਗੁਰੂਆਂ ਝੀਲ ਨੂੰ ਲਾਏ ਵਾਢੇ।

**ਸੇਵਾ ਸਿੰਘ ਨੂਰਪੁਰੀ**

## ਆਦਮੀ

ਹਾਂ! ਬੜਾ ਫਰਕ ਹੁੰਦਾ ਹੈ
ਆਦਮੀ ਆਦਮੀ ਵਿਚ
ਹਰ ਆਦਮੀ ਆਦਮੀ ਨਹੀਂ ਹੁੰਦਾ
ਬੇਸ਼ੱਕ ਸਰੀਰਕ ਬਣਤਰ ਇਕਸਾਰ ਹੁੰਦੀ
ਪਰ ਮਾਨਸਿਕ ਪੱਧਰ ਨਹੀਂ ।
ਕੋਈ ਇੱਕ ਹੀ ਮਰਦ-ਅਗੰਮੜਾ ਹੁੰਦਾ
ਕੋਈ ਕੋਈ ਹੀ ਤੁਰਦੇ ਰਹਿਣ ਦਾ ਸੂਚਕ ਹੁੰਦਾ
ਕੋਈ ਵਿਰਲਾ ਹੀ ਸਰਵਣ-ਪੁੱਤਰ ਕਹਾਉਂਦਾ
ਤੇ ਹਰ ਇਕ ਦੀ ਪਤਨੀ
ਖਦੀਜਾ ਵਾਂਗ ਖੁਸ਼ਕਿਸਮਤ ਨਹੀਂ ਹੁੰਦੀ
ਕੋਈ ਟਾਵੇਂ ਹੀ ਹਮ-ਰਾਹੀ ਬਣਦੇ ।
ਕਿਸੇ ਭਾਗਾਂ ਵਾਲੀ ਨੂੰ ਹੀ
ਹਮ-ਖਿ?ਆਲੀ ਦਾ ਸਾਥ ਮਿਲਦਾ
ਪੌਟਿਆਂ 'ਤੇ ਗਿਣਨ ਜੋਗੇ ਹੀ
ਮੋਢੇ ਨਾਲ ਮੋਢਾ ਮਿਲਾ ਕੇ ਚਲਦੇ ਹਨ
ਬਹੁਤੇ ਤਾਂ ਦੋ ਕਦਮ ਅੱਗੇ ਹੋ ਕੇ ਚਲਦੇ
ਦੁੱਖ-ਸੁੱਖ ਦੇ ਸ਼ਰੀਕ ਘੱਟ ਹੀ ਹੁੰਦੇ
ਬਹੁਤੇ ਤਾਂ ਜਰੂਰਤਾਂ ਦੇ ਹੀ ਭਾਈਵਾਲ ਨੇ ।
ਮਾਂ-ਭੈਣ ਦੀ ਗਾਲ੍ਹ ਦਾ ਤਕੀਆ-ਕਲਾਮ
ਘਰਾਂ ਵਿਚਲੀ ਖਿੱਚੋਤਾਣ, ਘੁਟਣ
ਇਸ ਕੌੜੇ-ਸੱਚ ਦਾ ਸੂਚਕ ਹੈ ।
ਉਸ ਨੂੰ ਬੜਾ ਫਰਕ ਪੈਂਦਾ ਹੈ
ਜਿਹਦੇ ਭਾਗਾਂ ਵਿਚ ਸ਼ਰਾਬੀ-ਕਬਾਬੀ,
ਗਾਲ੍ਹ-ਮੰਦਾ ਕਰਨ ਵਾਲਾ
ਜਾਂ ਜਜਬਾਤਾਂ ਦਾ ਕਾਤਲ ਹੁੰਦਾ।
ਜੇ ਔਰਤ ਕੋਮਲਤਾ ਦੀ ਪ੍ਰਤੀਕ ਹੈ
ਤਾਂ ਆਦਮੀ ਸ਼ਕਤੀ ਦਾ ਸੂਚਕ ਹੈ
ਗ੍ਰਹਿਸਥ ਜੀਵਨ ਵਿੱਚ ਦੋਵੇਂ
ਸਾਈਕਲ ਦੇ ਦੋ ਪਹੀਏ ਹਨ
ਜੇ ਇੱਕ ਦੀ ਵੀ ਹਵਾ ਘੱਟ ਜਾਵੇ
ਸਾਈਕਲ ਕਦੀ ਰਫਤਾਰ ਨਹੀਂ ਫੜਦਾ
'ਤੇ ਜੇ ਹਵਾ ਵੱਧ ਭਰ ਜਾਵੇ
ਤਾਂ ਟਾਇਰ ਦਾ ਫਟਣਾ ਯਕੀਨੀ ਹੈ॥

**ਵੀਨਾ ਬਟਾਲਵੀ**
9463229499

## ਬਰਬਾਦੀ ਦੀ ਦਾਸਤਾਨ

ਗਲੋਂ ਗ਼ੁਲਾਮੀ ਲਾਹਵਣ ਖਾਤਿਰ, ਸੂਰਮਿਆਂ ਸਿਰ ਵਾਰੇ ਸੀ।
ਅੱਗੇ ਵਧ ਕੇ ਗੁਰਸਿੱਖਾਂ ਨੇ, ਲੱਖਾਂ ਕਸ਼ਟ ਸਹਾਰੇ ਸੀ।
ਧਨ ਦੌਲਤ ਪਰਿਵਾਰ ਵਾਰ 'ਤੇ, ਉਜੜ ਗਏ ਘਰ-ਬਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਹਿੰਦੋਸਤਾਨ ਦੇ ਹਾਕਮ ਰਹਿੰਦੇ, ਦਿੱਲੀ ਰਾਜਧਾਨੀ ਜੀ।
ਨਸਲਕੁਸ਼ੀ ਸਿੱਖਾਂ ਦੀ ਕੀਤੀ, ਕਹਿ ਕੇ ਕੌਮ ਬਿਗਾਨੀ ਜੀ।
ਦੁਸ਼ਟਾਂ ਥਾਂ-ਥਾਂ ਅੱਗ ਲਗਾਈ, ਸਾੜੇ ਗੁਰ-ਦਰਬਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਸੱਤਾਧਾਰੀ ਮੰਨੂਵਾਦੀ, ਝੂਠੇ ਲਾਰੇ ਲਾਉਂਦੇ ਨੇ।
ਘੱਟ ਗਿਣਤੀਆਂ ਦੇ ਜੋ ਕਾਤਿਲ, ਮੂੰਹੋਂ ਕੂੜ ਅਲਾਉਂਦੇ ਨੇ।
ਕੀਤੀ ਭੁੱਲ ਸੰਤਾਲੀ ਵੇਲੇ, ਆਪ ਫੜਾਈ ਮੁਹਾਰ ਤਾਂ ਦੇਖੋ।
ਅਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਜ਼ਾਲਮ ਦੀ ਜੜ ਪੁੱਟਣ ਖਾਤਿਰ, ਕਸਰ ਨਾ ਕੋਈ ਛੱਡੀ ਆ।
ਬੇਈਮਾਨ ਸ਼ੈਤਾਨ ਦੁਬਾਰਾ, ਅੱਜ ਫਿਰਦੇ ਮੂੰਹ ਅੱਡੀ ਆ।
ਜਿਨ੍ਹਾਂ ਨੇ ਸੀ ਹਾੜ੍ਹੇ ਕੱਢੇ, ਨੇਤਾ ਬਣੇ ਗ਼ਦਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜ਼ਰਾ ਵਿਚਾਰ ਤਾਂ ਦੇਖੋ।

ਨੰਗ ਭੁਖ ਤੇ ਮੰਦਹਾਲੀ ਨੇ, ਪੱਕੇ ਡੇਰੇ ਲਾਏ ਨੇ।
ਕਿਤੇ ਅਡਾਨੀ ਅਤੇ ਅੰਬਾਨੀ, ਉਚੇ ਮਹਿਲ ਬਣਾਏ ਨੇ।
ਨੇਕ ਅਤੇ ਸ਼ੁਭ-ਕਰਮੀ ਔਖੇ, ਕਰਦੇ ਜੋ ਉਪਕਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਭਟਕੇ ਗੱਭਰੂ ਤੇ ਮੁਟਿਆਰਾਂ, ਚੁੰਨੀ ਤੇ ਪੱਗ ਲਾਹ ਹੈ ਸੁੱਟੀ।
ਗੰਦਾ-ਮੰਦਾ ਗਾਉਣ ਵਾਲਿਆਂ, ਸੱਭਿਆਚਾਰ ਦੀ ਜੜ੍ਹ ਹੈ ਪੁੱਟੀ।
ਅੱਜ ਨਸ਼ਿਆਂ ਨੇ ਸੋਹਣੀ ਜਵਾਨੀ, ਡੋਬੀ ਵਿਚ ਮੰਝਧਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਮੁੰਡਿਓ ਕੁੜੀਓ ਵਿੱਦਿਆ ਲੈ ਕੇ, ਕੌਮ ਨੂੰ ਉਚਾ ਕਰ ਲਈਏ।
ਗੁਰਬਾਣੀ ਤੋਂ ਸਿੱਖਿਆ ਲੈ ਕੇ, ਸ਼ੁਭ-ਗੁਣ ਧਾਰਨ ਕਰ ਲਈਏ।
ਦੁਨੀਆਂ ਦੇ ਵਿਚ ਮਾਣ ਵਧੇਗਾ, ਬਣ ਕੇ ਸਿੰਘ ਸਰਦਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।

ਹਰਪਾਲ ਸਿੰਘ ਦੀ ਇਹੀ ਗੁਜ਼ਾਰਿਸ਼, ਜੇ ਆਜ਼ਾਦੀ ਪਾਉਣੀ ਹੈ।
ਸਾਰੀ ਕੌਮ ਇਕੱਠੀ ਹੋ ਜਾਓ, ਇੱਕੋ ਸਫ਼ਾ ਵਿਛਾਉਣੀ ਹੈ।
ਗੁਰੂ ਗ੍ਰੰਥ ਦੇ ਬਚਨਾਂ ਉਤੇ, ਕਰਕੇ ਸਭ ਇਤਬਾਰ ਤਾਂ ਦੇਖੋ।
ਆਜ਼ਾਦ ਨਹੀਂ, ਬਰਬਾਦ ਹੋਏ ਹਾਂ, ਕਰਕੇ ਜਰਾ ਵਿਚਾਰ ਤਾਂ ਦੇਖੋ।



**ਭਾਈ ਹਰਪਾਲ ਸਿੰਘ ਲੱਖਾ**

## ਗੱਲ ਤਾਂ ਬਣਦੀ...

ਸ਼ਿਅਰਾਂ, ਗਜਲਾ ਵਿੱਚ ਜਾਨ ਹੋਵੇ ਗੱਲ ਤਾਂ ਬਣਦੀ
ਆਪਣੇ ਕੰਮ ਨਾਲ ਕੋਈ ਮਹਾਨ ਹੋਵੇ ਗੱਲ ਤਾਂ ਬਣਦੀ..

ਉਹ ਹੁਣ ਤਾਂ ਜਿਉਂਦੇ ਵੀ ਮੁਰਦਿਆਂ ਜਹੇ ਲੋਕੀ
ਪਰ ਸ਼ਰੀਰ ਵਿੱਚ ਜੇ ਪ੍ਰਾਣ ਹੋਵੇ ਗੱਲ ਤਾਂ ਬਣਦੀ

ਮਰਿਆ ਮਗਰੋਂ ਜੇ ਪੁੱਛਿਆ ਫੇਰ ਫਾਇਦਾ ਕੀ
ਜਿਉਂਦੇ ਬੰਦੇ ਦਾ ਜੇ ਗੁਣਗਾਨ ਹੋਵੇ ਗੱਲ ਤਾਂ ਬਣਦੀ

ਕਦੇ ਇਸਨੂੰ ਕਦੇ ਉਸਨੂੰ ਪੂਜੀ ਜਾਂਦੇ ਫਾਇਦਾ ਕੀ
ਤੁਹਾਡਾ ਯਾਰ ਹੀ ਜੇ ਭਗਵਾਨ ਹੋਵੇ ਗੱਲ ਤਾਂ ਬਣਦੀ

ਕਿਸੇ ਮੁਕਾਮ ਤੇ ਯਾਰੋ ਏਵੇ ਨਹੀ ਕੋਈ ਪਹੁੰਚ ਜਾਂਦਾ
ਆਪਣੇ ਕੰਮ ਚ ਜੇ ਧਿਆਨ ਹੋਵੇ ਗੱਲ ਤਾਂ ਬਣਦੀ

ਇਥੇ ਹਰ ਵੇਲੇ ਕਿਸੇ ਦੇ ਤੁਕੇ ਹੁੰਦੇ ਲੱਗਦੇ ਨਹੀ
ਆਪਣੀਆਂ ਲੱਤਾਂ 'ਚ ਜੇ ਜਾਨ ਹੋਵੇ ਗੱਲ ਤਾਂ ਬਣਦੀ

ਮਿਹਨਤ ਕਰਦੇ ਰਹੇ ਤੇ ਕਿਸਮਤ ਵੀ ਕੰਮ ਆ ਗਈ
ਆਪਣੇ ਕੰਮ ਦਾ ਜੇ ਗਿਆਨ ਹੋਵੇ ਗੱਲ ਤਾਂ ਬਣਦੀ

ਕਹਿੰਦੇ ਅਸੀ ਵੀ ਰੈਪੀ ਲਿਖਦੇ ਹਾਂ ਕਈ ਸਾਲਾਂ ਤੋਂ
ਪਰ ਲੋਕਾਂ ਨੂੰ ਜੇ ਪਰਵਾਨ ਹੋਵੇ ਗੱਲ ਤਾਂ ਬਣਦੀ

**ਰੈਪੀ ਰਾਜੀਵ .ਫਗਵਾੜਾ**
9501001070

## ਦੋ ਦੋ ਤਾਜਪੋਸ਼ੀਆਂ ?

ਸ਼੍ਰੋਮਣੀ ਗੁਲਾਮ ਹੋਈ ਵੱਡੇ ਘਰ ਵਾਲਿਆਂ ਦੀ
ਤਦੇ ਗੱਲਾਂ ਹੋਈ ਜਾਣ ਆਏ ਦਿਨ ਹੋਛੀਆਂ।
ਕਿਸੇ ਨੂੰ ਬਣਾ ਦਿੰਦੇ ਨੇ ਅੱਧੀ ਰਾਤੀਂ ਜਥੇਦਾਰ
ਲੋਈ ਹੀ ਉਤਾਰੀ ਹੋਈ ਕੌਮ ਦਿਆਂ ਦੋਸ਼ੀਆਂ।
ਫੂਲਾ ਸਿੰਘ ਵਾਲੀ ਪਦਵੀ ਦਾ ਹੁਣ ਹਾਲ ਦੇਖੋ
ਕਿਵੇਂ 'ਜਥੇਦਾਰੀਆਂ' ਨੇ ਜਾਂਦੀਆਂ ਪਰੋਸੀਆਂ।
ਹੋਰ ਗੁੱਸਾ ਚੜ੍ਹਦਾ ਐ ਲੋਕਾਂ ਨੂੰ ਨਕਾਰਿਆਂ 'ਤੇ
ਪੜ੍ਹ ਸੁਣ ਮੀਡੀਏ 'ਚ ਆਈਆਂ ਸਰਗੋਸ਼ੀਆਂ।
ਦੇਸੀ ਤੇ ਵਿਦੇਸ਼ੀ ਭਾਈ 'ਮੱਥੇ ਹੱਥ' ਮਾਰਦੇ ਐ
ਪੰਥਕ ਹਾਲਾਤ ਦੇਖ ਆਉਂਦੀਆਂ ਨਮਹੋਸ਼ੀਆਂ।
ਬੁੱਧੀਜੀਵੀ ਤਬਕਾ ਵੀ ਦੇਖ ਪ੍ਰੇਸ਼ਾਨ ਹੋਇਆ
ਇੱਕੋ ਸਿੰਘ ਸਾਹਬ ਦੀਆਂ ਦੋ ਦੋ ਤਾਜਪੋਸ਼ੀਆਂ!

**-ਤਰਲੋਚਨ ਸਿੰਘ ਦੁਪਾਲਪੁਰ**
001-408-915-1268



## ਮਾਂ ਨਹੀਂ ਮਿਲਦੀ

ਤੱਪਦੇ ਸੀਨਿਆਂ ਨੂੰ ਅੱਜ ਕੱਲ,
ਠੰਡੀ ਛਾਂ ਨਹੀਂ ਮਿਲਦੀ ।
ਇੱਕ ਸੱਚੀ ਮੁਹੱਬਤ ਤੇ,
ਦੂਜੀ ਮਾਂ ਨਹੀਂ ਮਿਲਦੀ ।

ਦਿੱਲ ਵਿੱਚ ਸਹਿਕਦੇ ਚਾਵਾਂ ਨੂੰ,
ਮੁਹੱਬਤ ਦੀ ਜ਼ੁਬਾਨ ਨਹੀਂ ਮਿਲਦੀ।
ਮਮਤਾ ਭਟਕਦੀ ਦਰ ਦਰ,
ਪਰ ਕਿੱਧਰੇ ਮਾਂ ਨਹੀਂ ਮਿਲਦੀ।

ਅੱਜ ਮਜਬੂਰੀਆਂ ਨੇ ਤੋਰੀਆਂ ,
ਮਾਵਾਂ ਕਮਾਈ ਕਰਨ ।
ਬਿਲਕਦੇ ਮਾਸੂਮ ਲਾਲਾ ਨੂੰ ਅੱਜ,
ਘਰ ਚ ਦਾਦੀ ਮਾਂ ਵੀ ਨਹੀਂ ਮਿਲਦੀ ।

ਕੌਣ ਕਰੇ ਤੋਤਲੀ ਜ਼ੁਬਾਨ ਚ,
ਸੋਹਣੇ ਨਾਲ ਲਾਡ ਦੀਆਂ ਗੱਲਾਂ ।
ਨੇੜੇ ਤੇੜੇ ਕੋਈ ਚਾਚੀ,ਤਾਈ,ਭੂਆ ,
ਮਾਮਾ, ਮਾਸੀ, ਨਾਨੀ ਮਾਂ ਨਹੀਂ ਮਿਲਦੀ ।

ਕੌਣ ਸਿਖਾਵੇ ਪਾ-ਪਾ,ਦਾ-ਦਾ,ਮਾਂ-ਮਾਂ,
ਕਰਾ ਝੂਟੇ ਮਾਈਆਂ ਗੋਡਿਆਂ ਤੇ ।
ਗੱਲਾਂ ਸਿਖਾਉਣ ਵਾਲੀ ਵੱਡਿਆਂ ਦੀ,
ਕਿਵੇਂ ਆਂ... ?ਹਾਂ ਹਾਂ... ਨਹੀਂ ਮਿਲਦੀ ।

ਸਭ ਰੁਝੇ ਨੇ ਦਿਨ ਰਾਤ "ਪ੍ਰੀਤ "
ਝੂਠੇ ਕਹਾਣੀਆਂ ਕਿੱਸਿਆਂ ਚ ।
ਪਰ ਕਿਧਰੇ ਸਾਖੀਆਂ ਸੁਣਦੀ,
ਹੁੰਗਾਰੇ ਵਾਲੀ ਹਾਂ ਨਹੀਂ ਮਿਲਦੀ।



**ਡਾ. ਲਵਪ੍ਰੀਤ ਕੌਰ "ਜਵੰਦਾ"**
9814203357

## ਕਿਸਮਤ

ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ,
ਦੇਵੀਂ ਹੌਸਲਾ ਹਰ ਗੱਲ ਦਾ ਜਵਾਬ ਉਸ ਕੋਲ ਹੋਵੇਂ,
ਕਿਸੇ ਦੇ ਸ਼ਹਾਰੇ ਤੇ ਨਾ ਹੋਵੇ ਨਾ ਟਿਕੀ,
ਹਰ ਮੁਸ਼ਕਿਲ ਦਾ ਉਸ ਕੋਲ ਹੱਲ ਹੋਵੇਂ,
ਅੱਜ ਹੋਵੇ ਭਾਂਵੇ ਕੱਲ ਹੋਵੇਂ,
ਇੱਕ ਰੱਬ ਤੇ ਹੋਵੇ ਆਸ ਰੱਖੀ,
ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ।

ਹਰ ਅੱਖ ਦਾ ਨੂਰ ਹੋਵੇ ਆਪਣੇ ਭੈਣ ਭਾਈਆ ਤੋਂ ਨਾ ਦੂਰ ਹੋਵੇ,
ਮਿਲਣ ਲਈ ਉਨ੍ਹਾਂ ਨੂੰ ਨਾ ਉਹ ਮਜਬੂਰ ਹੋਵੇ,
ਤਿਲ-ਤਿਲ ਕਰਕੇ ਨਾ ਉਹ ਚੂਰ ਹੋਵੇ,
ਜੋ ਰੋਂਦੀ ਨਾ ਜਾਵੇ ਆਪਣਿਆ ਤੋਂ ਜਰੀ,
ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ ।

ਚਲ ਬਸ ਕਰ ਚਹਿਲਾ ਜੋ ਕਰਨ ਸੋਂ ਭਰਨ ਗਏ,
ਕਿਸੇ ਦੀ ਧੀ ਨੂੰ ਦੁਖੀ ਕਰਕੇ ਫਿਰ ਆਪਣੀ ਨੂੰ ਵੀ ਕਰਨਗੇ,
ਰੱਬਾ ਹੱਥ ਜੋੜ ਕੇ ਅਰਜ ਮੇਰੀ ਧੀਆ ਦੀ ਹਰ ਗੱਲ ਤੂੰ ਸੁਣੀ,
ਦੇਵੀਂ ਹੌਂਸਲਾ ਆਪਣੇ ਪੈਰਾ ਤੇ ਰਹੇ ਖੜ੍ਹੀ,
ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ।

**ਮਨਪ੍ਰੀਤ ਕੌਰ ਚਹਿਲ**

# ਹਰੀ ਊਰਜਾ ਵਿੱਚ ਭਾਰਤ ਦੀਆਂ ਵਧਦੀਆਂ ਤਰੱਕੀਆਂ



ਭਾਰਤ ਨੇ ਊਰਜਾ ਖੇਤਰ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਪ੍ਰਾਪਤ ਕੀਤਾ ਹੈ, ਜੋ ਕਿ ਨਾ ਸਿਰਫ਼ ਦੇਸ਼ ਲਈ ਸਗੋਂ ਪੂਰੀ ਦੁਨੀਆ ਲਈ ਅਧਿਐਨ ਦਾ ਵਿਸ਼ਾ ਹੈ। 2030 ਤੱਕ, ਆਪਣੇ ਟੀਚੇ ਤੋਂ ਪੂਰੇ ਪੰਜ ਸਾਲ ਪਹਿਲਾਂ, ਭਾਰਤ ਨੇ ਆਪਣੀ ਕੁੱਲ ਸਥਾਪਿਤ ਬਿਜਲੀ ਉਤਪਾਦਨ ਸਮਰੱਥਾ ਦਾ 50% ਪ੍ਰਾਪਤ ਕਰ ਲਿਆ ਹੈ। ਗੈਰ-ਜੈਵਿਕ ਬਾਲਣ ਸਰੋਤਾਂ ਤੋਂ ਪ੍ਰਤੀਸ਼ਤਤਾ ਇਹ ਸ਼ਾਨਦਾਰ ਸਫਲਤਾ ਪੈਰਿਸ ਸਮਝੌਤੇ ਪ੍ਰਤੀ ਭਾਰਤ ਦੀ ਦ੍ਰਿੜ ਵਚਨਬੱਧਤਾ ਅਤੇ ਜਲਵਾਯੂ ਪਰਿਵਰਤਨ ਵਿਰੁੱਧ ਵਿਸ਼ਵਵਿਆਪੀ ਲੜਾਈ ਵਿੱਚ ਇਸਦੀ ਅਗਵਾਈ ਭੂਮਿਕਾ ਨੂੰ ਜ਼ੋਰਦਾਰ ਢੰਗ ਨਾਲ ਉਜਾਗਰ ਕਰਦੀ ਹੈ। ਇਹ ਸਿਰਫ਼ ਇੱਕ ਅੰਕੜਾ ਨਹੀਂ ਹੈ, ਸਗੋਂ ਇੱਕ ਊਰਜਾ-ਸੁਰੱਖਿਅਤ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰ ਭਾਰਤ ਲਈ ਇੱਕ ਫੈਸਲਾਕੁੰਨ ਛਾਲ ਹੈ। ਇਹ ਭਾਰਤ ਲਈ ਇੱਕ ਵੱਡੀ ਪ੍ਰਾਪਤੀ ਹੈ, ਜੋ ਆਪਣੀਆਂ ਵਿਕਾਸ ਇੱਛਾਵਾਂ ਨੂੰ ਗ੍ਰਹਿ ਦੀ ਸਿਹਤ ਨਾਲ ਸੰਤੁਲਿਤ ਕਰਨਾ ਸਿੱਖ ਰਿਹਾ ਹੈ, ਅਤੇ ਦੁਨੀਆ ਨੂੰ ਦਿਖਾ ਰਿਹਾ ਹੈ ਕਿ ਆਰਥਿਕ ਤਰੱਕੀ ਅਤੇ ਵਾਤਾਵਰਣ ਸਥਿਰਤਾ ਇਕੱਠੇ ਸੰਭਵ ਹਨ। ਊਰਜਾ ਖੇਤਰ ਵਿੱਚ ਭਾਰਤ ਦੀ ਯਾਤਰਾ ਇੱਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਸ਼ੁਰੂ ਹੋਈ ਸੀ, ਜਦੋਂ ਦੇਸ਼ ਨੇ ਊਰਜਾ ਸੁਰੱਖਿਆ ਅਤੇ ਵਧ ਰਹੇ ਕਾਰਬਨ ਨਿਕਾਸ ਦੀ ਦੋਹਰੀ ਚੁਣੌਤੀ ਨੂੰ ਸਵੀਕਾਰ ਕੀਤਾ ਸੀ। ਉਸ ਸਮੇਂ, ਭਾਰਤ ਦਾ ਊਰਜਾ ਦ੍ਰਿਸ਼ ਮੁੱਖ ਤੌਰ ’ਤੇ ਕੋਲੇ ’ਤੇ ਅਧਾਰਤ ਸੀ, ਜੋ ਕਿ ਸਸਤਾ ਅਤੇ ਪਹੁੰਚਯੋਗ ਸੀ, ਪਰ ਗੰਭੀਰ ਵਾਤਾਵਰਣ ਅਤੇ ਸਿਹਤ ਚਿੰਤਾਵਾਂ ਪੈਦਾ ਕਰਦਾ ਸੀ। 2010 ਵਿੱਚ ਸ਼ੁਰੂ ਕੀਤਾ ਗਿਆ ਜਵਾਹਰ ਲਾਲ ਨਹਿਰੂ ਰਾਸ਼ਟਰੀ ਸੋਲਰ ਮਿਸ਼ਨ, ਇਸ ਦਿਸ਼ਾ ਵਿੱਚ ਇੱਕ ਸ਼ੁਰੂਆਤੀ ਅਤੇ ਮਹੱਤਵਪੂਰਨ ਕਦਮ ਸੀ। ਇਸਨੇ ਦੇਸ਼ ਵਿੱਚ ਸੂਰਜੀ ਊਰਜਾ ਬਾਰੇ ਜਾਗਰੂਕਤਾ ਪੈਦਾ ਕੀਤੀ ਅਤੇ ਇੱਕ ਨੀਤੀਗਤ ਢਾਂਚੇ ਦੀ ਨੀਂਹ ਰੱਖੀ। ਹਾਲਾਂਕਿ, ਇਸ ਹਰੀ ਕ੍ਰਾਂਤੀ ਦੀ ਅਸਲ ਗਤੀ ਪਿਛਲੇ ਦਹਾਕੇ ਵਿੱਚ ਆਈ, ਜਦੋਂ ਸਰਕਾਰ ਨੇ ਨਵਿਆਉਣਯੋਗ ਊਰਜਾ ਨੂੰ ਰਾਸ਼ਟਰੀ ਤਰਜੀਹਾਂ ਦੇ ਕੇਂਦਰ ਵਿੱਚ ਰੱਖਿਆ। ਇਹ ਇੱਕ ਰਣਨੀਤਕ ਤਬਦੀਲੀ ਸੀ, ਜਿਸਨੂੰ ਮਜ਼ਬੂਤ ਰਾਜਨੀਤਿਕ ਇੱਛਾ ਸ਼ਕਤੀ ਅਤੇ ਮਹੱਤਵਾਕਾਂਖੀ ਟੀਚਿਆਂ ਦੁਆਰਾ ਸਮਰਥਤ ਕੀਤਾ ਗਿਆ ਸੀ। 2015 ਵਿੱਚ, ਭਾਰਤ ਨੇ 2022 ਤੱਕ 175 ਗੀਗਾਵਾਟ ਨਵਿਆਉਣਯੋਗ ਊਰਜਾ ਸਮਰੱਥਾ ਸਥਾਪਤ ਕਰਨ ਦਾ ਇੱਕ ਦਲੇਰਾਨਾ ਟੀਚਾ ਰੱਖਿਆ, ਜਿਸ ਵਿੱਚ 100 ਗੀਗਾਵਾਟ ਸੂਰਜੀ ਊਰਜਾ, 60 ਗੀਗਾਵਾਟ ਪੌਣ ਊਰਜਾ, 10 ਗੀਗਾਵਾਟ ਬਾਇਓਮਾਸ ਅਤੇ 5 ਗੀਗਾਵਾਟ ਛੋਟੇ ਪਣ-ਬਿਜਲੀ ਪ੍ਰੋਜੈਕਟ ਸ਼ਾਮਲ ਸਨ। ਇਸ ਟੀਚੇ ਨੇ ਦੁਨੀਆ ਨੂੰ ਹੈਰਾਨ ਕਰ ਦਿੱਤਾ, ਪਰ ਇਸਨੇ ਘਰੇਲੂ ਅਤੇ ਅੰਤਰਰਾਸ਼ਟਰੀ ਨਿਵੇਸ਼ਕਾਂ ਨੂੰ ਇੱਕ ਸਪੱਸ਼ਟ ਸੰਕੇਤ ਭੇਜਿਆ ਕਿ ਭਾਰਤ ਆਪਣੇ ਊਰਜਾ ਭਵਿੱਖ ਪ੍ਰਤੀ ਗੰਭੀਰ ਹੈ। ਇਸ ਤੋਂ ਬਾਅਦ, 2021 ਵਿੱਚ ਗਲਾਸਗੋ ਵਿੱਚ COPBF ਸੰਮੇਲਨ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁਨੀਆ ਨੂੰ ਭਾਰਤ ਨੂੰ ਪੇਸ਼ ਕੀਤਾ। ਜਲਵਾਯੂ ਕਾਰਵਾਈ ਲਈ ਪੰਜ-ਨੁਕਾਤੀ ਏਜੰਡੇ ‘ਪੰਚਅੰਮ੍ਰਿਤ’ ਦੇ ਤਹਿਤ, ਭਾਰਤ ਨੇ 2030 ਤੱਕ ਆਪਣੀ ਗੈਰ-ਜੀਵਾਸ਼ਮ ਊਰਜਾ ਸਮਰੱਥਾ ਨੂੰ 500 ਮੈਗਾਵਾਟ ਤੱਕ ਵਧਾਉਣ ਅਤੇ ਨਵਿਆਉਣਯੋਗ ਊਰਜਾ ਤੋਂ ਆਪਣੀਆਂ ਕੁੱਲ ਊਰਜਾ ਜ਼ਰੂਰਤਾਂ ਦਾ 50 ਪ੍ਰਤੀਸ਼ਤ ਪੂਰਾ ਕਰਨ ਦਾ ਇੱਕ ਵੱਡਾ ਟੀਚਾ ਰੱਖਿਆ ਹੈ। ਆਈ 500 ਤਾਜ਼ਾ ਅੰਕੜਿਆਂ ਅਨੁਸਾਰ, ਭਾਰਤ ਦੀ ਕੁੱਲ ਸਥਾਪਿਤ ਸਮਰੱਥਾ ਲਗਭਗ 485 ਗੀਗਾਵਾਟ ਨੂੰ ਪਾਰ ਕਰ ਗਈ ਹੈ, ਜਿਸ ਵਿੱਚੋਂ 243 ਗੀਗਾਵਾਟ ਤੋਂ ਵੱਧ ਗੈਰ-ਨਵਿਆਉਣਯੋਗ ਜੈਵਿਕ ਸਰੋਤਾਂ ਤੋਂ ਆਉਂਦੀ ਹੈ। ਇਹ ਸਪੱਸ਼ਟ ਤੌਰ ’ਤੇ ਪੰਜਾਹ-ਪੰਜਾਹ ਪ੍ਰਤੀਸ਼ਤ ਦੇ ਅੰਕੜੇ ਨੂੰ ਪਾਰ ਕਰਦਾ ਹੈ। ਦੇਸ਼ ਦੀਆਂ ਹਰੀ ਊਰਜਾ ਪ੍ਰਾਪਤੀਆਂ ਵਿੱਚ ਸੂਰਜੀ ਊਰਜਾ ਨੇ ਕੇਂਦਰੀ ਭੂਮਿਕਾ ਨਿਭਾਈ ਹੈ। ਦੇਸ਼ ਦੀ ਸੂਰਜੀ ਸਮਰੱਥਾ ਪਿਛਲੇ ਦਸ ਸਾਲਾਂ ਵਿੱਚ ਅਸਾਧਾਰਨ ਤੌਰ ’ਤੇ ਵਧੀ ਹੈ, ਮਾਰਚ 2014 ਵਿੱਚ 2.63 ਗੀਗਾਵਾਟ ਤੋਂ ਜੁਲਾਈ 2025 ਤੱਕ 119.02 ਗੀਗਾਵਾਟ ਹੋ ਗਈ ਹੈ। ਇਸ ਸਫਲਤਾ ਦੇ ਪਿੱਛੇ ਕਈ ਕਾਰਕ ਹਨ। ਸਰਕਾਰ ਨੇ ‘ਅਲਟਰਾ ‘ਮੈਗਾ ਸੋਲਰ ਪਾਵਰ ਪਾਰਕਾਂ’ ਦੀ ਸਥਾਪਨਾ ਨੂੰ ਉਤਸ਼ਾਹਿਤ ਕੀਤਾ। ਰਾਜਸਥਾਨ ਵਿੱਚ ਭਾਡਲਾ ਸੋਲਰ ਪਾਰਕ (2,245 ਮੈਗਾਵਾਟ) ਅਤੇ ਕਰਨਾਟਕ ਵਿੱਚ ਪਾਵਾਗੜਾ ਸੋਲਰ ਪਾਰਕ (2,050 ਮੈਗਾਵਾਟ) ਦੁਨੀਆ ਦੇ ਸਭ ਤੋਂ ਵੱਡੇ ਸੋਲਰ ਪਾਰਕਾਂ ਵਿੱਚੋਂ ਇੱਕ ਹਨ। ਇਸੇ ਤਰ੍ਹਾਂ, ਊਰਜਾ ਉਤਪਾਦਨ ਲਈ ‘ਪ੍ਰਧਾਨ ਮੰਤਰੀ ਸੂਰਜ ਘਰ: ਮੁਫ਼ਤ ਬਿਜਲੀ ਯੋਜਨਾ’ ਲਾਗੂ ਕੀਤੀ ਜਾ ਰਹੀ ਹੈ। ਇਹ ਵਿਕੇਂਦਰੀਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸਦਾ ਟੀਚਾ 10 ਮਿਲੀਅਨ ਘਰਾਂ ਦੀਆਂ ਛੱਤਾਂ ’ਤੇ ਸੂਰਜੀ ਊਰਜਾ ਪਲਾਂਟ ਲਗਾਉਣਾ ਹੈ। ਇਸ ਨਾਲ ਪਰਿਵਾਰਾਂ ਨੂੰ 300 ਯੂਨਿਟ ਤੱਕ ਮੁਫ਼ਤ ਜਾਂ ਸਬਸਿਡੀ ਵਾਲੀ ਬਿਜਲੀ ਮਿਲੇਗੀ ਅਤੇ ਉਹ ਵਾਧੂ ਬਿਜਲੀ ਨੂੰ ਗਰਿੱਡ ਨੂੰ ਵੇਚ ਕੇ ਆਮਦਨ ਵੀ ਕਮਾ ਸਕਣਗੇ। ਇਹ ਯੋਜਨਾ ਨਾ ਸਿਰਫ਼ ਊਰਜਾ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰੇਗੀ ਬਲਕਿ ਸੂਰਜੀ ਊਰਜਾ ਨੂੰ ਇੱਕ ਜਨ ਅੰਦੋਲਨ ਬਣਾਉਣ ਵਿੱਚ ਵੀ ਮਦਦ ਕਰੇਗੀ। ਵਿਸ਼ਵ ਪੱਧਰ ’ਤੇ ਤਕਨਾਲੋਜੀ ਵਿੱਚ ਤਰੱਕੀ ਅਤੇ ਵੱਡੇ ਪੱਧਰ ’ਤੇ ਉਤਪਾਦਨ ਨੇ ਸੂਰਜੀ ਪਲਾਂਟਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਲਿਆਂਦੀ ਹੈ। ਪ੍ਰਧਾਨ ਮੰਤਰੀ ਕੁਸੁਮ ਯੋਜਨਾ ਦਾ ਉਦੇਸ਼ ਦੇਸ਼ ਦੇ ਖੇਤੀਬਾੜੀ ਖੇਤਰ ਨੂੰ ਊਰਜਾ ਸੁਰੱਖਿਆ ਪ੍ਰਦਾਨ ਕਰਨਾ ਹੈ। ਇਸ ਯੋਜਨਾ ਦੇ ਤਹਿਤ, ਕਿਸਾਨਾਂ ਨੂੰ ਸੂਰਜੀ ਊਰਜਾ ਪ੍ਰਦਾਨ ਕੀਤੀ ਜਾਵੇਗੀ। ਆਪਣੀ ਬੰਜਰ ਜ਼ਮੀਨ ’ਤੇ ਪੰਪ ਲਗਾ ਕੇ ਅਤੇ ਸੂਰਜੀ ਊਰਜਾ ਪਲਾਂਟ ਲਗਾ ਕੇ ਵਾਧੂ ਬਿਜਲੀ ਵੇਚਣ ਲਈ ਸਬਸਿਡੀਆਂ ਅਤੇ ਪ੍ਰੋਤਸਾਹਨ ਦਿੱਤੇ ਜਾ ਰਹੇ ਹਨ। ਹਵਾ ਬਿਹਤਰ ਇਸ ਦੌਰਾਨ, ਭਾਰਤ ਦੀ ਸਵੈ-ਨਿਰਭਰਤਾ ਵਿੱਚ ਹਵਾ ਊਰਜਾ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਤਾਮਿਲਨਾਡੂ, ਗੁਜਰਾਤ, ਕਰਨਾਟਕ ਅਤੇ ਮਹਾਰਾਸ਼ਟਰ ਵਰਗੇ ਲੰਬੇ ਤੱਟਵਰਤੀ ਰਾਜਾਂ ਨੇ ਹਵਾ ਊਰਜਾ ਸਮਰੱਥਾ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਰਕਾਰ ਹੁਣ ਸਮੁੰਦਰੀ ਕੰਢੇ ਦੀ ਹਵਾ ਊਰਜਾ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਇਸ ਵਿੱਚ ਸਮੁੰਦਰ ਵਿੱਚ ਹਵਾ ਟਰਬਾਈਨਾਂ ਲਗਾਉਣਾ ਸ਼ਾਮਲ ਹੈ, ਜਿੱਥੇ ਹਵਾ ਦੀ ਗਤੀ ਵਧੇਰੇ ਸਥਿਰ ਅਤੇ ਸ਼ਕਤੀਸ਼ਾਲੀ ਹੁੰਦੀ ਹੈ, ਜਿਸ ਨਾਲ ਬਿਜਲੀ ਉਤਪਾਦਨ ਸਮਰੱਥਾ ਵਿੱਚ ਕਾਫ਼ੀ ਵਾਧਾ ਹੁੰਦਾ ਹੈ। ਗੁਜਰਾਤ ਅਤੇ ਤਾਮਿਲਨਾਡੂ ਦੇ ਤੱਟਾਂ ਤੋਂ ਦੂਰ ਵੱਡੇ ਸਮੁੰਦਰੀ ਕੰਢੇ ਊਰਜਾ ਫਾਰਮ ਵਿਕਸਤ ਕਰਨ ਦੀਆਂ ਯੋਜਨਾਵਾਂ ਚੱਲ ਰਹੀਆਂ ਹਨ। ਹਵਾ-ਸੂਰਜੀ ਹਾਈਬ੍ਰਿਡ ਪ੍ਰੋਜੈਕਟ ਵੀ ਇੱਕ ਨਵੀਂ ਪਹਿਲਕਦਮੀ ਹਨ, ਜੋ ਇੱਕ ਸਥਾਨ ’ਤੇ ਦੋਵਾਂ ਤਕਨਾਲੋਜੀਆਂ ਦੀ ਵਰਤੋਂ ਕਰਕੇ ਜ਼ਮੀਨ ਅਤੇ ਪ੍ਰਸਾਰਣ ਬੁਨਿਆਦੀ ਢਾਂਚੇ ਦੀ ਵਰਤੋਂ ਕਰਨ ਦੀ ਸੰਭਾਵਨਾ ਦੀ ਪੇਸ਼ਕਸ਼ ਕਰਦੇ ਹਨ। ਪਣ-ਬਿਜਲੀ ਅਤੇ ਪ੍ਰਮਾਣੂ ਊਰਜਾ ਵੀ ਦੇਸ਼ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਸਰੋਤ ਪਾਵਰ ਗਰਿੱਡ ਨੂੰ ਸੰਤੁਲਿਤ ਕਰਨ ਅਤੇ ਮੰਗ ਨੂੰ ਪੂਰਾ ਕਰਨ ਲਈ ਜ਼ਰੂਰੀ ਹਨ। ਸਰਕਾਰ ਨੇ 25 ਮੈਗਾਵਾਟ ਤੋਂ ਵੱਧ ਦੇ ਵੱਡੇ ਪਣ-ਬਿਜਲੀ ਪ੍ਰੋਜੈਕਟਾਂ ਨੂੰ ਨਵਿਆਉਣਯੋਗ ਊਰਜਾ ਦਾ ਦਰਜਾ ਦਿੱਤਾ ਹੈ, ਉਹਨਾਂ ਨੂੰ ਵਿੱਤੀ ਪ੍ਰੋਤਸਾਹਨ ਪ੍ਰਦਾਨ ਕੀਤਾ ਹੈ। ਇਸ ਤੋਂ ਇਲਾਵਾ, ਭਾਰਤ ਦਾ ਸਵਦੇਸ਼ੀ ਪ੍ਰਮਾਣੂ ਊਰਜਾ ਪ੍ਰੋਗਰਾਮ ਸਾਫ਼ ਊਰਜਾ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਸਰਕਾਰ ਹੁਣ ਇੱਕੋ ਸਮੇਂ ਕਈ ਪ੍ਰਮਾਣੂ ਰਿਐਕਟਰ ਬਣਾ ਰਹੀ ਹੈ।

ਇਸ ਤੋਂ ਇਲਾਵਾ, ਭਾਰਤ ਦਾ ਸਵਦੇਸ਼ੀ ਪਰਮਾਣੂ ਊਰਜਾ ਪ੍ਰੋਗਰਾਮ ਸਾਫ਼ ਊਰਜਾ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਸਰਕਾਰ ਹੁਣ ਸਮਰੱਥਾ ਵਿਸਥਾਰ ਨੂੰ ਤੇਜ਼ ਕਰਨ ਲਈ ਇੱਕੋ ਸਮੇਂ ਕਈ ਪਰਮਾਣੂ ਰਿਐਕਟਰਾਂ ਦੇ ਨਿਰਮਾਣ ਨੂੰ ਮਨਜ਼ੂਰੀ ਦੇ ਰਹੀ ਹੈ। ਕੋਲੇ ਅਤੇ ਤੇਲ ਦੀ ਦਰਾਮਦ ’ਤੇ ਨਿਰਭਰਤਾ ਘਟਾਉਣ ਨਾਲ ਭਾਰਤ ਦੀ ਊਰਜਾ ਸੁਰੱਖਿਆ ਮਜ਼ਬੂਤ ਹੋ ਰਹੀ ਹੈ। ਜੈਵਿਕ ਬਾਲਣ ਦੀ ਵਰਤੋਂ ਨੂੰ ਘਟਾਉਣ ਨਾਲ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਸਿੱਧਾ ਘਟਾਇਆ ਜਾ ਰਿਹਾ ਹੈ, ਜੋ 2070 ਤੱਕ ਸ਼ੁੱਧ-ਜ਼ੀਰੋ ਕਾਰਬਨ ਨਿਕਾਸ ਨੂੰ ਪ੍ਰਾਪਤ ਕਰਨ ਦੇ ਭਾਰਤ ਦੇ ਲੰਬੇ ਸਮੇਂ ਦੇ ਟੀਚੇ ਨੂੰ ਮਜ਼ਬੂਤੀ ਨਾਲ ਅੱਗੇ ਵਧਾਏਗਾ। ਕੋਲਾ ਜਲਾਉਣ ਤੋਂ ਹਵਾ ਪ੍ਰਦੂਸ਼ਣ ਵਿੱਚ ਕਮੀ ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰੇਗੀ, ਜਿਸ ਨਾਲ ਸਾਹ ਦੀਆਂ ਬਿਮਾਰੀਆਂ ਵਿੱਚ ਕਮੀ ਆਵੇਗੀ। ਸਮੇਂ ਤੋਂ ਪਹਿਲਾਂ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਕੇ, ਭਾਰਤ ਨੇ ਜਲਵਾਯੂ ਪਰਿਵਰਤਨ ਵਿਰੁੱਧ ਲੜਾਈ ਵਿੱਚ ਆਪਣੇ ਆਪ ਨੂੰ ਇੱਕ ਜ਼ਿੰਮੇਵਾਰ ਅਤੇ ਮੋਹਰੀ ਦੇਸ਼ ਵਜੋਂ ਸਥਾਪਿਤ ਕੀਤਾ ਹੈ। ਇਹ ਪ੍ਰਾਪਤੀ ਸ਼ਾਨਦਾਰ ਹੈ, ਪਰ ਇਹ ਯਾਤਰਾ ਦਾ ਅੰਤ ਨਹੀਂ ਹੈ, ਸਗੋਂ ਇੱਕ ਮੀਲ ਪੱਥਰ ਹੈ। 2030 ਤੱਕ 500 ਗੀਗਾਵਾਟ ਦੇ ਉੱਚੇ ਟੀਚੇ ਤੱਕ ਪਹੁੰਚਣ ਲਈ ਅਜੇ ਵੀ ਬਹੁਤ ਸਾਰੀਆਂ ਚੁਣੌਤੀਆਂ ਨੂੰ ਪਾਰ ਕਰਨ ਦੀ ਲੋੜ ਹੈ। ਨਵਿਆਉਣਯੋਗ ਊਰਜਾ ਦੀ ਅਸਥਿਰ ਪ੍ਰਕਿਰਤੀ ਨੂੰ ਸੰਭਾਲਣ ਲਈ ਇੱਕ ਆਧੁਨਿਕ ਅਤੇ ਲਚਕੀਲਾ ਗਰਿੱਡ ਦੀ ਲੋੜ ਹੈ। ਇਸ ਲਈ ਟਰਾਂਸਮਿਸ਼ਨ ਲਾਈਨ ਦੇ ਵਿਸਥਾਰ, ਉੱਨਤ ਭਵਿੱਖਬਾਣੀ ਪ੍ਰਣਾਲੀਆਂ ਅਤੇ ਸਵੈਚਾਲਿਤ ਗਰਿੱਡ ਪ੍ਰਬੰਧਨ ਪ੍ਰਣਾਲੀਆਂ ਵਿੱਚ ਮਹੱਤਵਪੂਰਨ ਨਿਵੇਸ਼ ਦੀ ਲੋੜ ਹੋਵੇਗੀ। ਬੰਜਰ ਜ਼ਮੀਨ, ਨਹਿਰਾਂ ਅਤੇ ਜਲ ਭੰਡਾਰਾਂ ’ਤੇ ਤੈਰਦੇ ਸੂਰਜੀ ਪਲਾਂਟਾਂ ਵਰਗੇ ਨਵੀਨਤਾਕਾਰੀ ਹੱਲਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਖੇਤੀਬਾੜੀ ਜ਼ਮੀਨ ਅਤੇ ਵਾਤਾਵਰਣ ਪੱਖੋਂ ਸੰਵੇਦਨਸ਼ੀਲ ਖੇਤਰਾਂ ’ਤੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ। ਇਸ ਨੂੰ ਪ੍ਰਾਪਤ ਕਰਨ ਲਈ, ਸਰਕਾਰ ਨੂੰ ਇੱਕ ਸਥਿਰ ਅਤੇ ਆਕਰਸ਼ਕ ਨੀਤੀਗਤ ਢਾਂਚਾ ਬਣਾਈ ਰੱਖਣਾ ਚਾਹੀਦਾ ਹੈ ਅਤੇ ਹਰੇ ਬਾਂਡ ਵਰਗੇ ਨਵੀਨਤਾਕਾਰੀ ਵਿੱਤੀ ਸਾਧਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।



ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

# ‘ਕਾਨੂੰਨ ਦੇ ਬਾਵਜੂਦ’ ਕੱਚੀ ਉਮਰ ਦੇ ਲੜਕੇ-ਲੜਕੀਆਂ ਦੇ ਵਿਆਹ ਜਾਰੀ !

ਸਦੀਆਂ ਤੋਂ ਚੱਲੀ ਆ ਰਹੀ ਬਾਲ ਵਿਆਹ ਦੀ ਕੁਰੀਤੀ ਤੋਂ ਭਾਰਤ ਅੱਜ 21ਵੀਂ ਸਦੀ ’ਚ ਵੀ ਮੁਕਤ ਨਹੀਂ ਹੋ ਸਕਿਆ ਹੈ। ਦੇਸ਼ ’ਚ ਬਾਲ ਵਿਆਹ ਰੋਕਣ ਲਈ ਸਖਤ ਕਾਨੂੰਨ ਹੋਣ ਦੇ ਬਾਵਜੂਦ ਦੁਨੀਆ ਦੇ ਇਕ ਤਿਹਾਈ ਬਾਲ ਵਿਆਹ ਭਾਰਤ ’ਚ ਹੁੰਦੇ ਹਨ।

ਬਾਲ ਵਿਆਹ ਬੱਚਿਆਂ ਦਾ ਭਵਿੱਖ ਚਾਰ ਤਰ੍ਹਾਂ ਨਾਲ ਬਰਬਾਦ ਕਰਦੇ ਹਨ। ਇਹ ਬੱਚਿਆਂ ਨੂੰ ਸਿੱਖਿਆ ਤੋਂ ਵਾਂਝੇ ਕਰਦੇ ਹਨ, ਸਮੇਂ ਤੋਂ ਪਹਿਲਾਂ ਗਰਭਧਾਰਨ ਨਾਲ ਲੜਕੀਆਂ ਅਤੇ ਬੱਚਿਆਂ ਦੀ ਜ਼ਿੰਦਗੀ ਖਤਰੇ ’ਚ ਪੈਂਦੀ ਹੈ, ਬਚਪਨ ’ਚ ਵਿਆਹ ਕਰਨ ਵਾਲੀਆਂ ਲੜਕੀਆਂ ਦੇ ਘਰੇਲੂ ਹਿੰਸਾ ਦੀ ਸ਼ਿਕਾਰ ਹੋਣ ਦਾ ਖਤਰਾ ਵਧ ਹੁੰਦਾ ਹੈ ਅਤੇ ਬਾਲਿਕਾ ਨੂੰਹਾਂ ਦੀ ਮਾਨਸਿਕ ਸਥਿਤੀ ਖਰਾਬ ਹੋ ਸਕਦੀ ਹੈ।

ਪਿਛਲੇ 3 ਸਾਲਾਂ ’ਚ ਬਾਲ ਵਿਆਹਾਂ ’ਚ ਅਚਾਨਕ ਵੱਡਾ ਵਾਧਾ ਦਰਜ ਕੀਤਾ ?ਗਿਆ ਹੈ। ‘ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ’ ਦੇ ਅਨੁਸਾਰ ਸਾਲ 2023 ’ਚ ਬਾਲ ਵਿਆਹਾਂ ਲਈ 16,737 ਲੜਕੀਆਂ ਨੂੰ ਅਗਵਾ ਕੀਤਾ ਗਿਆ।

2023 ’ਚ 2022 ਦੀ ਤੁਲਨਾ ’ਚ 6 ਗੁਣਾ ਵੱਧ 6038 ਮਾਮਲੇ ਦਰਜ ਕੀਤੇ ਗਏ। 2023 ’ਚ ਬਾਲ ਵਿਆਹ ਦੇ ਸਭ ਤੋਂ ਵੱਧ (5267) ਮਾਮਲੇ ਆਸਾਮ ’ਚ ਦਰਜ ਕੀਤੇ ਗਏ ਜੋ ਪੂਰੇ ਦੇਸ਼ ’ਚ ਦਰਜ ਬਾਲ ਵਿਆਹ ਦੇ ਕੁੱਲ ਮਾਮਲਿਆਂ ਦੇ ਲਗਭਗ 90 ਫੀਸਦੀ ਹਨ।

‘ਬਾਲ ਵਿਆਹ ਰੋਕਥਾਮ ਕਾਨੂੰਨ’ ਦੇ ਅਧੀਨ ਲੜਕੀ ਦੀ ਵਿਆਹ ਦੀ ਉਮਰ 18 ਸਾਲ ਅਤੇ ਲੜਕੇ ਦੀ 21 ਸਾਲ ਹੈ। ‘ਬਾਲ ਵਿਆਹ’ ’ਤੇ 2 ਸਾਲ ਤੱਕ ਦੀ ਸਜ਼ਾ ਦੀ ਵਿਵਸਥਾ ਹੈ, ਇਹ ਅਪਰਾਧ ਗੈਰ-ਜ਼ਮਾਨਤੀ ਹੈ।

ਬਾਲ ਵਿਆਹ ਦੇ ਵਿਰੁੱਧ ਕਾਨੂੰਨ ਹੋਣ ਦੇ ਬਾਵਜੂਦ ਜ਼ਮੀਨੀ ਪੱਧਰ ’ਤੇ ਅਜੇ ਵੀ ਲੋਕਾਂ ’ਚ ਜਾਗਰੂਕਤਾ ਲਿਆਉਣ ਦੀ ਲੋੜ ਹੈ। ਵਿਕਸਤ ਭਾਰਤ ਦੇ ਨਿਰਮਾਣ ਲਈ ਹੋਰਨਾਂ ਗੱਲਾਂ ਦੇ ਇਲਾਵਾ ਬਾਲ ਵਿਆਹ ਰੋਕਣਾ ਵੀ ਜ਼ਰੂਰੀ ਹੈ।



Dosanjh Family
AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
FREMONT CHEVROLET
CONCORD CHEVROLET

DUBLIN CADILLAC
FREMONT CADILLAC
ACURA OF CONCORD

DUBLIN BUICK GMC
FREMONT BUICK GMC
CONCORD NISSAN

DUBLIN KIA
STEVENS CREEK CHEVROLET
LIVERMORE TOYOTA

DUBLIN NISSAN
STEVENS CREEK CADILLAC
FREMONT FORD

DUBLIN INFINITI
FREMONT HYUNDAI